# ਵਰਿਆਮ

ਸਤੰਬਰ-੨੦੧੯

੪੧ਵਾਂ ਸਾਲ




Namdhari Elibrary NamdhariElibrary@gmail.com



ਸ੍ਰੀ ਸਤਿਗੁਰੂ ਉਦੈ ਸਿੰਘ ਜੀ ਦੇ ਕੈਨੇਡਾ ਦੌਰੇ ਦੌਰਾਨ ਸ੍ਰੀ ਸਤਿਗੁਰੂ ਜੀ ਦੇ ਪਰਮ ਸਨੇਹੀ ਅਤੇ ਸ਼ਰਧਾਲੂ ਤੇ ਵਰਿਆਮ ਪਰਿਵਾਰ ਦੇ ਅਭਿੰਨ ਅੰਗ ਉੱਘੇ ਲੇਖਕ ਡਾ. ਵਰਿਆਮ ਸਿੰਘ ਸੰਧੂ ਸ੍ਰੀ ਸਤਿਗੁਰੂ ਜੀ ਪਾਸੋਂ ਬਖਸ਼ਸ਼ਾਂ ਪ੍ਰਾਪਤ ਕਰਦੇ ਹੋਏ



ਸ. ਗਿਆਨ ਸਿੰਘ ਸਪੁੱਤਰ ਸ. ਗੁਰਮੀਤ ਸਿੰਘ ਕੈਨੇਡਾ ਦਾ ਸ਼ੁੱਭ ਅਨੰਦ ਕਾਰਜ 10 ਅਗਸਤ 2016 ਨੂੰ ਸ੍ਰੀ ਸਤਿਗੁਰੂ ਉਦੈ ਸਿੰਘ ਜੀ ਦੀ ਪਾਵਨ ਹਜ਼ੂਰੀ ਵਿਚ ਰਾਜਬੀਰ ਕੌਰ ਸਪੁਤਰੀ ਸ. ਸ਼ਰਨਜੀਤ ਸਿੰਘ ਦਿੱਲੀ ਨਾਲ ਸ੍ਰੀ ਭੈਣੀ ਸਾਹਿਬ ਵਿਖੇ ਹੋਇਆ

## ਬੱਲੇ ਨੀ ਭਾਰਤ ਦੀਓ ਸ਼ੇਰ ਬੱਚੀਓ... ਮੁਬਾਰਕਾਂ-ਮੁਬਾਰਕਾਂ



ਪੀ.ਵੀ. ਸਿੰਧੂ ਚਾਂਦੀ ਦਾ ਤਗਮਾ, ਬੈਡਮਿੰਟਨ ਰਿਓ ਓਲੰਪਿਕ 2016



ਸਾਕਸ਼ੀ ਮਲਿਕ, ਤਾਂਬੇ ਦਾ ਤਗਮਾ, ਕੁਸ਼ਤੀ (ਰਿਓ ਓਲੰਪਿਕ 2016)

Namdhari Elibrary NamdhariElibrary@gmail.com

# ਵਰਿਆਮ

ਸਤੰਬਰ - ੨੦੧੬
ਜਿਲਦ-੪੧
ਅੰਕ- ੧੧


ਸੰਪਾਦਕ
ਜਗਦੀਸ਼ ਸਿੰਘ 'ਵਰਿਆਮ'
ਸ਼੍ਰੋਮਣੀ ਪੰਜਾਬੀ ਸਾਹਿਤਕ ਪੱਤਰਕਾਰ
ਮੋਬ.- 98143-18720

ਮੈਨੇਜਰ : ਡਾ. ਰਜਵੰਤ ਕੌਰ
ਮੋਬਾਇਲ : 98786-16996

| ਦਫਤਰ ਦਾ ਪਤਾ: | Office Address : |
|---|---|
| ਮਾਸਿਕ ਵਰਿਆਮ | Monthly WARIAM |
| ਲਾਡੋਵਾਲੀ ਰੋਡ | |
| (ਸਾਹਮਣੇ ਸੈਂਟਰਲ ਟਾਊਨ) | Ladowali Road. |
| ਜਲੰਧਰ- ੧੪੪੦੦੧ | Opp. Central Town, |
| | Jalandhar-144001 |
| ਫੋਨ-:੦੧੮੧- ੨੨੨੨੫੪੩ | Ph. :0181-2222543 (O) |
| ਘਰ: ੦੧੮੧-੨੪੫੬੨੮੯ | 0181-2456289 (R) |


## ਵਰਿਆਮ ਦੇ ਦਰ

| | |
|---|---|
| ਇਹ ਅੰਕ | ੨੫-੦੦ |
| ਸਲਾਨਾ ਚੰਦਾ | ੨੫੦-੦੦ |
| ਪੰਜ ਸਾਲ ਲਈ | ੧੦੦੦-੦੦ |
| ਜੀਵਨ ਮੈਂਬਰ | ੨੫੦੦-੦੦ |
| ਵਿਦੇਸ਼ ਲਈ | ੩੦ ਪੌਂਡ ਜਾਂ ੪੦ ਡਾਲਰ ਅਮਰੀਕੀ |
| ਹਵਾਈ ਡਾਕ ਰਾਹੀਂ | (ਸਾਲਾਨਾ) |

ਚੈਕ ਡਰਾਫਟ ਕੇਵਲ Wariam ਦੇ ਨਾਂਅ ਤੇ ਹੀ ਭੇਜੇ ਜਾਣ

## ਵਰਿਆਮ ਸਕੂਲਾਂ ਕਾਲਜਾਂ ਲਈ ਪਰਵਾਨ

'ਵਰਿਆਮ' ਨਿਰਦੇਸ਼ਕ ਸਿਖਿਆ ਵਿਭਾਗ ਪੰਜਾਬ, ਚੰਡੀਗੜ੍ਹ ਦੇ ਪੱਤਰ ਨੰਬਰ ੩-੧-੭੭ ਐਡੀਟਰਜ਼, ਮਿਤੀ ੩-੩-੭੭ ਰਾਹੀਂ ਪੰਜਾਬ ਪੰਜਾਬ ਭਰ ਦੇ ਸਕੂਲਾਂ, ਕਾਲਜਾਂ ਤੇ ਲਾਇਬ੍ਰੇਰੀਆਂ ਲਈ ਪ੍ਰਵਾਨ ਹੈ।

## ਤਤਕਰਾ


ਮੜ੍ਹੀ ਦਾ ਦੀਵਾ ਬੁੱਝ ਗਿਆ —*ਤਾਰਾ ਸਿੰਘ ਅਨਜਾਣ* ....੨
ਸ਼ਰਧਾਂਜਲੀ ਸਮਾਗਮ ਵੀ ਅਨੰਦ ਕਾਰਜ ਵੀ
—*ਜਗਦੀਸ਼ ਸਿੰਘ* ....੩
ਸੋ ਕਿਉ ਮੰਦਾ ਆਖੀਐ...... —*ਡਾ. ਨਿਧੀ ਜੈਨ* ....੮
ਭਾਰਤੀ ਕੁੜੀਆਂ ਦਾ ਸ਼ਾਨਦਾਰ ਪ੍ਰਦਰਸ਼ਨ
—*ਡਾ : ਰਜਵੰਤ ਕੌਰ* ....੧੦
ਬਾਲ-ਸਖਾ ਭਾਈ ਲਹਿਣਾ ਸਿੰਘ —*ਸੁਵਰਨ ਸਿੰਘ ਵਿਰਕ*.੧੧
'ਮੁੰਡਿਆਂ ਚ ਤੇਲ ਪਾਈ ਰੱਖਣਾ ਜ਼ਰੂਰੀ ਹੈ!
—*ਵਰਿਆਮ ਸਿੰਘ ਸੰਧੂ* ....੨੩
ਮਰਦਾਂ ਦੀ ਕਮਜ਼ੋਰੀ ਦੇ ਕਾਰਣ
—*ਡਾ. ਹਰਸ਼ਿੰਦਰ ਕੌਰ, ਐਮ. ਡੀ.* ....੨੭
ਮੁਹੱਬਤੀ ਸ਼ਾਇਰ ਸੁਰਜੀਤ ਰਾਮਪੁਰੀ
—*ਡਾ. ਐਸ. ਤਰਸੇਮ* ....੨੯
ਦਰਦ ਭਰੀ ਦਾਸਤਾਂ —*ਭੁਪਿੰਦਰ ਉਸਤਾਦ* ....੩੩
ਬਿਨਾਂ ਸੋਚੇ-ਸਮਝੇ — *ਪੇਸ਼ਕਸ਼ ਮਾਧੋਪੁਰੀ* ....੩੬
ਗ਼ਜ਼ਲ —*ਚਰਨ ਸੀਚੇਵਾਲਵੀ* ....੩੭
ਹਿਰਦੇ ਸਮਰਾਟ ਸਤਿਗੁਰੂ —*ਪ੍ਰੋ. ਜੋਗਿੰਦਰ ਸਿੰਘ ਕੰਗ* ....੩੭
ਦਿਲ ਦੀਆਂ ਗੱਲਾਂ -*ਬਲਦੇਵ ਮਾਧੋਪੁਰੀ* ....੩੮
ਚਿੱਠੀਆਂ ਲਿਖ ਸਜਣਾਂ ਨੇ ਪਾਈਆਂ
—*ਗੁਰਬਚਨ ਸਿੰਘ ਭੁੱਲਰ* ....੩੯
ਆਜ਼ਾਦੀ ਦੇ 70 ਸਾਲ —*ਮਹਿੰਦਰ ਸਿੰਘ ਧੰਜਲ* ....੪੦
ਸਾਕਾ ਕਾਮਾਗਾਟਾ ਮਾਰੂ
—*(ਕ੍ਰਿਤ ਪ੍ਰੋ. ਮਲਵਿੰਦਰ ਜੀਤ ਸਿੰਘ ਵੜੈਚ)* ....੪੨
ਖ਼ਬਰਨਾਮਾ ....੪੫



**WARIAM** Current A/C No.
071300 5500 288 342
RTGS/NEFT IFS CODE : PUNB0071300
Punjab National Bank Central Town Jal. City
ਈ-ਮੇਲ ਪਤਾ :
jagdishsinghwariam@gmail.com
drrajwant@gmail.com





Namdhari Elibrary NamdhariElibrary@gmail.com

ਸੰਪਾਦਕੀ

# ਮੜ੍ਹੀ ਦਾ ਦੀਵਾ ਬੁੱਝ ਗਿਆ

ਪ੍ਰਸਿਧ ਪੰਜਾਬੀ ਨਾਵਲਕਾਰ ਗੁਰਦਿਆਲ ਸਿੰਘ 16 ਅਗਸਤ 2016 ਨੂੰ ਪ੍ਰਲੋਕ ਗਵਨ ਕਰ ਗਿਆ। ਉਸ ਦਾ ਬਾਲਿਆ ਮੜ੍ਹੀ ਦਾ ਦੀਵਾ ਬੁੱਝ ਗਿਆ। ਇਸੇ ਦੀਵੇ ਨਾਵਲ ਨੇ ਉਸ ਨੂੰ ਵਿਸ਼ਵ ਭਰ ਵਿੱਚ ਰੋਸ਼ਨ ਕਰਨ ਵਿੱਚ ਮਹਤਵਪੂਰਨ ਹਿੱਸਾ ਪਾਇਆ। ਹਾਲਾਂ ਕਿ ਉਸ ਤੋਂ ਪਹਿਲਾਂ ਉਸ ਦੇ ਕੁਝ ਕਹਾਣੀ ਸੰਗ੍ਰਹਿ ਪ੍ਰਕਾਸ਼ਤ ਹੋ ਚੁੱਕੇ ਸਨ। ਉਸ ਦੀ ਪਹਿਲੀ ਕਹਾਣੀ ਭਾਗਾਂ ਵਾਲੇ ਤਾਂ 1957 ਵਿੱਚ ਹੀ ਪੰਜ ਦਰਿਆ ਵਿੱਚ ਛੱਪ ਚੁੱਕੀ ਸੀ। 1964 ਵਿੱਚ ਮੜ੍ਹੀ ਦਾ ਦੀਵਾ ਬਾਲਣ ਵਾਲਾ ਨਾਵਲਕਾਰ ਏਨਾ ਪੱਕਾ ਪੀਢਾ ਆਮ ਲੋਕਾਂ ਦੀ ਭਾਵਨਾ ਪ੍ਰਗਟ ਕਰਨ ਵਾਲਾ ਲੇਖਕ ਬਣ ਗਿਆ ਕਿ ਉਸ ਨੂੰ ਉਸ ਦੀਆਂ ਸਾਹਿਤਕ ਕਿਰਤਾਂ ਕਰਕੇ ਸਨਮਾਨਿਆ ਜਾਣ ਲਗਾ। ਸਾਹਿਤ ਅਕਾਦਮੀ ਸਨਮਾਨ ਹੀ ਨਹੀਂ ਉਸ ਨੂੰ ਗਿਆਨ ਪੀਠ ਦਾ ਵਕਾਰੀ ਸਨਮਾਨ ਵੀ ਮਿਲਿਆ। ਭਾਰਤ ਸਰਕਾਰ ਨੇ ਉਸ ਨੂੰ ਪਦਮ ਸ੍ਰੀ ਵਜੋਂ ਸਨਮਾਨਿਆ। ਉਸ ਦੇ ਨਾਵਲ ਅੰਨ੍ਹੇ ਘੋੜੇ ਦਾ ਦਾਨ ਉੱਤੇ ਪੰਜਾਬੀ ਫਿਲਮ ਬਣੀ। ਇਹ ਪੰਜਾਬੀ ਫਿਲਮ ਦਰਸ਼ਕਾਂ ਨੇ ਬਹੁਤ ਪਸੰਦ ਕੀਤੀ।

ਗੁਰਦਿਆਲ ਸਿੰਘ ਦਾ ਜਨਮ 10 ਜਨਵਰੀ 1933 ਵਿੱਚ ਜੈਤੋ ਕੋਲ ਪੈਂਦੇ ਇਕ ਸਧਾਰਨ ਪਿੰਡ ਭੈਣੀ ਫਤੇ ਵਿੱਚ ਹੋਇਆ ਉਸ ਦੇ ਪਿਤਾ ਦਾ ਨਾਂ ਸ. ਜਗਤ ਸਿੰਘ ਤੇ ਮਾਤਾ ਦਾ ਨਾਂ ਨਿਹਾਲ ਕੌਰ ਹੈ। ਉਸ ਨੇ 12 ਸਾਲ ਦੀ ਉਮਰ ਵਿਚ ਹੀ ਰੋਜ਼ੀ ਰੋਟੀ ਲਈ ਆਪਣੇ ਜੱਦੀ ਪੁਸ਼ਤੀ ਤਰਖਾਣੇ ਕੰਮ ਨੂੰ ਹੱਥ ਪਾਇਆ ਪਰ ਅੰਦਰ ਗਿਆਨ ਦਾ ਦੀਵਾ ਜਗਦਾ ਸੀ। ਸੋ 1957 ਵਿੱਚ ਕਹਾਣੀ ਲਿਖੀ ਜੋ ਪੰਜ ਦਰਿਆ ਵਿਚ ਛਪੀ, ਬਾਅਦ ਵਿਚ ਉਹ ਪ੍ਰੀਤ ਲੜੀ ਵਿਚ ਵੀ ਛਪਦਾ ਰਿਹਾ। ਉਸ ਨੇ ਕੰਮ-ਧੰਦੇ ਦੇ ਨਾਲ ਪੜ੍ਹਾਈ ਵੀ ਜਾਰੀ ਰੱਖੀ ਅਤੇ ਸਕੂਲ ਕਾਲਜ ਤਕ ਦਾ ਅਧਿਐਨ ਤੇ ਅਧਿਆਪਕ ਦਾ ਸਫ਼ਰ ਕੀਤਾ। ਉਹ ਪੰਜਾਬ ਦੇ ਕਾਲਜ ਵਿਚੋਂ ਪ੍ਰੋਫੈਸਰ ਦੇ ਤੌਰ ਉਤੇ ਰਿਟਾਇਰ ਹੋਇਆ।

ਉਸ ਨੇ ਆਪਣੇ ਮਾਲਵੇ ਦੇ ਆਲੇ ਦੁਆਲੇ ਬਾਰੇ ਲਿਖਣਾ ਸ਼ੁਰੂ ਕੀਤਾ। ਪਾਠਕਾਂ ਨੂੰ ਉਹਨਾਂ ਦੀ ਭਾਸ਼ਾ, ਵਾਤਾਵਰਨ ਦੀ ਪੇਸ਼ ਕਾਰੀ, ਜਨ ਸਧਾਰਨ ਦੇ ਦੁਖ ਦਰਦ ਵਿੱਚ ਭਿੱਜ ਕੇ ਲਿਖਣ ਦੀ ਸ਼ੈਲੀ ਬਹੁਤ ਪਸੰਦ ਆਈ। ਉਹ ਮਾਲਵੇ ਦੇ ਆਮ ਆਦਮੀ ਖਾਸ ਕਰਕੇ ਪੇਂਡੂ ਦੇ ਜੀਵਨ ਦੀ ਤਰਜਮਾਨੀ ਕਰਦਾ ਰਿਹਾ। ਉਹ ਖ਼ੁਦ ਵੀ ਬੜੇ ਸਧਾਰਨ ਵਿਅਕਤੀਆਂ ਵਾਂਗ ਵਿਚਰਿਆ। ਕਿਸੇ ਵੱਡੇ ਸ਼ਹਿਰ ਵਿੱਚ ਰਹਿਣ ਦੀ ਥਾਂ ਜੈਤੋ ਹੀ ਰਿਹਾ ਆਪਣੀ ਮਿੱਟੀ ਨਾਲ ਜੁੜਿਆ ਰਿਹਾ। ਉਸ ਨੂੰ ਪਾਠਕ ਵਰਗ ਨੇ ਹੱਥਾਂ ਉੱਤੇ ਚੁੱਕ ਲਿਆ। ਕੁਝ ਸੰਸਥਾਵਾਂ ਨੇ ਉਸ ਨੂੰ ਵਕਾਰੀ ਸਨਮਾਨ ਦਿਤੇ ਜਿਵੇ ਸ਼੍ਰੋਮਣੀ ਸਾਹਿਤਕਾਰ ਸਨਮਾਨ, ਸਾਹਿਤ ਅਕਾਦਮੀ ਸਨਮਾਨ, ਸੋਵੀਅਤ ਲੈਂਡ ਨਹਿਰੂ ਅਵਾਰਡ, ਭਾਈ ਵੀਰ ਸਿੰਘ ਗਲਪ ਪੁਰਸਕਾਰ, ਪਦਮ ਸ੍ਰੀ ਤੇ ਗਿਆਨ ਪੀਠ ਅਵਾਰਡ। ਗਿਆਨ ਪੀਠ ਤਾਂ ਪੰਜਾਬੀ ਜਗਤ ਵਿੱਚ ਦੋ ਜਣਿਆਂ ਨੂੰ ਹੀ ਮਿਲਿਆ ਹੈ। ਦੂਜੀ ਅੰਮ੍ਰਿਤਾ ਪ੍ਰੀਤਮ ਸੀ।

ਗੁਰਦਿਆਲ ਸਿੰਘ ਨੂੰ ਪਤਾ ਸੀ ਕਿ ਉਹ ਕਿਸ ਲਈ ਲਿਖ ਰਿਹਾ ਹੈ। ਕਿਸ ਲਈ ਬੋਲ ਰਿਹਾ ਹੈ। ਉਸ ਨੇ ਸੰਜੀਦਾ ਨਾਵਲ ਤਾਂ ਲਿਖੇ ਹੀ, ਜਿਨ੍ਹਾਂ ਬਚਿਆਂ ਲਈ ਉਹਨਾਂ ਬਾਲ ਕਹਾਣੀਆਂ ਲਿਖੀਆ ਉਹਨਾਂ ਦੇ ਉਮਰ ਜੁੱਟ ਤੇ ਮਨੋਵਿਗਿਆਨ ਬਾਰੇ ਵੀ ਉਹ ਸੁਚੇਤ ਸੀ। ਉਸ ਦੀ ਪਹਿਲੀ ਰਚਨਾ ਬਕੱਲਮ ਖੁਦ-1960 ਵਿਚ ਛਪੀ। ਇਹ ਬਾਲ ਸਾਹਿਤ ਸੀ। ਉਸ ਦੀਆਂ ਕਹਾਣੀਆਂ, ਬਾਲ ਕਹਾਣੀਆਂ, ਨਾਟਕ, ਵਾਰਤਕ ਰਚਨਾਵਾਂ ਸਭ ਮਹਤਵਪੂਰਨ ਹਨ। ਪਰ ਉਹਨਾਂ ਦੀਆਂ ਬਹੁਚਰਚਿਤ ਰਚਨਵਾਂ ਹਨ, ਮੜ੍ਹੀ ਦਾ ਦੀਵਾ, ਅਣਹੋਏ, ਕੁਵੇਲਾ, ਅੰਨ੍ਹੇ ਘੋੜ੍ਹੇ ਦਾ ਦਾਨ, ਪਰਸਾ ਆਦਿ। ਪਰਸਾ, ਅਧ ਚਾਨਣੀ ਰਾਤ ਅਤੇ ਮੜ੍ਹੀ ਦਾ ਦੀਵਾ ਤਾਂ ਅੰਗਰੇਜ਼ੀ ਵਿਚ ਛਪੀਆਂ ਉਹਨਾਂ ਦੀਆ ਚਰਚਿਤ ਰਚਨਵਾਂ ਹਨ। ਅੰਨ੍ਹੇ ਘੋੜੇ ਦਾ ਦਾਨ ਦੀ ਪਛਾਣ ਪੰਜਾਬੀ ਫਿਲਮ ਬਣਨ ਕਰਕੇ ਵੀ ਹੋਈ।

ਗੁਰਦਿਆਲ ਸਿੰਘ 83 ਸਾਲਾਂ ਦੀ ਬਿਰਧ ਅਵਸਥਾ ਹੋਣ ਕਰਕੇ ਬਿਮਾਰੀ ਦੀ ਤਾਬ ਨਹੀ ਝੱਲ ਸਕਿਆ ਅਤੇ ਅੱਖਾਂ ਮੀਟ ਗਿਆ। ਪੰਜਾਬ ਸਰਕਾਰ ਨੇ ਉਸ ਦੇ ਜਾਣ ਦੀ ਘਾਟ ਮਹਿਸੂਸ ਕੀਤੀ ਹੈ। ਪੰਜਾਬੀ ਸਾਹਿਤ ਜਗਤ ਨੂੰ ਉਹਨਾਂ ਦੇ ਤੁਰ ਜਾਣ ਨਾਲ ਬਹੁਤ ਵੱਡਾ ਘਾਟਾ ਪਿਆ ਹੈ। ਅਦਾਰਾ ਵਰਿਆਮ ਪਰਿਵਾਰ ਸਾਹਿਤ ਜਗਤ ਦੇ ਇਸ ਦੁੱਖ ਵਿਚ ਸ਼ਰੀਕ ਹੈ।

—ਤਾਰਾ ਸਿੰਘ ਅਨਜਾਣ


Namdhari Elibrary NamdhariElibrary@gmail.com

ਵਰਿਆਮ ਦੇ ਖ਼ਜ਼ਾਨੇ ਵਿੱਚੋਂ

# ਸ਼ਰਧਾਂਜਲੀ ਸਮਾਗਮ ਵੀ ਅਨੰਦ ਕਾਰਜ ਵੀ



—ਜਗਦੀਸ਼ ਸਿੰਘ

ਮੇਰਾ ਵਿਆਹ ਕੋਈ ਖ਼ਾਸ ਘਟਨਾ ਨਹੀਂ ਸੀ। ਨਾ ਹੀ ਇਸ ਵਾਸਤੇ ਮੈਂ ਤਿਆਰ ਸਾਂ। ਤੀਹ ਰੁਪਏ ਮਹੀਨਾ ਬੰਦਾ ਕਮਾ ਰਿਹਾ ਹੋਵੇ ਤੇ ਉਸ ਵਾਸਤੇ ਵਿਆਹ ਕੀ ਹੁੰਦਾ ਹੈ। ਉਦੋਂ ਜ਼ਮਾਨਾ ਭਾਵੇਂ ਕਰਵਟ ਲੈ ਰਿਹਾ ਸੀ (ਜੋ ਸਦਾ ਹੀ ਲੈਂਦਾ ਹੈ) ਪਰ ਅਜੇ ਪੁਰਾਣੇ ਸੰਸਕਾਰ ਹਾਵੀ ਸਨ? ਨਾ ਮੇਰੀ ਮਾਂ ਨੂੰ ਤੇ ਨਾ ਮੇਰੀ ਬਣਨ ਵਾਲੀ ਜੀਵਨ ਸਾਥਨ ਦੀ ਮਾਂ ਨੂੰ ਫਿਕਰ ਸੀ ਕਿ ਇਹ ਦੰਪਤੀ ਜੋੜਾ ਖਾਵੇਗਾ ਕਿੱਥੋਂ। ਇਕ ਵਿਸ਼ਵਾਸ ਹੀ ਸੀ ਕਿ ਬਸ ਸਭ ਠੀਕ ਹੋ ਜਾਣਾ ਹੈ। ਅਸੀਂ ਜੋ ਬਹਿਠੇ ਹਾਂ। ਪਰ ਫੇਰ ਵੀ ਵਿਆਹ ਤਾਂ ਵਿਆਹ ਹੀ ਹੁੰਦਾ ਹੈ। ਅਨੰਦ ਕਾਰਜ ਨਾਮਧਾਰੀ ਅਕੀਦੇ ਨਾਲ ਭੈਣੀ ਸਾਹਿਬ ਹੋਣਾ ਸੀ ਜੋ ਹੋ ਹੀ ਜਾਣਾ ਸੀ ਅਤੇ ਇਹ ਇਕ ਰਸਮ ਹੀ ਹੋਣੀ ਸੀ ਜਿਸ ਦਾ ਸਭ ਨੂੰ ਪਤਾ ਹੀ ਸੀ। ਅੱਸੂ ਦੀ ਸੰਗਰਾਂਦ ਨੂੰ ਵੱਡੇ ਮੇਲੇ ਦਾ ਭੋਗ ਪੈਂਦਾ ਸੀ। ਉਸ ਉਤੇ ਵਿਆਹ ਹੁੰਦੇ ਸਨ ਤੇ ਗੱਲ ਖ਼ਤਮ। ਮਾਂ ਸਾਡੀ ਅਜੀਂ ਪੱਜੀਂ ਵਿਆਹ ਦੀਆਂ ਗੱਲਾਂ ਕਰਦੀ, ਹੋਣ ਵਾਲੀ ਨੂੰਹ ਦੀਆਂ ਸਿਫ਼ਤਾਂ, ਉਸ ਦੇ ਰੂਪ ਤੇ ਗੁਣਾਂ ਦੀਆਂ ਸਿਫ਼ਤਾਂ ਕਰਦੀ। ਸਾਡੀ ਮਾਂ ਦਾ ਸੁਭਾਅ ਹੈ ਉਹ ਹਰ ਕਿਸੇ ਦੀਆਂ ਸਿਫ਼ਤਾਂ ਅਜੇ ਤੱਕ ਕਰੀ ਹੀ ਜਾਂਦੀ ਹੈ। ਜਿਹੜੇ ਉਹਦੀ ਨਿੰਦਾ ਕਰਦੇ ਹਨ ਜਾਂ ਉਹਨੂੰ ਘੂਰਦੇ ਹਨ ਉਹਨਾਂ ਦੀਆਂ ਵੀ ਸਿਫ਼ਤਾਂ ਹੀ ਕਰਦੀ ਹੈ।

ਅਸੀਂ ਆਪਣੇ ਘਰ ਦੇ ਛੋਟੇ ਜਿਹੇ ਵਿਹੜੇ ਵਿੱਚ ਬੈਠੇ ਵਿਆਹ ਦੀਆਂ ਗੱਲਾਂ ਕਰ-ਕਰ ਕੇ ਅਨੰਦ ਲੈ ਰਹੇ ਸਾਂ। ਬਾਹਰ ਸਾਈਕਲ ਦੀ ਘੰਟੀ ਵੱਜੀ। ਮੈਂ ਬਾਹਰ ਗਿਆ ਤਾਂ ਸ. ਅਮਰ ਸਿੰਘ ਜੜਾਂਵਾਲੀਏ ਸਨ ਜਿਨ੍ਹਾਂ ਦੀ ਫੈਕਟਰੀ ਸੰਤ ਇੰਜੀਨਰਿੰਗ ਵਰਕਸ ਬਹੁਤ ਮਸ਼ਹੂਰ ਸੀ। ਉਹਨਾਂ ਬਾਰੇ ਇਹ ਗੱਲ ਮਸ਼ਹੂਰ ਹੈ—ਕਿ ਉਨ੍ਹਾਂ ਨੇ ਆਪਣੇ ਅੰਤ ਸਮੇਂ ਬਾਰੇ ਪਹਿਲੋਂ ਹੀ ਦੱਸ ਦਿੱਤਾ ਸੀ। ਉਹਨਾਂ ਨੂੰ ਮਿਲਕੇ ਸਦਾ ਖ਼ੁਸ਼ੀ ਹੁੰਦੀ ਸੀ। ਉਹ ਬਹੁਤ ਵੱਡੇ ਬੰਦੇ ਸਨ ਪਰ ਸਾਧਾਰਨ ਲੋਕਾਂ ਨਾਲ ਉਹਨਾਂ ਦਾ ਪਿਆਰ ਅਤੇ ਉਠਣਾ ਬੈਠਣਾ ਵੀ ਸੀ। ਇਸੇ ਕਰਕੇ ਤਾਂ ਉਹ ਆਪ ਚੱਲ ਕੇ ਆਏ ਸਨ। ਉਹਨਾਂ ਜਿਹੜੀ ਗੱਲ ਦੱਸੀ ਮੇਰੇ ਪੈਰਾਂ ਹੇਠੋਂ ਜ਼ਮੀਨ ਖਿਸਕ ਗਈ। ਮੈਂ ਵਾਪਸ ਅੰਦਰ ਆ ਗਿਆ ਤੇ ਕਿਹਾ "ਕਰ ਲੌ ਵਿਆਹ।" ਸਭ ਨੂੰ ਪਤਾ ਲੱਗ ਗਿਆ ਕਿ ਕੋਈ ਗੱਲ ਐਸੀ ਹੈ ਜਿਸ ਕਾਰਨ ਵਿਆਹ ਨਹੀਂ ਹੋ ਸਕਣਾ। ਵਿਆਹ ਹੁੰਦੇ-ਹੁੰਦੇ ਰੁਕ ਜਾਣਾ ਕੋਈ ਵੱਡੀ ਗੱਲ ਨਹੀਂ। ਕਈ ਬੰਦੇ ਇਹਨਾਂ ਕਾਰਸਤਾਨੀਆਂ ਦੇ ਮਾਹਰ ਹੁੰਦੇ ਹਨ ਅਤੇ ਅਖ਼ੀਰ ਦਮ ਤਕ ਰਿਸ਼ਤਾ ਟੁੱਟਣ ਦਾ ਵਿਸਵਿਸਾ ਬਣਿਆ ਹੀ ਰਹਿੰਦਾ ਹੈ ਪਰ ਘਰ ਵਾਲੇ ਅਸਲ ਗੱਲ ਜਾਨਣਾ ਚਾਹੁੰਦੇ ਸਨ। ਜਦੋਂ ਮੈਂ ਗੱਲ ਦੱਸੀਂ ਤਾਂ ਸਭ ਦੇ ਉਤੇ ਜਿਵੇਂ ਬੰਬ ਦਾ ਗੋਲਾ ਡਿੱਗ ਪਿਆ ਹੋਵੇ। ਮੈਂ ਗੱਲ ਦੱਸੀ, "ਸਰਦਾਰ ਅਮਰ ਸਿੰਘ ਜੀ ਦੱਸ ਕੇ ਗਏ ਹਨ ਕਿ ਸਤਿਗੁਰੂ ਜੀ ਚੜ੍ਹਾਈ ਕਰ ਗਏ ਹਨ।"

ਸਤਿਗੁਰੂ ਪ੍ਰਤਾਪ ਸਿੰਘ ਤਾਂ ਸਾਰੇ ਨਾਮਧਾਰੀਆਂ ਦੀ ਜਿੰਦ ਜਾਨ ਸਨ। ਉਹਨਾਂ ਨੂੰ ਵੇਖਕੇ ਤਾਂ ਲੋਕਾਂ ਨੂੰ ਆਪਣੇ ਡੂੰਘੇ ਦੁਖ ਭੁੱਲ ਜਾਂਦੇ ਸਨ। ਇਹ ਤਾਂ ਕਿਸੇ ਚਿਤਵਿਆਂ ਹੀ ਨਹੀਂ ਸੀ ਕਿ ਉਹ ਕਦੀ ਵੀ ਲੋਕਾਂ ਦੀ ਜ਼ਿੰਦਗੀ 'ਚੋਂ ਲਾਂਭੇ ਹੋ ਜਾਣਗੇ।

ਉਹਨਾਂ ਦੇ ਦੇਹਾਂਤ ਜਾਂ ਜੋਤੀ ਜੋਤ ਸਮਾਉਣ ਦੀ ਖ਼ਬਰ ਨੇ ਸਾਰੇ ਕੰਮ ਭੁਲਾ ਦਿੱਤੇ। ਸਾਡੇ ਪਿਤਾ ਜੀ ਅਤੇ ਹੋਰ ਬਹੁਤ ਸੰਗਤ ਸ੍ਰੀ ਭੈਣੀ ਸਾਹਿਬ ਨੂੰ ਚਲੀ ਗਈ। ਵਾਪਸ ਆ ਕੇ ਉਹਨਾਂ ਬਹੁਤ ਸਾਰੀਆਂ ਗੱਲਾਂ ਦੱਸੀਆਂ। ਸੰਗਤ ਦਾ ਪਾਰਾਵਾਰ ਨਹੀਂ ਸੀ ਸਾਰੀ ਰਾਤ ਜਾਗਦੇ ਰਹੇ। ਕੀਰਤਨ ਹੁੰਦਾ ਰਿਹਾ ਸੀ। ਸਾਰੇ ਬਹੁਤ ਉਪਰਾਮ ਸਨ। ਸਾਡੇ ਭਾਪਾ ਜੀ ਸਮੇਤ ਸਾਨੂੰ ਸਭ ਨੂੰ ਬਹੁਤ ਉਦਾਸੀ ਸੀ। ਮੈਂ ਉਦੋਂ ਫੁਲਵਾੜੀ ਕਾਲਜ ਵਿੱਚ ਗਿਆਨੀ ਪੜ੍ਹਦਾ ਸੀ। ਉਥੇ 'ਮਹਾਰਾਜ' ਪ੍ਰਤਾਪ ਸਿੰਘ ਦੀਆਂ ਬਹੁਤ ਗੱਲਾਂ ਹੁੰਦੀਆ ਸਨ। ਅਖ਼ਬਾਰਾਂ ਵਿੱਚ ਉਹਨਾਂ ਬਾਰੇ ਕਾਫੀ ਕੁਝ ਲਿਖਿਆ ਜਾ ਰਿਹਾ ਸੀ। ਕਮਿਊਨਿਸਟ ਲੀਡਰ ਕਾਮਰੇਡ ਸੋਹਣ ਸਿੰਘ ਜੋਸ਼ ਦਾ ਨਵਾਂ ਜ਼ਮਾਨਾ ਵਿੱਚ ਛਪਿਆ "ਆਹ! ਮਹਾਰਾਜ ਪ੍ਰਤਾਪ ਸਿੰਘ" ਲੇਖ ਅਜੇ ਵੀ ਯਾਦ ਹੈ।

ਇਹਨਾਂ ਦਿਨਾਂ ਵਿੱਚ ਨਾਮਧਾਰੀ ਜੱਥੇਦਾਰ ਕਰਤਾਰ ਸਿੰਘ ਬਿਜਲੀਵਾਲ ਵਾਲਾ ਜਲੰਧਰ ਵਿੱਚ ਸੀ। ਰੋਜ਼ ਦੀਵਾਨ ਲੱਗਦੇ ਸਨ। ਜੱਥੇਦਾਰ ਦੀ ਸੁਰੀਲੀ ਆਵਾਜ਼ ਵਿੱਚ ਧਾਰਨਾ ਸੁਣਣ ਬਹੁਤ ਸਾਰੇ ਹੋਰ ਲੋਕ ਸਹਿਜਧਾਰੀ ਸਿੱਖ ਅਤੇ ਹਿੰਦੂ ਵੀ ਆਉਂਦੇ


hari Elibrary NamdhariElibrary@gm

ਸਨ। ਇਕ ਦਿਨ ਇਕ ਸੱਜਣ ਪੁੱਛਣ ਲੱਗਾ ਜੀ ਹੁਣ ਗੱਦੀ 'ਤੇ ਕੌਣ ਬੈਠੇਗਾ। ਜੱਥੇਦਾਰ ਨੇ ਕਿਹਾ ਕਿ ਵੱਡੇ ਬਾਬਾ ਜਗਜੀਤ ਸਿੰਘ ਜੀ। ਉਸ ਮੁੜ ਪੁੱਛਿਆ ਇਹ ਵੱਡੇ ਬਾਬਾ ਜੀ ਉਹੋ ਪਤਲੇ ਜਿਹੇ ਤੇ ਨਹੀਂ ਜੋ ਗੁਰਦੁਆਰਾ ਦੀਵਾਨ ਅਸਥਾਨ ਵਿੱਚ (ਰਾਮਗੜ੍ਹੀਆ ਹਿਤਕਾਰੀ ਸਭਾ ਦੇ) ਸਮਾਗਮ 'ਤੇ ਆਏ ਸਨ। ਸਭ ਨੇ ਕਿਹਾ ਹਾਂ ਉਹ ਹੀ ਹਨ। ਹੌਲ਼ੀ ਹੌਲ਼ੀ ਸਤਿਗੁਰੂ ਪ੍ਰਤਾਪ ਸਿੰਘ ਜੀ ਨਮਿਤ ਭੋਗਾਂ ਦੇ ਮੇਲੇ ਦਾ ਪਤਾ ਲੱਗਾ ਕਿ ੧੦ ਸਤੰਬਰ ੧੯੫੯ ਨੂੰ ਪੈਣਗੇ ਅਤੇ ਇਹ ਖ਼ਬਰ ਵੀ ਸ. ਅਮਰ ਸਿੰਘ ਹੋਰਾਂ ਹੀ ਲਿਆ ਕੇ ਦਿੱਤੀ ਕਿ ਅਗਲੇ ਦਿਨ ਅਨੰਦ ਕਾਰਜ ਵੀ ਹੋਣਗੇ। ਹੁਣ ਬੰਦਾ ਸੋਗ ਮਨਾਵੇ ਕਿ ਖੁਸ਼ੀ। ਵਿਆਹ ਦੀਆਂ ਸਰਗਰਮੀਆਂ ਫੇਰ ਆਰੰਭ ਹੋ ਗਈਆਂ।

ਮੇਰੇ ਮਾਮਾ ਜੀ ਸ. ਸਰੈਣ ਸਿੰਘ ਗੁਰਬਚਨ ਸਿੰਘ ਹੋਰਾਂ ਦੀ ਬੈਟਰੀਆਂ ਦੀ ਦੁਕਾਨ ਸੀ। ਮੈਂ ਵੀ ਉਥੇ ਹੀ ਕੰਮ ਸਿੱਖਦਾ ਸਾਂ ਉਦੋਂ। ਉਹਨਾਂ ਕੋਲ ਬਹੁਤ ਸਾਰੀਆਂ ਗੱਡੀਆਂ ਕਾਰਾਂ ਮੁਰੰਮਤ ਲਈ ਆਉਂਦੀਆਂ ਸਨ। ਕਦੇ-ਕਦੇ ਆਪਣੇ ਰਿਸ਼ਤੇਦਾਰਾਂ ਦੇ ਵਿਆਹ ਵਾਸਤੇ ਇਹ ਕਾਰਾਂ ਮੰਗ ਵੀ ਲਈਆਂ ਜਾਂਦੀਆਂ ਸਨ। ਦੋ ਨਾਂ ਭਰਾਵਾਂ ਕੋਲ ਲੰਬੀ ਬਿਊਕ ਕਾਰ ਵੀ ਸੀ। ਇਕ ਵਾਰ ਛੋਟੇ ਮਾਮਾ ਜੀ ਨੂੰ ਪੁੱਛਿਆ "ਇਕ ਦਿਨ ਲਈ ਕਾਰ ਚਾਹੀਦੀ ਹੈ ਵਿਆਹ ਵਾਸਤੇ।" ਉਹ ਕਹਿਣ ਲੱਗੇ ਜਦੋਂ ਮਰਜ਼ੀ ਲੈ ਆਓ ਇਹਦੇ ਵਿੱਚ ਕਿਹੜੀ ਪੁੱਛਣ ਦੱਸਣ ਵਾਲੀ ਗੱਲ ਹੈ। ਮੈਂ ਵੀ ਆਸ ਲਾਈ ਸੀ ਕਿ ਬਿਊਕ ਨਹੀਂ ਤਾਂ ਹੋਰ ਕਾਰ ਤਾਂ ਮਿਲ ਹੀ ਜਾਵੇਗੀ। ਪਰ ਜਿਉਂ-ਜਿਉਂ ਵਿਆਹ ਦਾ ਦਿਨ ਨੇੜੇ ਆ ਰਿਹਾ ਸੀ ਕਾਰ ਦਾ ਪਤਾ ਹੀ ਨਾ ਲੱਗੇ।

ਆਖ਼ਰ ਜਿਹੜੀ ਕਾਰ ਦਾ ਪ੍ਰਬੰਧ ਹੋਇਆ ਉਹਨੇ ਮੈਨੂੰ ਹੈਰਾਨ ਕਰ ਦਿੱਤਾ। ਇਹ ਇਕ ਸਟੇਸ਼ਨ ਵੈਗਨ ਸੀ ਜਿਸ ਦਾ ਬਗੈਰ ਹਾਰਨ ਦੇ ਸਭ ਕੁਝ ਵੱਜਦਾ ਸੀ ਅਤੇ ਸਵਾਏ ਬੱਤੀਆਂ ਦੇ ਹਰ ਥਾਂ ਚੰਗਿਆੜੇ ਛੱਡਦੀ ਸੀ। ਮਾਮਾ ਜੀ ਦੀ ਆਪਣੀ ਸੋਚ ਅਨੁਸਾਰ ਇਹ ਗੱਡੀ ਹੀ ਠੀਕ ਸੀ। ਜਿਨ੍ਹੇ ਦਿਨ ਮਰਜ਼ੀ ਵਰਤੀ ਜਾਵੋ ਅਤੇ ਜਿੰਨੀਆਂ ਮਰਜ਼ੀ ਸਵਾਰੀਆਂ ਲੱਦ ਲਵੋ। ਅਸੀਂ ਸਾਰਾ ਦਿਨ ਲਾ ਕੇ ਇਸ ਦੀਆਂ ਤਾਰਾਂ ਸੈਟ ਕੀਤੀਆਂ ਤੇ ਗੱਡੀ ਏਨੀ ਤੂਸ ਕੇ ਭਰੀ ਕਿ ਪਤਾ ਹੀ ਨਾ ਲੱਗਾ ਕਿ ਕੌਣ ਬੰਦਾ ਰਹਿ ਗਿਆ ਹੈ ਅਤੇ ਕੌਣ ਵਾਧੂ ਚਲਾ ਗਿਆ ਹੈ। ਇਹ ਗੱਡੀ ਇਕ ਕਬਾੜੀਏ ਦੀ ਸੀ। ਅਸੀਂ ਫਗਵਾੜੇ ਵੀ ਨਹੀਂ ਸੀ ਪੁੱਜੇ ਕਿ ਪੁਲੀਸ ਨੇ ਗੱਡੀ ਰੋਕ ਲਈ। ਛੋਟੇ ਮਾਮਾ ਜੀ ਗੱਡੀ ਚਲਾ ਰਹੇ ਸਨ। ਸਟੇਸ਼ਨ ਵੈਗਨਾਂ ਟੈਕਸੀਆਂ ਵਜੋਂ ਚੱਲਦੀਆਂ ਸਨ ਤੇ ਪੁਲੀਸ ਦੀ ਉਪਰਲੀ ਕਮਾਈ ਦਾ ਸਿੱਧਾ ਸਾਧਨ ਹੁੰਦੀਆਂ ਸਨ। ਇਕ ਪੁਲਿਸ ਕਰਮਚਾਰੀ ਵਾਕਫ਼ ਨਿਕਲ ਪਿਆ ਤੇ ਅਸੀਂ ਬਚ ਕੇ ਚੱਲ ਪਏ। ਲੁਧਿਆਣੇ ਦਾ ਬਾਈਪਾਸ ਤਾਂ ਉਦੋਂ ਬਣਿਆ ਨਹੀਂ ਸੀ ਸ਼ਹਿਰ ਦੇ ਵਿਚੋਂ ਹੋ ਕੇ ਜਾਈਦਾ ਸੀ। ਚੌਕ ਵਿੱਚ ਇਕ ਟਰੈਫਿਕ ਵਾਲਾ ਸਿਪਾਹੀ ਖੜਾ ਸੀ। ਜਦੋਂ ਗੱਡੀ ਉਸ ਕੋਲੋਂ ਲੰਘਣ ਲੱਗੀ ਤਾਂ ਉਸ ਰੋਕ ਲਈ। ਅਸਾਂ ਸੋਚਿਆ ਮੁੜ ਕੋਈ ਵਿਘਨ ਪਿਆ ਪਰ ਉਹ ਭਲਾ ਲੋਕ ਸੀ ਤੇ ਕੁਝ ਹੱਸਮੁਖਾ ਵੀ। ਉਹ ਹੱਸਿਆ ਵੀ ਤੇ ਟਿਚਰ ਵੀ ਕੀਤੀ ਤੇ ਕਹਿਣ ਲੱਗਾ, "ਉਹ ਘਰੋ ਤੁਰ ਪਏ ਓ, ਗੱਡੀ ਉਤੇ ਨੰਬਰ ਤਾ ਲਿਖ ਲਓ।" ਸਾਨੂੰ ਹੁਣ ਪਤਾ ਲੱਗਾ ਕਿ ਗੱਡੀ ਉਤੇ ਨਾ ਨੰਬਰ ਪਲੇਟ ਸੀ ਅਤੇ ਨੰਬਰ ਵੀ ਦਾ ਪਤਾ ਨਹੀਂ ਸੀ। ਛੋਟੇ ਮਾਮਾ ਜੀ ਨੇ ਕੁਝ ਯਾਦ ਕੀਤਾ ਤੇ ਅਸੀਂ ਚਾਕ ਨਾਲ ਮਡਗਾਰਡ 'ਤੇ ਨੰਬਰ ਲਿਖਿਆ ਅਤੇ ਭੈਣੀ ਸਾਹਿਬ ਪੁੱਜ ਕੇ ਇਕ ਕਾਗਜ਼ ਉਤੇ ਨੰਬਰ ਪੈਨ ਨਾਲ ਲਿਖਕੇ ਮਾਂਹ ਦੀ ਦਾਲ ਨਾਲ ਗੱਡੀ 'ਤੇ ਚਿਪਕਾ ਦਿੱਤਾ।

ਭੈਣੀ ਸਾਹਿਬ ਇਕ ਤੰਬੂਆਂ ਦਾ ਨਗਰ ਬਣਿਆ ਹੋਇਆ ਸੀ। ਦੁਨੀਆਂ ਏਨੀ ਕਿ ਇਕ ਵਾਰ ਕੋਈ ਮਿਲ ਪਿਆ ਫੇਰ ਨਾ ਲੱਭਿਆ। ਪਹਿਲੀ ਵਾਰ ਵੇਖਿਆ ਕਿ ਤੰਬੂਆਂ ਦੇ ਵਿੱਚ-ਵਿੱਚ ਨਲਕੇ ਹੈਂਡ ਪੰਪ ਵੀ ਲੱਗੇ ਹੋਏ ਸਨ। ਬੜੀ ਵਿਉਂਤ ਨਾਲ ਤੰਬੂਆਂ ਦੇ ਵਿੱਚ ਰਾਹ ਬਣਾਏ ਗਏ ਸਨ। ਸਾਨੂੰ ਇਕ ਵੱਡਾ ਤੰਬੂ ਮਿਲ ਗਿਆ। ਅਸਾਂ ਸਫਾਂ 'ਤੇ ਬਿਸਤਰੇ ਵਿਛਾ ਲਏ ਅਤੇ ਨਾਲ ਖੜੀ ਹੋਈ ਮੋਟਰ ਬੈਟਰੀ ਨਾਲ ਇਕ ਨਿਕਚੂ ਬਲਬ ਰਾਤ ਨੂੰ ਜਗਾ ਲਿਆ। ਉਦੋਂ ਬਿਜਲੀ ਆਮ ਘਰਾਂ ਵਿੱਚ ਵੀ ਨਹੀਂ ਸੀ ਹੁੰਦੀ ਇਥੇ ਬਾਹਰ ਵੀ ਮਾੜੀ ਮੋਟੀ ਦਾ ਪਰਬੰਧ ਸੀ। ਪਿੰਡ ਦੇ ਆਲ਼ੇ-ਦੁਆਲੇ ਦੂਰ ਤਕ ਝੰਡੀਆਂ ਲੱਗੀਆਂ ਸਨ ਇਹ ਸੰਕੇਤ ਦੇਣ ਵਾਸਤੇ ਕਿ ਜੰਗਲ ਪਾਣੀ ਦੂਰ ਜਾਇਆ ਜਾਵੇ। ਝੰਡੀਆਂ ਤੋਂ ਦੂਰ ਤਾ ਕਿ ਪਿੰਡ ਅਤੇ ਦੀਵਾਨ ਅਸਥਾਨ ਕੋਲ ਗੰਦ ਨਾ ਪਵੇ। ਉਦੋਂ ਇਹ ਹਦਾਇਤ ਹੁੰਦੀ ਸੀ ਕਿ ਖੇਤਾਂ ਵਿੱਚ ਟੋਆ ਪੁੱਟਕੇ ਉਸ ਵਿੱਚ ਜੰਗਲ (ਟੱਟੀ) ਕਰਕੇ ਬਾਅਦ ਵਿੱਚ ਉਪਰ ਮਿੱਟੀ ਪਾ ਦਿੱਤੀ ਜਾਵੇ। ਗੰਦ ਨਾ ਪਵੇ ਪਰ ਖੇਤ ਨੂੰ ਖਾਦ ਮਿਲ ਜਾਵੇ। ਇਹ ਸਤਿਗੁਰੂ ਰਾਮ ਸਿੰਘ ਜੀ ਦੇ ਵੇਲੇ ਦਾ ਹੁਕਮ ਹੈ।

ਅਸੀਂ ਦੀਵਾਨ ਵਿੱਚ ਨਹੀਂ ਸੀ ਗਏ। ਅਸੀਂ ਸੋਚਿਆ ਕਿ ਅਜੇ ਨਵੇਂ ਗੁਰੂ ਜੀ ਦੀ ਦਸਤਾਰਬੰਦੀ ਹੋਣੀ ਹੈ ਉਹ ਫੇਰ ਦੀਵਾਨ ਵਿਚ ਆਉਣਗੇ। ਪਰ ਮੇਰੇ ਤਾਏ ਦੇ ਪੁੱਤਰ ਭਰਾ ਗੁਰਬਚਨ ਸਿੰਘ ਨੇ ਦੱਸਿਆ ਕਿ "ਮੈਂ ਦੀਵਾਨ ਵਿੱਚ ਗਿਆ ਸਾਂ। ਨਵੇਂ ਮਹਾਰਾਜ ਦੀਵਾਨ ਵਿੱਚ ਬੈਠੇ ਸਨ ਅਤੇ ਉਹਨਾਂ ਨੂੰ ਲੋਕ ਮੱਥਾ ਵੀ ਟੇਕ ਰਹੇ ਸਨ। ਅਸੀਂ ਲੰਗਰ ਵਿੱਚ ਗਏ ਜਿਹੜਾ ਚੌਵੀ ਘੰਟੇ ਚਲਦਾ


Namdhari Elibrary NamdhariElibrary@gmail.com

ਰਹਿੰਦਾ ਸੀ। ਉਥੇ ਲਾਊਡ ਸਪੀਕਰਾਂ 'ਚੋਂ ਦੀਵਾਨ ਦੀ ਆਵਾਜ਼ ਆ ਰਹੀ ਸੀ। ਲਾਊਡ ਸਪੀਕਰ ਦੂਰ-ਦੂਰ ਤਕ ਲੱਗੇ ਸਨ। ਸਪੀਕਰਾਂ ਚੋਂ ਜਿਹੜੀ ਆਵਾਜ਼ ਆ ਰਹੀ ਸੀ ਉਸਨੇ ਹੈਰਾਨ ਕਰ ਦਿੱਤਾ। ਇਹ ਆਵਾਜ਼ ਬਿਲਕੁਲ ਸਵਰਗੀ ਸਤਿਗੁਰੂ ਪ੍ਰਤਾਪ ਸਿੰਘ ਜੀ ਦੀ ਲੱਗਦੀ ਸੀ। ਭਰਵੀਂ ਮਰਦਾਨਾ ਆਵਾਜ਼ ਖੁੱਲ੍ਹੇ-ਡੁੱਲ੍ਹੇ ਬੋਲ, ਪਰ ਇਹ ਕਿਵੇਂ ਹੋ ਸਕਦਾ ਸੀ। ਜਦ ਮੈਂ ਇਸ ਗੱਲ ਦਾ ਜ਼ਿਕਰ ਕੀਤਾ ਤਾਂ ਕਿਸੇ ਨੇ ਕਿਹਾ ਕਿ ਆਵਾਜ਼ ਸਚਮੁੱਚ ਹੀ ਸਤਿਗੁਰੂ ਜੀ ਦੀ ਹੀ ਹੈ। ਸਿਆਮ ਦੇ ਸੇਠਾਂ ਨੇ ਇਕ ਮਸ਼ੀਨ ਲਿਆਂਦੀ ਹੈ ਜਿਹਦੇ ਵਿੱਚ ਇਹ ਆਵਾਜ਼ ਬੰਦ ਹੈ ਅਤੇ ਜਦੋਂ ਜੀਅ ਕਰੇ ਕੱਢ ਲਈ ਜਾਂਦੀ ਹੈ। ਉਸ ਵੇਲੇ ਪਹਿਲੀ ਵਾਰ ਪਤਾ ਲੱਗਾ ਕਿ ਐਸੀ ਮਸ਼ੀਨ ਬਣ ਗਈ ਹੈ। ਟੇਪ ਮਸ਼ੀਨ ਵੱਡੇ ਸਪੂਲਾਂ ਵਾਲੀ ਕਾਫੀ ਦੇਰ ਬਾਦ ਦੇਖੀ ਅਤੇ ਕੈਸਟ ਤਾਂ ਉਹਦੇ ਤੋਂ ਵੀ ਬਹੁਤ ਬਾਦ ਦੀ ਗੱਲ ਹੈ। ਇਹ ਉਹ ਜ਼ਮਾਨਾ ਸੀ ਕਿ ਜਦੋਂ ਜਲੰਧਰ ਸਾਡੇ ਮਹੱਲੇ ਬਿਜਲੀ ਵੀ ਨਹੀਂ ਸੀ ਆਈ। ਅਸੀਂ ਸਕੂਲ ਕਾਲਜ ਦੀ ਪੜ੍ਹਾਈ ਲੈਂਪ ਜਗਾ ਕੇ ਕੀਤੀ ਸੀ। ਟਰਾਂਜ਼ਿਸਟਰ ਅਜੇ ਵੱਡੇ ਸ਼ਹਿਰਾਂ ਵਿੱਚ ਆਏ ਸਨ ਅਤੇ ਇਸ ਉਤੇ ਪੰਜ ਛੇ ਸੌ ਰੁਪਿਆ ਖ਼ਰਚ ਕਰਨਾ ਆਮ ਆਦਮੀ ਦੇ ਵਸ ਦੀ ਗੱਲ ਨਹੀਂ ਸੀ।

ਰਾਤ ਨੂੰ ਦੀਵਾਨ ਵੱਲ ਗਏ। ਦੀਵਾਨ ਅਸਥਾਨ ਅੱਜ-ਕੱਲ੍ਹ ਦੇ ਤਿੰਨ ਮੰਜ਼ਲੇ ਕਵਾਟਰਾਂ ਦੇ ਪਿਛਲੇ ਪਾਸੇ ਹਰੀਮੰਦਰ ਦੇ ਸਾਹਮਣੇ ਸੀ। ਦੂਰ ਤਕ ਜਿਥੋਂ ਤਕ ਨਜ਼ਰ ਮਾਰੋ ਸੰਗਤ ਸੀ। ਬਿਜਲੀ ਦਾ ਪ੍ਰਬੰਧ ਸੀ। ਜੱਥੇਦਾਰ ਗਿਆਨ ਸਿੰਘ ਵੀਰੋਕੇ ਦਾ ਦੀਵਾਨ ਸੀ। ਉਹ ਬਾਰ-ਬਾਰ ਇਹ ਧਾਰਨ ਪੜ੍ਹ ਰਹੇ ਸਨ "ਐਸੋ ਇਹੁ ਸੰਸਾਰ ਪੇਖਨਾ, ਰਹਨੁ ਨ ਕੋਊ ਪਈ ਹੈ ਰੇ" ਪੀਲੂ ਵਿੱਚ ਇਹ ਗੀਤ ਸੀ। ਸਤਿਗੁਰੂ ਪ੍ਰਤਾਪ ਸਿੰਘ ਜੀ ਬਾਰੇ ਬੋਲਦਿਆਂ ਉਹਨਾਂ ਨੇ ਸਮਕਾਲੀ ਅਖ਼ਬਾਰਾਂ ਵਿੱਚ ਛਪੇ ਮਜ਼ਮੂਨਾਂ ਦਾ ਜ਼ਿਕਰ ਵੀ ਕੀਤਾ। ਸਾਨੂੰ ਪਤਾ ਲੱਗਾ ਕਿ ਇਕ ਭਾਰੀ ਕਵੀ ਦਰਬਾਰ ਵੀ ਅੱਜ ਹੋਇਆ ਹੈ ਜਿਸ ਵਿੱਚ ਇੰਦਰਜੀਤ ਸਿੰਘ ਤੁਲਸੀ ਵੀ ਆਇਆ ਸੀ। ਪਰ ਅਸੀਂ ਕਵੀ ਦਰਬਾਰ ਨਹੀਂ ਸੁਣਿਆ।

ਅਗਲੇ ਦਿਨ ਵੱਡਾ ਸਮਾਗਮ ਸੀ। ਭੀੜ ਬਹੁਤ ਵਧ ਗਈ ਸੀ। ਇਕ ਬਹੁਤ ਹੀ ਲੰਮੀ ਕਾਰ ਆ ਕੇ ਰਾਮ ਸਰ ਬੋਹੜਾਂ ਹੇਠ ਰੁਕੀ। ਉਹਦੇ ਵਿਚੋਂ ਇਕ ਬਹੁਤ ਲੰਮਾ ਸਰਦਾਰ ਨਿਕਲਿਆ। ਐਚਕਨ ਪਾਈ ਤੇ ਚੂੜੀਦਾਰ ਪਜਾਮਾ। ਜਾਲੀ ਵਿੱਚ ਮੋੜਵੀਂ ਕਾਲੀ ਦਾਹੜੀ ਅਤੇ ਸਿਰ 'ਤੇ ਪਟਿਆਲੇ ਸ਼ਾਹੀ ਪੱਗ। ਇਹ ਮਹਾਰਾਜਾ ਪਟਿਆਲਾ ਸੀ, ਮਹਾਰਾਜਾ ਯਾਦਵਿੰਦਰ ਸਿੰਘ। ਪ੍ਰਬੰਧਕ ਮਹਾਰਾਜਾ ਨੂੰ ਲੈ ਗਏ ਤੇ ਹਮਾਤੜ ਲੋਕ ਲੰਮੀ ਕਾਰ ਵੇਖ-ਵੇਖ ਕੇ ਹੈਰਾਨ ਹੁੰਦੇ ਰਹੇ। ਦੋ ਵਿਅਕਤੀ ਪ੍ਰਭਾਵਸ਼ਾਲੀ ਚਿਹਰਿਆਂ ਵਾਲੇ ਖੁੱਲ੍ਹੀਆਂ ਦਾਹੜੀਆਂ ਅਤੇ ਨੋਕਦਾਰ ਪੱਗਾਂ ਵਾਲੇ ਵੀ ਆਏ। ਇਕ ਦਾ ਚੂੜੀਦਾਰ ਪਜਾਮਾ ਇਕ ਨੇ ਸਲਵਾਰ ਪਾਈ ਹੋਈ ਸੀ। ਇਹਨਾਂ ਦਾ ਉਚੇਚਾ ਸੁਆਗਤ ਹੋਇਆ ਤੇ ਕੋਠੀ ਵਿੱਚ ਲੈ ਜਾਇਆ ਗਿਆ। ਬਾਦ 'ਚ ਪਤਾ ਲੱਗਾ ਕਿ ਇਕ ਤਾਂ ਬਿਆਸ ਵਾਲੇ ਮਹਾਰਾਜ ਚਰਨ ਸਿੰਘ ਸਨ ਜਿਨ੍ਹਾਂ ਦੀ ਲੰਮੀ ਤੇ ਕਾਲੀ ਦਾਹੜੀ ਸੀ ਅਤੇ ਦੂਸਰੇ ਸਲਵਾਰ ਵਾਲੇ ਸੰਤ ਕਿਰਪਾਲ ਸਿੰਘ ਜੀ ਰਾਧਾ ਸੁਆਮੀ ਸਨ। ਫਿਰ ਇਕ ਸਾਧੂਆਂ ਦਾ ਜੱਥਾ ਆਇਆ ਵੱਡੇ-ਵੱਡੇ ਨਰਸਿੰਘੇ ਵਜਾਉਂਦਾ ਹੋਇਆ। ਹੁਣ ਤਕ ਇਹ ਖ਼ਬਰ ਪਤਾ ਲੱਗ ਗਈ ਕਿ ਬੜੇ ਵੱਡੇ-ਵੱਡੇ ਲੀਡਰ ਇਕ ਦੇ ਬਾਦ ਇਕ ਪੁੱਜ ਰਹੇ ਹਨ। ਮਾਸਟਰ ਤਾਰਾ ਸਿੰਘ ਵੀ ਆ ਗਏ ਹਨ। ਮੰਤਰੀਆਂ 'ਚੋਂ ਸ. ਸਵਰਨ ਸਿੰਘ ਜੀ ਵੀ ਅਸੀਂ ਵੇਖੇ। ਬਾਹਰ ਖੇਤਾਂ ਵੱਲ, ਅੱਜ ਕੱਲ੍ਹ ਦੇ ਗੋਲ ਮੰਦਰ ਦੇ ਪਿਛਵਾੜੇ ਗਏ ਤਾਂ ਪ੍ਰਸਿਧ ਅਕਾਲੀ ਲੀਡਰ ਗਿਆਨੀ ਕਰਤਾਰ ਸਿੰਘ ਦੋ ਕੁ ਸੇਵਕਾਂ ਨਾਲ ਤੁਰੇ ਆਉਣ। ਤੇੜ ਖੁੱਲ੍ਹਾ ਜਿਹਾ ਕਛਹਿਰਾ ਅਤੇ ਸਿਰ 'ਤੇ ਢਿਲਕ ਜਿਹੀ ਪਗੜੀ। ਗਿਆਨੀ ਜੀ ਨੂੰ ਮੈਂ ਪਛਾਣਦਾ ਸਾਂ। ਉਹ ਕਦੇ ਕਦੇ ਸਾਡੇ ਮਾਮਾ ਜੀ ਦੀ ਦੁਕਾਨ 'ਤੇ ਆਪਣੀ ਕਾਰ ਦੀ ਬੈਟਰੀ ਜਾਂ ਡੈਨਮੋ ਠੀਕ ਕਰਾਉਣ ਆ ਜਾਂਦੇ ਸਨ ਅਤੇ ਬਾਹਰ ਸੜਕ 'ਤੇ ਖਲੋ ਕੇ ਆਮ ਬੰਦਿਆ ਵਾਂਗ ਗੋਲ ਗੱਪੇ ਖਾਣ ਲੱਗ ਪੈਂਦੇ ਸਨ। ਉਸ ਵੇਲੇ ਮਾਸਟਰ ਤਾਰਾ ਸਿੰਘ ਅਤੇ ਗਿਆਨੀ ਜੀ ਦੇ ਵੱਖ-ਵੱਖ ਧੜੇ ਸਨ ਅਤੇ ਸ਼ਰੋਮਣੀ ਕਮੇਟੀ 'ਤੇ ਗਿਆਨੀ ਧੜੇ ਦਾ ਕਬਜ਼ਾ ਸੀ ਇਸ ਗੱਲ ਦਾ ਬਹੁਤ ਲੋਕਾਂ ਨੂੰ ਪਤਾ ਸੀ। ਹੌਲੀ ਹੌਲੀ ਖ਼ਬਰ ਫੈਲ ਗਈ ਕਿ ਗਿਆਨੀ ਕਰਤਾਰ ਸਿੰਘ ਆ ਗਿਆ ਹੈ। ਲੋਕ ਵੇਖਣ ਵਾਸਤੇ ਉਮਡ ਪਏ ਪਰ ਉਹਨਾਂ ਨੂੰ ਬੜੀ ਹੈਰਾਨੀ ਅਤੇ ਪਰੇਸ਼ਾਨੀ ਹੋਈ ਗਿਆਨੀ ਜੀ ਦੇ ਦਰਸ਼ਨ ਕਰਕੇ। ਉਹ ਆਣ ਕੇ ਪੁੱਛਣ ਕਿ ਕਿਹੜਾ ਹੈ ਗਿਆਨੀ ਕਰਤਾਰ ਸਿੰਘ ਤੇ ਮੈਂ ਇਸ਼ਾਰਾ ਕਰਕੇ ਦੱਸਾਂ ਉਹ ਜੋ ਖੇਤਾਂ ਦੇ ਮੂੰਢ ਖੜਾ ਹੈ। ਗਿਆਨੀ ਜੀ ਉਥੇ ਖੜੇ ਹੋ ਕੇ ਹੀ ਛਰਲਾ ਛੱਡ (ਪੇਸ਼ਾਬ ਕਰ) ਰਹੇ ਸਨ। ਵੇਖ ਕੇ ਕੁਝ ਮੁੰਡਿਆਂ ਕਿਹਾ– "ਹੱਤ ਤੇਰੇ! ਏਡਾ ਵੱਡਾ ਬੰਦਾ ਹੋ ਕੇ ਖੜ੍ਹ ਕੇ ਪੇਸ਼ਾਬ ਕਰਦਾ ਹੈ।" ਪਰ ਗਿਆਨੀ ਕਰਤਾਰ ਸਿੰਘ ਨੂੰ ਕੁਝ ਪਤਾ ਜਾਂ ਪਰਵਾਹ ਨਹੀਂ ਸੀ। ਉਹ ਉਸੇ ਤਰ੍ਹਾਂ ਹੀ ਫਕੀਰਾਂ ਵਾਂਗੂ ਦੀਵਾਨ ਨੂੰ ਚਲੇ ਗਏ। ਦੀਵਾਨ-ਅਸਥਾਨ ਵਿੱਚ ਸੰਤ ਕਰਮ ਸਿੰਘ ਬਾਲਮ ਦਾ ਦੀਵਾਨ ਲੱਗਾ ਹੋਇਆ ਸੀ। ਜੱਥੇਦਾਰ ਗਿਆਨ ਸਿੰਘ ਨਾਲ ਹਾਰਮੋਨੀਅਮ ਵਜਾ ਰਹੇ ਹਨ। ਬਾਲਮ ਅਕਸਰ ਬੈਠ ਕੇ ਦੀਵਾਨ ਲਾਉਂਦੇ ਸਨ, ਪਰ ਅੱਜ ਉਹ ਖੜੋ ਕੇ


NamdhariElibrary NamdhariElibrary@gmail.com

ਵਿਖਿਆਨ ਕਰ ਰਹੇ ਸਨ। ਉਹਨਾਂ ਧਾਰਨ ਪੜ੍ਹੀ—ਮੁਸ ਮੁਸ ਰੋਵੈ ਕਬੀਰ ਕੀ ਮਾਈ। ਅਸੀਂ ਸੋਚਿਆ ਕਿ ਤਿਆਰ ਹੋ ਕੇ ਦੀਵਾਨ ਵਿਚ ਆਉਂਦੇ ਹਾਂ। ਡੇਰੇ ਆਏ ਤਾਂ ਮੇਰੇ ਤਾਏ ਗਿਆਨੀ ਤੇਜਾ ਸਿੰਘ ਨੇ ਆ ਕੇ ਦੱਸਿਆ ਕਿ ਪਹਿਲਾ ਕੀਰਤਨ ਸਮਾਪਤ ਹੋ ਗਿਆ ਹੈ। ਹੁਕਮ ਆਇਆ ਹੈ ਕਿ ਕੀਰਤਨ ਦੀ ਸਮਾਪਤੀ ਕੀਤੀ ਜਾਵੇ। ਦਸਤਾਰਬੰਦੀ ਵਾਲਾ ਸਮਾਗਮ ਪਹਿਲੋਂ ਹੀ ਸ਼ੁਰੂ ਹੋ ਰਿਹਾ ਹੈ।

ਅਸੀਂ ਫੇਰ ਦੀਵਾਨ ਵਿੱਚ ਚਲੇ ਗਏ। ਪਾਣੀ ਤਰੌਂਕਿਆ ਜਾ ਰਿਹਾ ਸੀ। ਛੇਤੀ ਛੇਤੀ ਵਛਾਈਆਂ ਹੋ ਕੇ ਕੀਰਤਨ ਸ਼ੁਰੂ ਹੋ ਗਿਆ। ਰਾਗੀਆਂ ਦਾ ਕੀਰਤਨ ਪਰ ਮੈਂ ਇਹ ਰਾਗੀ ਪਹਿਲੀ ਵਾਰ ਹੀ ਵੇਖੇ ਸਨ। ਇਹ ਨਾਮਧਾਰੀ ਰਾਗੀ ਹੋਰ ਇਤਿਹਾਸਕ ਗੁਰਦੁਆਰਿਆਂ ਵਿੱਚ ਸ਼ਾਇਦ ਜਾ ਕੇ ਨੌਕਰੀ ਕਰਦੇ ਸਨ ਅਤੇ ਅੱਜ ਮੁੜ ਆਪਣੇ ਘਰ ਇਸ ਅਵਸਰ 'ਤੇ ਆਉਣੋ ਰਹਿ ਨਹੀਂ ਸਨ ਸਕੇ। ਨਾਮਧਾਰੀ ਹਜ਼ੂਰੀ ਜੱਥੇ ਸੰਤ ਦਰਸ਼ਨ ਸਿੰਘ ਖਜ਼ਾਨ ਸਿੰਘ ਦਾ ਕੀਰਤਨ ਵੀ ਹੋਇਆ। ਸਤਿਗੁਰੂ ਜਗਜੀਤ ਸਿੰਘ ਜੀ ਆਪਣੇ ਆਸਣ 'ਤੇ ਸੁਸ਼ੋਭਿਤ ਸਨ। ਅਰਦਾਸ ਬਾਦ ਸ਼ਰਧਾਂਜਲੀਆਂ ਦਾ ਪ੍ਰੋਗਰਾਮ ਸ਼ੁਰੂ ਹੋਇਆ। ਸੰਤ ਇੰਦਰ ਸਿੰਘ ਚੱਕਰ ਵਰਤੀ ਸਟੇਜ ਸਕੱਤਰ ਸਨ। ਉਹਨਾਂ ਬਹੁਤ ਨਰਮ-ਨਰਮ ਸ਼ਬਦਾਂ ਵਿੱਚ ਖ਼ੂਬੀ ਨਾਲ ਭੂਮਿਕਾ ਬੰਨ੍ਹੀ। ਆਏ ਲੋਕਾਂ ਅਤੇ ਲੀਡਰਾਂ ਨੂੰ ਜੀਓ ਆਇਆਂ ਕਿਹਾ। ਇਸ ਸਮੇਂ ਦੀ ਮਹਾਨਤਾ ਨੂੰ ਦੱਸਦਿਆਂ ਕਿਹਾ ਕਿ 'ਰਾਧਾ ਸੁਆਮੀ ਮਤ' ਦੇ ਦੋਵੇਂ ਮਹਾਰਾਜ ਆਏ ਹਨ। ਅਕਾਲੀ ਦਲ ਦੇ ਦੋਵੇਂ ਹੀ ਧੜੇ ਇੱਥੇ ਹਾਜ਼ਰ ਸਨ। ਸ਼੍ਰੋਮਣੀ ਗੁਰਦੁਆਰਾ ਪ੍ਰਬੰਧਕ ਕਮੇਟੀ ਦੇ ਜਨਰਲ ਸਕੱਤਰ ਵੀ ਹਾਜ਼ਰ ਸਨ। ਕਾਂਗਰਸ ਕਮਿਊਨਿਸਟ ਸੋਸ਼ਲਿਸਟ ਆਦਿ ਪਾਰਟੀਆਂ ਦੇ ਨੁਮਾਇੰਦੇ, ਨਿਰਮਲ ਮਹਾਂ ਮੰਡਲ ਅਤੇ ਹੋਰ ਬਹੁਤ ਸਾਰੀਆਂ ਸੰਪਰਦਾਵਾਂ ਦੇ ਮੁਖੀ ਜਾਂ ਨੁਮਾਇੰਦੇ ਹਾਜ਼ਰ ਸਨ। ਚੱਕਰਵਰਤੀ ਜੀ ਨੇ ਕਿਹਾ, "ਇਕ ਬੇਨਤੀ ਹੈ ਕਿ ਇਕ ਤਾਂ ਗੱਲ ਸੰਖੇਪ ਵਿੱਚ ਕੀਤੀ ਜਾਵੇ, ਦੂਸਰੇ ਕਿਸੇ ਹੋਰ ਪਾਰਟੀ ਜਾਂ ਧੜੇ ਖ਼ਿਲਾਫ਼ ਕੋਈ ਗੱਲ ਨਾ ਕੀਤੀ ਜਾਵੇ। ਇਕ ਗੱਲ ਵਿਸ਼ੇਸ਼ ਉਹਨਾਂ ਨੇ ਕਹੀ ਕਿ ਸਤਿਗੁਰੂ ਜਗਜੀਤ ਸਿੰਘ ਜੀ ਵਾਸਤੇ ਬਹੁਤ ਸਾਰੇ ਸੱਜਣ ਦਸਤਾਰਾਂ ਲੈ ਕੇ ਆਏ ਹਨ, ਪਰ ਸਤਿਗੁਰੂ ਜੀ ਇਕ ਦਸਤਾਰ ਪੰਥ ਵਲੋਂ ਭੇਟਾ ਕੀਤੀ ਹੀ ਸਜਾਉਣਗੇ। ਸਤਿਗੁਰੂ ਜਗਜੀਤ ਸਿੰਘ ਜੀ ਨੇ ਦਸਤਾਰ ਸਜਾ ਕੇ ਖੜ੍ਹੇ ਹੋ ਕੇ ਹੱਥ ਜੋੜਕੇ ਸਭ ਨੂੰ ਦਰਸ਼ਨ ਦਿੱਤੇ।

ਫੇਰ ਬੜਾ ਲੰਮਾ ਚਿਰ ਸ਼ਰਧਾਂਜਲੀਆਂ ਦਾ ਸਿਲਸਿਲਾ ਚੱਲਦਾ ਰਿਹਾ, ਪਰ ਸਭ ਤੋਂ ਪਹਿਲਾਂ ਮਾਸਟਰ ਤਾਰਾ ਸਿੰਘ ਜੀ ਬੋਲੇ, ਉਨ੍ਹਾਂ ਕਿਹਾ ਕਿ "ਏਸ ਵੇਲੇ ਪੰਥ ਨੂੰ ਬਹੁਤ ਭਾਰੀ ਖਤਰਾ ਹੈ। ਜਿਵੇਂ ਬਾਬਾ ਰਾਮ ਸਿੰਘ ਜੀ ਅਤੇ ਬਾਬਾ ਪ੍ਰਤਾਪ ਸਿੰਘ ਜੀ ਨੇ ਪੰਥ ਦੀ ਬੜੀ ਖਿਦਮਤ ਕੀਤੀ..... ਤੁਸੀਂ ਅੱਜ ਬਾਬਾ ਰਾਮ ਸਿੰਘ ਜੀ ਦੀ ਗੱਦੀ 'ਤੇ ਬੈਠੇ ਹੋ। ਇਸ ਵੇਲੇ ਪੰਥ ਦੀ ਸਹਾਇਤਾ ਕਰੋ।" ਇਹ ਭਾਵ ਸਨ ਮਾਸਟਰ ਜੀ ਦੇ, ਭਾਵੇਂ ਸ਼ਬਦਾਂ ਵਿੱਚ ਫਰਕ ਹੋਵੇ। ਦੂਜੇ ਨੰਬਰ 'ਤੇ ਮਹਾਰਾਜਾ ਪਟਿਆਲਾ ਬੋਲੇ, ਜਿਨ੍ਹਾਂ ਨੂੰ ਚਕ੍ਰਵਰਤੀ ਜੀ ਨੇ ਮਹਾਰਾਜ ਕਹਿ ਕੇ ਸੰਬੋਧਤ ਕੀਤਾ। ਮਹਾਰਾਜਾ ਯਾਦਵਿੰਦਰ ਸਿੰਘ ਦਾ ਪਹਿਲਾ ਫ਼ਿਕਰਾ ਸੀ—"ਮੈਂ ਨਹੀਂ ਮੰਨੂਗਾ ਕਿ ਪੰਥ ਨੂੰ ਖ਼ਤਰਾ ਹੈ....।" ਉਸ ਤੋਂ ਬਾਦ ਸਤਿਗੁਰੂ ਪ੍ਰਤਾਪ ਸਿੰਘ ਜੀ ਦੀ ਪੰਥ ਪਰੇਮ ਤੇ ਏਕਤਾ ਦੀ ਰੁਚੀ ਦਾ ਉਹਨਾਂ ਜ਼ਿਕਰ ਕੀਤਾ। ਗਿਆਨੀ ਕਰਤਾਰ ਸਿੰਘ ਜਦੋਂ ਬੋਲੇ ਤਾਂ ਸਕਤਾ ਛਾ ਗਿਆ। ਭਰਵੀਂ ਸਪੱਸ਼ਟ ਆਵਾਜ਼ ਵਿੱਚ ਜਿਹੜੀ ਗੱਲ ਉਨ੍ਹਾਂ ਕਹੀ ਉਸ ਨਾਲ ਸਤਿਗੁਰੂ ਪ੍ਰਤਾਪ ਸਿੰਘ ਜੀ ਦੀ ਸ਼ਖ਼ਸੀਅਤ ਬਹੁਤ ਬੁਲੰਦ ਦਿੱਸਦੀ ਸੀ। ਇਹ ਗੱਲ ਮੈਂ ਸੁਣੀ ਵੀ ਪਹਿਲੀ ਵਾਰ ਹੀ। ਉਨ੍ਹਾਂ ਕਿਹਾ ਕਿ— "ਨਾਮਧਾਰੀਏ ਬਾਰਾਂ ਪਾਤਸ਼ਾਹੀਆਂ ਦੀ ਅਰਦਾਸ ਕਰਦੇ ਹਨ ਅਤੇ ਅਸੀਂ ਦਸਾਂ ਪਾਤਸ਼ਾਹੀਆਂ ਦੀ। ਇਸ ਗੱਲ ਤੋਂ ਲੜਾਈਆਂ ਵੀ ਹੋ ਜਾਂਦੀਆਂ ਸਨ। ਜਦ ਮਹਾਰਾਜ ਪ੍ਰਤਾਪ ਸਿੰਘ ਜੀ ਨੇ ਭੈਣੀ ਸਾਹਿਬ ਵਿੱਚ ਗੁਰੂ ਨਾਨਕ ਨਾਮਲੇਵਾ ਸਰਬ ਸੰਪਰਦਾਇ ਕਾਨਫਰੰਸ ਸੱਦੀ ਤਾਂ ਉਨ੍ਹਾਂ ਸਾਹਮਣੇ ਇਕ ਅੜਾਉਣੀ ਪਾ ਦਿੱਤੀ ਗਈ ਕਿ ਅਸੀਂ ਤਾਂ ਜਾਂਦੇ ਹਾਂ, ਜੇ ਤੁਸੀਂ ਅਰਦਾਸ ਦਸਾਂ ਪਾਤਸ਼ਾਹੀਆਂ ਦੀ ਕਰੋ....? ਬਾਬਾ ਪ੍ਰਤਾਪ ਸਿੰਘ ਜੀ ਨੇ ਆਪਣੇ ਕੇਂਦਰ ਵਿੱਚ ਇਹ ਅਰਦਾਸ ਕਰਾਉਣੀ ਪ੍ਰਵਾਨ ਕਰ ਲਈ, ਪਰ ਗੁਰੂ ਨਾਨਕ ਨਾਮਲੇਵਾ ਸਰਬ ਸੰਪਰਦਾਵਾਂ ਵਿੱਚ ਏਕਤਾ ਕਾਇਮ ਕਰ ਦਿੱਤੀ। ਇਹ ਉਨ੍ਹਾਂ ਦਾ ਬਹੁਤ ਵੱਡਾ ਪਰਉਪਕਾਰ ਸੀ।' ਗਿਆਨੀ ਕਰਤਾਰ ਸਿੰਘ ਜੀ ਸਾਦੇ ਸ਼ਬਦਾਂ ਵਾਲੀ ਤਕਰੀਰ ਨੇ ਬਹੁਤ ਪ੍ਰਭਾਵ ਪਾਇਆ। ਅਕਾਲੀਆਂ ਵਲੋਂ ਤੀਸਰਾ ਆਗੂ ਸੀ ਸ. ਅਮਰ ਸਿੰਘ ਦੁਸਾਂਝ ਜੋ ਉਸ ਸਮੇਂ ਸ਼੍ਰੋਮਣੀ ਗੁਰਦੁਆਰਾ ਪਰਬੰਧਕ ਕਮੇਟੀ ਦਾ ਜਨਰਲ ਸਕੱਤਰ ਸੀ। ਭਾਸ਼ਣ ਕਲਾ ਦਾ ਦੁਸਾਂਝ ਵੀ ਮਾਹਰ ਸੀ ਅਤੇ ਮਹੱਤਤਾ ਵਾਲੀ ਗੱਲ ਇਹ ਸੀ ਕਿ ਸਤਿਗੁਰੂ ਜਗਜੀਤ ਸਿੰਘ ਜੀ ਨੂੰ ਸਤਿਕਾਰ ਵਜੋਂ ਸ਼੍ਰੋਮਣੀ ਕਮੇਟੀ ਵਲੋਂ ਦਸਤਾਰ ਭੇਟ ਕੀਤੀ ਗਈ। ਕਾਂਗਰਸ ਪਾਰਟੀ ਦੇ ਸ. ਸਵਰਨ ਸਿੰਘ, ਗਿਆਨੀ ਜ਼ੈਲ ਸਿੰਘ, ਸ. ਦਰਬਾਰਾ ਸਿੰਘ ਬੋਲੇ।


NamdhariElibrary NamdhariElibrary@gmail.com

ਪਤਾ ਨਹੀਂ ਉਦੋਂ ਉਹ ਕਾਂਗਰਸ ਵਿੱਚ ਸਨ ਜਾਂ ਬਾਹਰ ਪਰ ਹਿੰਦ ਸਮਾਚਾਰ ਦੇ ਮਾਲਕ ਲਾਲਾ ਜਗਤ ਨਰਾਇਣ ਜੀ ਵੀ ਬੋਲੇ। ਪਰ ਮੁੱਖ ਮੰਤਰੀ ਸ. ਪਰਤਾਪ ਸਿੰਘ ਕੈਰੋਂ ਨਾ ਆਇਆ। ਕਮਿਊਨਿਸਟ ਪਾਰਟੀ (ਉਦੋਂ ਸਾਂਝੀ ਹੀ ਸੀ) ਵਲੋਂ ਕਾਮਰੇਡ ਸੋਹਣ ਸਿੰਘ ਜੋਸ਼ ਬੋਲੇ ਸਨ ਇਹ ਮੈਨੂੰ ਚੰਗੀ ਤਰ੍ਹਾਂ ਯਾਦ ਹੈ। ਸੋਸ਼ਲਿਸਟ ਪਾਰਟੀ ਵਲੋਂ ਨੌਜਵਾਨ ਹਰਭਜਨ ਸਿੰਘ ਜੋ ਬਾਦ ਵਿੱਚ ਪੰਜਾਬ ਦਾ ਮੰਤਰੀ ਵੀ ਬਣਿਆ ਬੋਲਿਆ। ਹਰਭਜਨ ਸਿੰਘ ਹੋਰਾਂ ਵੋਟਾਂ ਅਤੇ ਇਲੈਕਸ਼ਨ ਦੇ ਸੰਬੰਧ ਵਿੱਚ ਕੋਈ ਗੱਲ ਕਹੀ ਜਿਸ ਕਰਕੇ ਥੋਹੜਾ ਜਿਹਾ ਵਿਵਾਦ ਹੋਇਆ ਪਰ ਚੱਕਰਵਰਤੀ ਜੀ ਨੇ ਮੁੜ ਸਭ ਕੁਝ ਸਪੱਸ਼ਟ ਕੀਤਾ ਤੇ ਅਜਿਹੀਆਂ ਟਿਪਣੀਆਂ ਤੋਂ ਗੁਰੇਜ਼ ਕਰਨ ਲਈ ਕਿਹਾ। ਬੰਬਈ ਵਾਲੇ ਮਾਣਕਰ ਜੀ, ਲਾਲਾ ਹਰਦੇਵ ਸਹਾਇ ਅਤੇ ਹੋਰ ਬਹੁਤ ਸਾਰੇ ਬੋਲੇ। ਬਹੁਤ ਲੰਮਾ ਸਿਲਸਿਲਾ ਚੱਲਦਾ ਰਿਹਾ ਪਰ ਅਸੀਂ ਫੇਰ ਉਠਕੇ ਚਲੇ ਗਏ। ਸਤਿਜੁਗ ਸਪਤਾਹਕ ਦੇ ਵਿਸ਼ੇਸ਼ ਅੰਕ ਵਿੱਚ ਸ੍ਰੀ ਪ੍ਰੀਤਮ ਸਿੰਘ ਕਵੀ ਨੇ ਇਸ ਸਮਾਗਮ ਦੀ ਬਹੁਤ ਸੰਪੂਰਨ ਰਿਪੋਰਟ ਪ੍ਰਕਾਸ਼ਤ ਕੀਤੀ ਸੀ। ਇਹ ਪੜ੍ਹ ਕੇ ਹੈਰਾਨ ਹੋਈਦਾ ਹੈ ਕਿ ਕਿਵੇਂ ਏਡਾ ਵੱਡਾ ਆਯੋਜਨ ਸਮੇਟਿਆ ਗਿਆ।

ਅਗਲੇ ਦਿਨ ਅਨੰਦ ਕਾਰਜ ਸਨ। ਬਹੁਤ ਤੜਕੇ ਸਾਨੂੰ ਅਨੰਦ ਮੰਡਪ ਵਿੱਚ ਬਿਠਾ ਦਿੱਤਾ ਗਿਆ। ਆਸਾ ਦੀ ਵਾਰ ਦਾ ਕੀਰਤਨ ਹੋਇਆ, ਹਵਨ ਹੋਇਆ। ਸਾਨੂੰ ਅੰਮ੍ਰਿਤ ਛਕਾਇਆ ਗਿਆ ਚਾਰ ਲਾਵਾਂ ਲਈਆਂ ਅਨੰਦ ਕਾਰਜ ਹੋ ਗਿਆ। ਇਹ ਸਤਿਗੁਰੂ ਜਗਜੀਤ ਸਿੰਘ ਜੀ ਦੀ ਛੱਤਰ ਛਾਇਆ ਹੇਠ ਅਨੰਦ ਕਾਰਜ ਕਰਾਉਣ ਵਾਲਾ ਪਹਿਲਾ ਜੱਥਾ ਸੀ। ਜਦੋਂ ਪਾਠਾਂ ਦੇ ਭੋਗ ਪੈ ਗਏ, ਹੋਰ ਕਾਰਜ ਹੋ ਗਏ ਤਾਂ ਸਾਡਾ ਗੰਢ-ਚਿਤਰਾਵਾ ਖੋਲ੍ਹਿਆ ਗਿਆ। ਘੰਟਿਆਂ ਬੱਧੀ ਬੈਠਣ ਨਾਲ ਮੈਨੂੰ ਜ਼ਬਰਦਸਤ ਪਿਸ਼ਾਬ ਆਇਆ ਹੋਇਆ ਸੀ। ਮੇਰੀ ਸਾਰੀ ਸ਼ਕਤੀ ਇਹਨੂੰ ਰੋਕਣ 'ਤੇ ਲੱਗੀ ਹੋਈ ਸੀ। ਜਿਉਂ ਹੀ ਪੱਲੇ ਦੀ ਗੰਢ ਖੋਲ੍ਹੀ ਮੈਂ ਸ਼ੂਟ ਵੱਟੀ ਤੇ ਦੂਰ ਖੇਤਾਂ ਨੂੰ ਦੌੜ ਗਿਆ। ਜਦ ਮੈਂ ਵਾਪਸ ਆਇਆ...... ਨਾ ਓਥੇ ਸਤਿਗੁਰੂ ਜੀ ਸਨ, ਨਾ ਦੀਵਾਨ ਅਤੇ ਨਾ ਮੇਰੀ ਨਵੀਂ ਬਣੀ ਪਤਨੀ! ਇਕ ਔਰਤ ਮੇਰੇ ਪਿੱਛੇ ਫੇਰਿਆ ਵੇਲੇ ਤੁਰਦੀ ਰਹੀ ਸੀ, (ਜੋ ਅੱਜ ਵੀ ਪਿੱਛੇ ਪਿੱਛੇ ਤੁਰੀ ਆ ਰਹੀ ਹੈ)। ਮੂੰਹ ਨੰਗਾ ਹੋਣ ਦੇ ਬਾਵਜੂਦ ਵੀ ਮੈਂ ਵੇਖੀ ਨਹੀਂ ਸੀ।

—ਜਗਦੀਸ਼ ਸਿੰਘ

## ਸੋਲਹ ਕਲਾ ਸੰਪੂਰਨ ਫਲਿਆ
## ਅਨਤ ਕਲਾ ਹੋਇ ਠਾਕੁਰ ਚੜਿਆ
## ਅਨਦ ਬਿਨੋਦ ਹਰਿ ਨਾਮ ਸੁਖ
## ਨਾਨਕ- ਅੰਮ੍ਰਿਤ ਰਸ ਹਰਿ ਭੁੰਚਨਾ

ਗੁਰਬਾਣੀ ਦੇ ਅਰਥ ਤਾਂ ਸਤਿਗੁਰੂ ਜੀ ਆਪ ਹੀ ਕਰ ਸਕਦੇ ਹਨ, ਪਰ ਸੰਗਤ ਵਿਚ ਰਵਾਇਤ ਹੈ ਜਿਸ ਪੰਗਤੀ ਨੂੰ ਠੀਕ ਤਰ੍ਹਾਂ ਸਮਝਣਾ ਹੋਵੇ-ਉਸਦਾ ਇਕੋਤਰ ਸੌ ਪਾਠ ਕੀਤਿਆਂ ਵਧੀਆ ਭਾਵ ਪਰਗਟ ਹੋ ਜਾਂਦਾ ਹੈ।

ਮੈਂ ਉਪਰਲੀਆਂ ਪੰਗਤੀਆਂ ਦਾ ਸਵਾ ਤਿੰਨ ਸੌ ਪਾਠ ਕੀਤਾ ਹੈ, ਮੈਨੂੰ ਇਹਨਾਂ ਦਾ ਇਹ ਭਾਵ ਪਰਗਟ ਹੋਇਆ ਹੈ, ਕਿ ਏਹ ਤੁਕਾਂ ਪੰਜਵੇਂ ਪਾਤਸ਼ਾਹ ਨੇ ਸ੍ਰੀ ਗੁਰੂ ਨਾਨਕ ਦੇਵ ਜੀ ਦੇ ਸੋਲ੍ਹਵੇਂ ਜਾਨਸ਼ੀਨ ਸ੍ਰੀ ਸਤਿਗੁਰੂ ਉਦੈ ਸਿੰਘ ਜੀ ਬਾਰੇ ਹੀ ਉਚਾਰਨ ਕੀਤੀਆਂ ਹਨ।

ਇਸ ਗੱਦੀ ਤੇ ਸੁਸ਼ੋਭਾਇਮਾਨ ਹੋਣ ਵਾਲਾ ਕੋਈ ਵੀ ਸਤਿਗੁਰੂ ਸੋਲਾ ਕਲਾਂ ਤੋਂ ਊਣਾ ਹੋ ਈ ਨਹੀਂ ਸਕਦਾ-ਪਰ ਇਹਨਾਂ ਦੇ ਪਿਛੋਕੜ ਤੇ ਝਾਤ ਪਵਾਉਂਦਿਆਂ ਪੰਚਮ ਪਾਤਸ਼ਾਹ ਪਹਿਲੇ ਜੀਵਨ ਫ਼ਰਮਾ ਰਹੇ ਹਨ।

ਏਹ ਪਹਿਲਾਂ ਪਰ ਠਾਕੁਰ ਨਾਮ ਨਾਲ ਜਾਣੇ ਜਾਣਗੇ ਪਰ ਹੋਣਗੇ ਅਨੰਤ ਕਲਾ ਪਰਿਪੂਰਨ ਤੇ ਹਰ ਵੇਲੇ ਅਨੰਦ ਪ੍ਰਸੰਨਤਾ ਸੰਗ ਅੰਮ੍ਰਿਤ ਹਰਿ ਰਸ ਛਕਣ ਵਾਲੇ।

— ਸਾਧੂ ਕਿਸਾਨ
ਵੀ.ਪੀ.ਓ(ਰਾਮਪੁਰਾ) ਬੁਢੀਮਾੜੀ,
125102-3: ਏਲਨਾ ਬਾਦ, ਹਰਿਆਣਾ
ਫੋਨ. 09813707080


NamdhariElibrary NamdhariElibrary@gmail.com

# ਸੋ ਕਿਉ ਮੰਦਾ ਆਖੀਐ......

—ਡਾ. ਨਿਧੀ ਜੈਨ

ਭਾਰਤ ਦੀ ਪਰੰਪਰਾ ਤੇ ਇਤਿਹਾਸ ਗਵਾਹ ਹੈ ਕਿ ਭਾਰਤ ਵਿੱਚ ਨਾਰੀ ਨੂੰ ਹਮੇਸ਼ਾ ਮਾਨ-ਸਨਮਾਨ ਦਾ ਦਰਜਾ ਦਿੱਤਾ ਗਿਆ ਹੈ। ਨਾਰੀ, ਸਮਾਜ ਦਾ ਉਹ ਅਟੁੱਟ ਅੰਗ ਹੈ ਜਿਸ ਤੋਂ ਬਿਨਾਂ ਸਮਾਜ ਦੀ ਰਚਨਾ ਨਹੀਂ ਹੋ ਸਕਦੀ। ਇਹ ਉਹ ਨੀਂਹ ਹੈ ਜਿਸ ਤੋਂ ਬਿਨਾਂ ਘਰ ਦੀ ਇਮਾਰਤ ਨਹੀਂ ਖੜ੍ਹੀ ਹੋ ਸਕਦੀ। ਜੇ ਅਸੀਂ ਇਤਿਹਾਸ ਦੇ ਪੰਨੇ ਮੁੜ ਫਰੋਲ ਵੇਖੀਏ ਤਾਂ ਕਿੰਨੀਆਂ ਅਜਿਹੀਆਂ ਉਦਾਹਰਨਾਂ ਮਿਲਦੀਆਂ ਨੇ ਜਿਹਨਾਂ ਨੇ ਆਪਣੀ ਸੂਝ-ਬੂਝ ਸਿਆਣਪ ਨਾਲ ਹਰ ਜੰਗ ਜਿੱਤ। ਭਾਵੇਂ ਉਹ ਅੰਗਰੇਜ਼ਾਂ ਦੇ ਖਿਲਾਫ਼ ਸੀ, ਜਨ-ਅਧਰਮ ਦੇ ਜਾਂ ਕੋਈ ਸਿਆਸੀ ਮਸਲਾ, ਜਿਵੇਂ ਬੇਬੇ ਨਾਨਕੀ, ਮਾਤਾ ਗੁਜਰੀ, ਰਾਣੀ ਲਕਛਮੀ ਬਾਈ, ਸਰੋਜਨੀ ਨਾਇਡੂ ਆਦਿ।

ਇਸ ਅਮੀਰ ਵਿਰਾਸਤ ਦੇ ਬਾਵਜੂਦ ਅੱਜ ਸਮਾਜਿਕ ਤੌਰ ਤੇ ਨਾਰੀ ਸਨਮਾਨ ਦੀ ਇਸ ਭਾਵਨਾ ਨੂੰ ਹਕੀਕਤ ਵਿੱਚ ਬਹੁਤਾ ਉਜਾਗਰ ਹੋਇਆ ਨਹੀਂ ਦੇਖਿਆ ਜਾਂਦਾ। ਜਿਸ ਤੇਜ਼ੀ ਨਾਲ ਸਾਡਾ ਸਮਾਜ ਆਧੁਨਿਕਤਾ ਦਾ ਜਾਮਾ ਪਾ ਕੇ ਅੱਗੇ ਵੱਧਦਾ ਜਾ ਰਿਹਾ ਹੈ ਉਹ ਆਪਣੀ ਇਸ ਵਿਰਾਸਤ ਤੋਂ ਤੇ ਆਪਣੀਆਂ ਜੜ੍ਹਾਂ ਤੋਂ ਦੂਰ ਹੁੰਦਾ ਜਾ ਰਿਹਾ ਹੈ ਜਿਸ ਸਮਾਜ ਵਿੱਚ ਨਾਰੀ ਦੀ ਪੂਜਾ ਹੁੰਦੀ ਸੀ ਉਸੀ ਸਮਾਜ ਵਿੱਚ ਬੇਟੀ ਦਾ ਜਨਮ ਲੈਣਾ ਇੱਕ ਬੋਝ ਬਣ ਗਿਆ ਹੈ, ਉਸਦੇ ਜਨਮ ਤੇ ਕੋਈ ਖੁਸ਼ੀ ਦਾ ਪ੍ਰਗਟਾਵਾ ਨਹੀਂ ਹੁੰਦਾ, ਸਗੋਂ ਮਾਂ-ਬਾਪ ਆਪਣੇ ਆਪ ਨੂੰ ਬਦਕਿਸਮਤ ਸਮਝਣ ਲੱਗ ਜਾਂਦੇ ਹਨ। ਜੋ ਨਾਰੀ ਸ੍ਰਿਸ਼ਟੀ ਦੀ ਰਚਨਾਕਾਰ ਸਮਝੀ ਜਾਂਦੀ ਸੀ ਉਹ ਹੁਣ ਸਮਾਜਿਕ ਬੁਰਾਈਆਂ ਦੇ ਚੱਲਦੇ ਬੇਟੀਆਂ ਨੂੰ ਜਨਮ ਦੇਣ ਤੋਂ ਡਰਨ ਲੱਗ ਪਈ ਹੈ ਅਤੇ ਸਮਾਜਿਕ ਦੁਰਦਸ਼ਾ ਕਰਕੇ ਕੁੱਖ ਵਿਚ ਹੀ ਮਾਰਨ ਤੇ ਮਜਬੂਰ ਹੋ ਗਈ ਹੈ ਜਾਂ ਕਰ ਦਿੱਤੀ ਗਈ ਹੈ। ਕੀ ਇਹੀ ਸਾਡੀ ਆਧੁਨਿਕਤਾ ਹੈ ? ਕੀ ਇਹੀ ਸਾਡੀ ਤੱਰਕੀ ਦੀ ਪਹਿਚਾਣ ਹੈ?

ਜਦੋਂ ਇੱਕ ਨਿੱਕੀ ਜਿਹੀ ਜਾਨ ਦੇ ਜਨਮ ਲੈਣ ਤੇ ਉਸਦਾ ਸਵਾਗਤ ਖੁਸ਼ੀ ਨਾਲ ਨਹੀਂ ਬਲਕਿ ਹੰਝੂਆਂ ਨਾਲ ਹੋਵੇ ਉਹ ਕਿਸ ਤਰੱਕੀ ਤੇ ਕਿਸ ਖੁਸ਼ਹਾਲੀ ਦਾ ਸੰਕੇਤ ਦਿੰਦੀ ਹੈ? ਉਸ ਵੇਲੇ ਤੇ ਅਖਬਾਰਾਂ ਦੀਆਂ ਸੁਰਖੀਆਂ, ਲੰਬੇ-ਲੰਬੇ ਭਾਸ਼ਣ, ਬੇਟੀ ਬਚਾਓ-ਬੇਟੀ ਪੜ੍ਹਾਓ ਦੇ ਨਾਅਰੇ ਸਰਕਾਰ ਵਲੋਂ ਕੀਤੀਆਂ ਜਾ ਰਹੀਆਂ ਸਾਰੀਆਂ ਕੋਸ਼ਿਸ਼ਾਂ ਬੇਮਾਅਨੇਂ ਤੇ ਖੋਖਲੀਆਂ ਲੱਗਦੀਆਂ ਹਨ। ਲਗਦਾ, ਜਿਸ ਤਰ੍ਹਾਂ ਮੈਨੂੰ ਮੂੰਹ ਚਿੜ੍ਹਾ ਕੇ ਪੁੱਛ ਰਹੀਆਂ ਹੋਣ ਕਿ ਸਾਡੀ ਤੱਰਕੀ ਦੀ ਇਹੀ ਪਰਿਭਾਸ਼ਾ ਹੈ? ਜਿਨ੍ਹਾਂ ਲੋਕਾਂ ਨੂੰ ਇੱਕ ਬੱਚੇ ਵਿੱਚ ਵੱਸਦੇ ਰੱਬ ਦਾ ਇਹਸਾਸ ਨਹੀਂ, ਉਹ ਮੰਦਿਰ ਗੁਰਦੁਆਰੇ, ਮਸਜਿਦਾਂ ਵਿੱਚ ਕਿਸ ਰੱਬ ਨੂੰ ਪੂਜਦੇ ਨੇ?

ਅਜਿਹੀ ਸੋਚ ਦੇ ਕਾਰਨਾਂ ਵੱਲ ਜੇ ਨਜ਼ਰ ਦੌੜਾਈਏ ਤਾਂ ਉਸਦਾ ਮੁੱਖ ਕਾਰਨ ਹੈ ਮਾਂ-ਬਾਪ ਦਾ ਲੜਕਿਆਂ ਲਈ ਮੋਹ ਤੇ ਇਹ ਸੋਚ ਕਿ ਲੜਕੇ ਸਾਡੇ ਬੁਢਾਪੇ ਦਾ ਸਹਾਰਾ ਹਨ ਤੇ ਕੱਲ ਨੂੰ ਵੱਡੇ ਹੋ ਕੇ ਆਰਥਿਕ ਪੱਖੋਂ ਵੀ ਮਾਂ-ਬਾਪ ਨੂੰ ਮਜਬੂਤੀ ਦੇਣਗੇ ਤੇ ਬੇਟੀਆਂ ਦਾ ਆਰਥਿਕ ਪੱਖੋਂ ਮਾਂ-ਬਾਪ ਤੇ ਨਿਰਭਰ ਹੋਣਾ ਵੀ ਇਸ ਸੋਚ ਨੂੰ ਬੜ੍ਹਾਵਾ ਦਿੰਦਾ ਹੈ। ਜਿੱਥੇ ਲੜਕਿਆਂ ਨੂੰ ਵੰਸ਼ ਵਰੀਧੀ ਦਾ ਕਾਰਨ ਮੰਨਿਆ ਜਾਂਦਾ ਹੈ, ਲੜਕੀਆ ਨੂੰ ਬੇਗਾਨੀ ਅਮਾਨਤ ਸਮਝਿਆ ਜਾਂਦਾ ਹੈ। ਅੱਜ ਕੱਲ੍ਹ ਦੇ ਜ਼ਮਾਨੇ ਵਿੱਚ ਇਹ ਧਾਰਨਾ ਤੇ ਇਹ ਸੋਚ ਗਲਤ ਸਾਬਿਤ ਹੋ ਰਹੀ ਹੈ ਕਿਉਂਕਿ ਅੱਜ ਜਦੋਂ ਲੜਕੀਆਂ ਹਰ ਖੇਤਰ ਵਿੱਚ ਲੜਕਿਆਂ ਨਾਲ ਮੋਢੇ ਨਾਲ ਮੋਢਾ ਮਿਲਾਕੇ ਮੁਕਾਬਲਾ ਕਰ ਰਹੀਆਂ ਹਨ ਅਤੇ ਨਾਲੋ-ਨਾਲ ਆਪਣੀ ਸਮਾਜਿਕ ਜਿੰਮੇਵਾਰੀਆਂ ਨੂੰ ਵੀ ਪੂਰਾ ਕਰ ਰਹੀਆਂ ਹਨ। ਅੱਜ ਲੜਕੀਆਂ ਆਰਥਿਕ ਤੌਰ ਤੇ ਵੀ ਓਨੀਆਂ ਹੀ ਸਮਰੱਥ ਹਨ ਜਿੰਨੀਆਂ ਭਾਵਨਾਤਮਕ ਤੌਰ ਤੇ। ਅੱਜ ਦੇ ਬਦਲਦੇ ਸਮਾਜ ਵਿਚ ਲੜਕੀਆਂ ਮਾਂ-ਬਾਪ ਦੀ ਅਰਥੀ ਨੂੰ ਮੋਢਾ ਵੀ ਦਿੰਦੀਆਂ ਹਨ ਤੇ ਬੁਢਾਪੇ ਵਿੱਚ ਉਨ੍ਹਾਂ ਦਾ ਸਹਾਰਾ ਵੀ ਬਣਦੀਆਂ ਹਨ।

ਇਨ੍ਹਾਂ ਸਮਾਜਿਕ ਕਰੂਰਤਾਂ ਦਾ ਅੰਦਾਜ਼ਾ ਤਦ ਹੁੰਦਾ ਹੈ ਜਦੋਂ ਆਪਾਂ ਇੱਕ ਨਜ਼ਰ ਅਖਬਾਰਾਂ ਵਿਚ ਆਏ ਸਰਵੇ ਵੱਲ ਮਾਰੀਏ, ਜਿਸ ਅਨੁਸਾਰ ਹਰ ਸਾਲ 15 ਲੱਖ ਕੁੜੀਆਂ ਦੀ ਭਰੂਣ ਹੱਤਿਆ ਕਰ ਦਿੱਤੀ ਜਾਂਦੀ ਹੈ। ਜਿਨ੍ਹਾਂ ਨੂੰ ਇਸ ਦੁਨੀਆਂ 'ਚ ਆਉਣ ਤੋਂ ਪਹਿਲਾਂ ਹੀ ਮੌਤ ਦੀ ਨੀਂਦ ਸੁਲਾ ਦਿਤਾ ਜਾਂਦਾ ਹੈ। ਹੈ ਨਾ ਇਹ ਇੱਕ ਸ਼ਰਮਨਾਕ ਤੱਤ, ਜਿਸ ਤੋਂ ਮੈਂ, ਤੁਸੀਂ ਤੇ ਸ਼ਾਇਦ ਆਪਾਂ ਸੱਭ ਹਾਲੇ ਤੱਕ ਅਨਜਾਣ ਹਾਂ। ਕੀ ਅਸੀਂ ਇਨਸਾਨ ਤੋਂ ਹੈਵਾਨ ਬਣਦੇ ਜਾ ਰਹੇ ਹਾਂ? ਇਸਦੇ ਚਲਦੇ ਇਸਤਰੀ ਪੁਰਸ਼ ਦਾ ਅਨੁਪਾਤ ਵਿਗੜ ਗਿਆ ਹੈ ਤੇ ਉਸਦਾ ਸਿੱਟਾ ਸਮਾਜ ਚ ਫੈਲਦੇ ਜੁਰਮਾਂ 'ਚ ਵਾਧਾ। Asian Centre For human right organisation ਦਵਾਰਾ ਕੀਤੀ ਇੱਕ study ਮੁਤਾਬਿਕ ਭਾਰਤ


Namdhari Elibrary NamdhariElibrary@gmail.com

ਦਾ ਪੂਰੀ ਦੁਨੀਆਂ ਵਿੱਚ ਲਿੰਗ ਅਨੁਪਾਤ ਵਿਚ ਚੌਥਾ ਸਥਾਨ ਹੈ। ਪਹਿਲਾਂ Liechtenstem ਜਿਸ ਵਿੱਚ 126 ਪੁਰਸ਼ਾਂ ਪਿੱਛੇ 100 ਇਸਤਰੀਆਂ ਹਨ ਦੂਸਰੇ ਤੇ China 115 : 100, ਫੇਰ Armenia 113 : 100 ਤੇ ਫੇਰ ਭਾਰਤ ਵਿੱਚ 112 :100, ਲਿੰਗ ਅਨੁਪਾਤ ਹੈ।

ਇਸ ਸਭ ਲਈ ਕੌਣ ਜ਼ਿੰਮੇਵਾਰ ਹੈ? ਜੀ ਹਾਂ ਅਸੀਂ ਸਭ। ਕਿਸੇ ਨਾ ਕਿਸੇ ਰੂਪ ਵਿਚ ਚਾਹੇ ਪਰਤਖ ਚਾਹੇ ਪਰੋਖ ਰੂਪ ਵਿਚ ਅਸੀ ਸਭ ਇਸ ਸਮਾਜਿਕ ਬੁਰਾਈ ਦਾ ਹਿੱਸਾ ਹਾਂ ਤੇ ਦੋਸ਼ੀ ਵੀ। ਅੱਜ ਜਦੋ ਕਲਪਨਾ ਚਾਵਲਾ, ਸਾਨਿਆ ਨੇਹਿਵਾਲ, ਮੈਰੀ ਕੋਮ ਵਰਗੀਆਂ ਬੇਟੀਆਂ ਨੇ ਦੇਸ਼ ਦਾ ਨਾਂ ਰੌਸ਼ਨ ਕੀਤਾ ਤੇ ਉਹਨਾਂ ਦੇ ਹੌਸਲਿਆਂ ਨੇ ਅਸਮਾਨ ਦੀ ਉਡਾਰੀ ਮਾਰੀ, ਉਸ ਸਮੇਂ ਸਾਡੀ ਇਹ ਸੋੜੀ ਸੋਚ ਸਾਡੀ ਮਾਨਸਿਕ ਸੰਕੀਰਨਤਾ ਨੂੰ ਉਜਾਗਰ ਕਰਦੀ ਹੈ। ਇਹ ਸਾਨੂੰ ਕਿਸ ਰਾਹ ਵੱਲ ਲੈ ਕੇ ਜਾਵੇਗੀ? ਜੀ ਬਿਲਕੁਲ ਸਹੀ, ਬਰਬਾਦੀ ਵੱਲ!

ਜੇ ਇਸ ਸਮਾਜਿਕ ਕੁਰੀਤੀ ਤੋਂ ਨਿਜ਼ਾਤ ਪਾਉਣੀ ਹੈ ਤਾਂ ਇਸ ਬਦਲਦੇ ਸਮਾਜ ਦੀ ਸੋਚ ਨੂੰ ਵੀ ਬਦਲਣਾ ਹੋਵੇਗਾ। ਕੁੜੀਆਂ ਨੂੰ ਵੱਧ ਤੋ ਵੱਧ ਪੜ੍ਹਨ ਦੇ ਤੇ ਅੱਗੇ ਆਉਣ ਦੇ ਮੌਕੇ ਦੇਣੇ ਚਾਹੀਦੇ ਹਨ ਤੇ ਮੁੰਡਿਆਂ ਨੂੰ ਇਹੋ ਜਿਹੇ ਸੰਸਕਾਰ ਦੇਣੇਂ ਚਾਹੀਦੇ ਹਨ ਕਿ ਉਹ ਨਾਰੀ ਦੇ ਹੱਕ ਲਈ ਲੜ ਸਕਣ ਤੇ ਉਨਾਂ ਦੇ ਸਨਮਾਨ ਦੀ ਰੱਖਿਆ ਕਰ ਸਕਣ।

ਇਸ ਲਈ ਜ਼ਰੂਰਤ ਹੈ ਇੱਕ ਸੋਚ ਬਦਲਣ ਦੀ I ਗਰੀਬ ਹੋਣ 'ਚ ਕੋਈ ਬੁਰਾਈ ਨਹੀਂ, ਪਰ ਇਕ ਗਰੀਬ ਸੋਚ ਦਾ ਮਾਲਿਕ ਹੋਣਾ ਸਭ ਤੋਂ ਵੱਡੀ ਬੁਰਾਈ ਹੈ। ਜ਼ਰੂਰਤ ਹੈ ਇਸ ਮਾਨਸਿਕ ਗਰੀਬੀ ਤੋਂ ਬਾਹਰ ਨਿਕਲਣ ਦੀ ਤੇ ਸਮਾਜ 'ਚ ਫੈਲਦੀ ਜਾ ਰਹੀ ਇਸ ਬੁਰਾਈ ਤੋਂ ਲੋਕਾਂ ਨੂੰ ਜਾਗਰੂਕ ਕਰਵਾਉਣ ਦੀ, ਉਨਾਂ ਦੀ ਅੰਤਰ-ਆਤਮਾ ਨੂੰ ਜਗਾਉਣ ਦੀ I ਨਾਰੀ ਨੂੰ ਉਸਦਾ ਹੱਕ ਸਨਮਾਨ ਵਾਪਿਸ ਦਿਲਵਾਉਣਾ ਤਦੋਂ ਹੀ ਸੰਭਵ ਹੈ ਜਦੋਂ ਸਮਾਜ ਦਾ ਹਰ ਵਰਗ, ਹਰ ਮਨੁੱਖ, ਭਾਵੇਂ ਅਮੀਰ, ਭਾਵੇਂ ਗਰੀਬ, ਭਾਵੇਂ ਕਿਸੀ ਵੀ ਮਜ਼ਹਬ ਨੂੰ ਮੰਨਣ ਵਾਲਾ ਇਸ ਬੁਰਾਈ ਦੇ ਖਿਲਾਫ ਜੰਗ ਛੇੜੇ ਤੇ ਇਕ ਨਰੋਏ ਸਮਾਜ ਦੀ ਸਿਰਜਨਾ ਕਰੇ।

ਆਓ, ਇੱਕ ਅਜਿਹੇ ਸਮਾਜ ਦੀ ਸਿਰਜਨਾ ਕਰੀਏ ਜਿਸ ਵਿੱਚ ਨਾਰੀ ਦਾ ਸਨਮਾਨ ਹੋਏ, ਬੇਟੀ ਬੇਟੇ ਵਿਚ ਕੋਈ ਅੰਤਰ ਨਾ ਹੋਵੇ ਤੇ ਹਰ ਇਕ ਨੂੰ ਸਨਮਾਨਯੋਗ ਜ਼ਿੰਦਗੀ ਮਿਲੇ। ਇਹ ਹੀ ਅਸਲੀ ਤੱਰੱਕੀ ਦੀ ਪਹਿਚਾਣ ਹੈ ਤੇ ਇਹੀ ਜ਼ਿੰਦਗੀ ਦਾ ਸਬੱਬ।

*ਮੋ. 93570-25693*

*ਲੁਧਿਆਣਾ*

# ਅਟਲ ਪ੍ਰਤਾਪੀ ਦੀ ਯਾਦ 'ਚ

# ਰੁਬਾਈਆਂ

ਅਟੱਲ ਪ੍ਰਤਾਪੀ ਨੂਰੀ ਸਤਿਗੁਰ,
ਮਾਨਵਤਾ ਨੂੰ ਤਾਰਣਹਾਰਾ।
ਸਰੂ ਕੱਦ ਤੇ ਖਿੜਿਆ ਚਿਹਰਾ,
ਖ਼ੁਸ਼ੀਆਂ ਛਹਿਬਰ ਲਾਵਣਹਾਰਾ।
ਸਿੱਖੀ ਰੀਤ ਉਸ ਨੇ ਦੱਸੀ,
ਸੁੱਚ ਸੋਧ ਪ੍ਰਵਾਰ ਚਲਾਇਆ।
ਗਊ ਗ਼ਰੀਬ ਦਾ ਉਹ ਰਖਵਾਲਾ,
ਪੰਥ ਬਾਗ -ਮਹਿਕਾਵਣ ਹਾਰਾ।

***

ਜੀਵਨ ਨਗਰ ਆਬਾਦ ਸੀ ਕੀਤਾ,
ਜੰਗਲ ਦੇ ਵਿਚ ਮੰਗਲ ਲਾਇਆ।
ਰਾਗ ਸੰਗੀਤ ਕਲਾ ਤੇ ਕੌਸ਼ਲ,
ਕਾਵਿ ਸਾਹਿਤ ਨੂੰ ਮਾਣ ਦਿਵਾਇਆ।
ਰਹਿਮਤ ਬੇਅੰਤ ਉਸ ਨੇ ਕੀਤੀ,
ਸਿੱਖੀ ਕਾਨਫਰੰਸਾਂ ਰਚੀਆਂ।
ਯਾਦ ਉਸ ਦੀ ਬਹੁਤ ਸਤਾਵੇ,
ਪੰਜ ਭਾਦਉਂ ਨੇ ਕਹਿਰ ਕਮਾਇਆ।

***

ਪੰਥ ਏਕਤਾ ਜਤਨ ਸੀ ਉਹਦੇ,
ਪਰ-ਉਪਕਾਰੀ ਸਤਿਗੁਰ ਪਿਆਰਾ।
ਦੇਸ਼ ਵਿਦੇਸ਼ ਦਾ ਭਰਮਣ ਕੀਤਾ,
ਚੀਨੀ ਵਾਲੇ ਨੂੰ ਲੱਭ ਲੱਭ ਹਾਰਾ।
ਲੱਖਾਂ ਪਾਠ ਵਰਨੀਆਂ ਕਰ ਕੇ,
ਜਪੁ-ਪ੍ਰਯੋਗ ਹਵਨ ਰਚਾਏ।
ਪੰਜ ਭਾਦਉਂ ਸਾਥੋਂ ਝੱਲ ਨਾ ਹੋਵੇ,
"ਕੰਗ" ਵਿਛੋੜੇ ਬੇ-ਹੱਦ ਮਾਰਾ।

—ਪ੍ਰੋ. ਜੋਗਿੰਦਰ ਸਿੰਘ ਕੰਗ
098785-03673160
ਗਲੀ ਨੰ. 6 ਸਤਜੋਤ ਨਗਰ
ਦੁੱਗਰੀ-ਧਾਂਦਰਾ ਰੋਡ, ਲੁਧਿਆਣਾ- 141116



Namdhari Elibrary NamdhariElibrary@gmail.com

# ਰੀਓ ਉਲੰਪਿਕ ਖੇਡਾਂ—2016

# ਭਾਰਤੀ ਕੁੜੀਆਂ ਦਾ ਸ਼ਾਨਦਾਰ ਪ੍ਰਦਰਸ਼ਨ



*ਪੀ.ਵੀ. ਸਿੰਧੂ (ਬੈਡਮਿੰਟਨ)*

ਇਸ ਵਾਰ ਦੀਆਂ ਓਲੰਪਿਕ ਖੇਡਾਂ ਵਿੱਚ 121 ਭਾਰਤੀ ਖਿਡਾਰੀਆਂ ਦਾ ਵੱਡਾ ਟੋਲਾ ਬਰਾਜ਼ੀਲ ਦੀ ਰਾਜਧਾਨੀ ਰੀਓ ਡੀ ਜਨੇਰੀਓ ਗਿਆ। ਹਮੇਸ਼ਾਂ ਦੀ ਤਰਾਂ ਇਸ ਵਾਰ ਵੀ ਸਾਰੇ ਖਿਡਾਰੀਆਂ ਨੇ ਬੜੀ ਮਿਹਨਤ ਨਾਲ ਤਿਆਰੀ ਕੀਤੀ। ਆਪਣੀ ਖੇਡ ਦਾ ਹੋਰ ਵਧੀਆ ਪ੍ਰਦਰਸ਼ਨ ਕਰਨ ਦਾ ਯਤਨ ਕੀਤਾ। ਪਰ 11-12 ਦਿਨਾਂ ਦੀ ਜਦੋ-ਜਿਹਦ ਤੋਂ ਬਾਅਦ ਭਾਰਤ ਨੂੰ ਤਗਮਾ ਹਾਸਿਲ ਕਰਨ ਵਿੱਚ ਨਾਕਾਮਯਾਬੀ ਹੀ ਮਿਲੀ। ਪਰ 18 ਅਗਸਤ ਵਾਲੇ ਦਿਨ ਭਾਰਤ ਦੀ ਇੱਕ ਧੀ ਸਾਕਸ਼ੀ ਮਲਿਕ ਨੇ ਕੁਸ਼ਤੀ ਫਰੀ ਸਟਾਈਲ 58 Kg ਵਿੱਚੋਂ ਕਾਂਸੇ ਦਾ ਤਗਮਾ ਹਾਸਿਲ ਕਰ ਸਾਰੇ ਦੇਸ਼ ਨੂੰ ਮਾਣ ਦਿਵਾਇਆ। ਹਰਿਆਣਾ ਦੇ ਰੋਹਤਕ ਜ਼ਿਲੇ ਦੀ ਇਹ ਬੱਚੀ ਜਿੱਥੇ ਕਿ ਕੁੜੀਆਂ ਲਈ ਬਾਹਰ ਨਿਕਲਣਾ ਤੇ' ਪੜਨਾ ਲਿਖਣ ਬਹੁਤ ਮੁਸ਼ਕਿਲ ਹੈ, ਉੱਥੇ ਇਸ ਬੱਚੀ ਨੇ ਮਰਦ ਪ੍ਰਧਾਨ ਖੇਡ ਵਿੱਚ ਤੱਗਮਾ ਹਾਸਿਲ ਕਰ ਕੇ ਆਪਣੇ ਦੇਸ਼ ਦੇ ਨਾਲ ਨਾਲ ਆਪਣੇ ਸ਼ਹਿਰ ਅਤੇ ਮਾਂ-ਬਾਪ ਦਾ ਨਾਂ ਵੀ ਰੋਸ਼ਨ ਕਰ ਦਿੱਤਾ।

ਜਦੋਂ ਸਾਰਾ ਦੇਸ਼ ਇਸ ਖੁਸ਼ੀ ਦਾ ਜਸ਼ਨ ਮਨਾ ਰਿਹਾ ਸੀ, ਇੱਕ ਦੂਜੇ ਨੂੰ ਵਧਾਈਆਂ ਦਿੱਤੀਆਂ ਜਾ ਰਹੀਆਂ ਸਨ, ਉਸੇ ਦਿਨ ਭਾਰਤ ਦੀ ਇੱਕ ਹੋਰ ਧੀ, ਹੈਦਰਾਬਾਦ ਦੀ ਜੰਮਪਲ 21 ਵਰਿਆਂ ਦੀ ਪੀ ਵੀ ਸਿੰਧੂ ਬੈਡਮਿੰਟਨ (ਸਿੰਗਲ) ਦੇ ਸੈਮੀ-ਫਾਈਨਲ ਵਿੱਚ ਪਹੁੰਚ ਗਈ। ਇੱਥੇ ਉਸਦਾ ਮੁਕਾਬਲਾ ਵਿਸ਼ਵ ਰੈਂਕਿੰਗ ਛੇ ਦੀ ਜਪਾਨੀ ਖਿਡਾਰਣ ਨੋਜੋਮੀ ਓਕੂਹਾਰਾ ਨਾਲ ਸੀ। ਇਹ ਮੁਕਾਬਲਾ ਉਸ ਨੇ ਕੜੀ ਮਿਹਨਤ ਅਤੇ ਆਪਣੀ ਖੇਡ ਕਲਾ ਦੇ ਉੱਤਮ ਪ੍ਰਦਰਸ਼ਨ ਨਾਲ 2 ਸੈਟਾਂ ਵਿੱਚ ਹੀ ਜਿੱਤ ਲਿਆ ਅਤੇ ਫਾਈਨਲ ਵਿੱਚ ਪਹੁੰਚ ਗਈ। ਇਸ ਤਰ੍ਹਾਂ ਉਹ ਉਲੰਪਿਕ ਖੇਡਾਂ ਦੇ ਬੈਡਮਿੰਟਨ ਫਾਈਨਲ ਵਿੱਚ ਪਹੁੰਚਣ ਵਾਲੀ ਪਹਿਲੀ ਭਾਰਤੀ ਮਹਿਲਾ ਬਣ ਗਈ। ਇੱਥੇ ਇਸ ਦਾ ਮੁਕਾਬਲਾ ਵਿਸ਼ਵ ਦੀ ਚੋਟੀ ਦਾ ਦਰਜਾ ਪ੍ਰਾਪਤ ਸਪੇਨ ਦੀ ਕੈਰੋਲੀਨਾ ਮਾਰਿਨ ਨਾਲ ਸੀ। ਇਸ ਮੁਕਾਬਲੇ ਵਿੱਚ ਵੀ ਸਿੰਧੂ ਨੇ ਆਪਣੀ ਪੂਰੀ ਵਾਹ ਲਗਾ ਦਿੱਤੀ। ਪਹਿਲਾ ਸੈਟ ਜਿੱਤ ਕੇ ਸੋਨੇ ਦੇ ਤਗਮੇ ਦੀ ਉਮੀਦ ਬਣੀ ਪਰ ਮਾਰਿਨ ਦੀ ਖੇਡ ਕਲਾ ਵੀ ਵੇਖਦੇ ਹੀ ਬਣਦੀ ਸੀ। ਅਗਲੇ ਦੋਵੇਂ ਸੈਟ ਵਿੱਚ ਰਖਿਆਤਮਕ ਖੇਡ ਖੇਡਦੇ ਹੋਏ ਇਸ ਕੁੜੀ ਨੇ ਪੂਰੀ ਜੀ ਜਾਨ ਨਾਲ ਮੁਕਾਬਲਾ ਕੀਤਾ ਅਤੇ ਚਾਂਦੀ ਦੇ ਤਗਮੇ ਨੂੰ ਹਾਸਿਲ ਕਰ ਲਿਆ।



*ਸਾਕਸ਼ੀ ਮਲਿਕ (ਕੁਸ਼ਤੀ)*

ਪੂਰੇ ਭਾਰਤ ਦੇਸ਼ ਅਤੇ ਦੇਸ਼ ਤੋਂ ਬਾਹਰ ਵੱਸਦੇ ਭਾਰਤੀਆਂ ਨੂੰ ਇਹਨਾਂ ਕੁੜੀਆਂ ਤੇ ਮਾਣ ਹੈ। ਰਾਸ਼ਟਰਪਤੀ, ਪ੍ਰਧਾਨਮੰਤਰੀ ਤੋਂ ਲੈ ਕੇ ਮਾਂ-ਬਾਪ ਅਤੇ ਦੇਸ਼ ਦਾ ਹਰ ਨਾਗਰਿਕ ਇਹਨਾਂ ਦੀ ਇਸ ਜਿੱਤ ਤੋਂ ਖੁਸ਼ ਹੈ, ਉਤਸਾਹਿਤ ਹੈ।

ਭਾਰਤ ਸਰਕਾਰ, ਰਾਜ ਸਰਕਾਰਾਂ ਅਤੇ ਹੋਰ ਅਦਾਰਿਆਂ ਨੇ ਇਹਨਾਂ ਉੱਤੇ ਇਨਾਮਾਂ ਦੀ ਝੜੀ ਲਗਾ ਦਿੱਤੀ ਹੈ। ਮੇਰੀ ਇਹਨਾਂ ਸਰਕਾਰਾਂ ਅਗੇ ਬੇਨਤੀ ਹੈ ਇਹ ਆਰਥਿਕ ਸਹਾਇਤਾ ਖਿਡਾਰੀਆਂ ਨੂੰ ਪਹਿਲਾਂ ਦਿੱਤੀ ਜਾਵੇ ਤਾਂ ਜ਼ਿਆਦਾ ਲਾਭਵੰਦ ਹੋਵੇਗੀ। ਭਾਰਤ ਸਰਕਾਰ ਅਤੇ ਰਾਜ ਸਰਕਾਰ ਖਿਡਾਰੀਆਂ ਦੇ ਹੁਨਰ ਨੂੰ ਪਛਾਣ ਕੇ ਉਹਨਾਂ ਨੂੰ ਇਹ ਸਹਾਇਤਾ ਪ੍ਰਦਾਨ ਕਰੇ ਤਾਂ ਜੋ ਉਹਨਾਂ ਨੂੰ ਤਿਆਰੀ ਕਰਨ ਵਿੱਚ ਮਦਦ ਮਿਲੇ, ਤੇ ਉਹ ਵਧੀਆ ਪ੍ਰਦਰਸ਼ਨ ਕਰਨ।

ਇੱਕ ਵਾਰ ਫੇਰ ਤੋਂ ਇਹਨਾਂ ਕੁੜੀਆਂ ਨੂੰ ਬੇਮਿਸਾਲ ਜਿੱਤ ਹਾਸਲ ਕਰਨ ਲਈ ਬਹੁਤ-ਬਹੁਤ ਵਧਾਈਆਂ। ਜਿਉਂਦੀਆਂ ਵੱਸਦੀਆਂ ਰਹੋ। ਰੱਬ ਰਾਖਾ।

—ਡਾ : ਰਜਵੰਤ ਕੌਰ

98786-16996


ari Elibrary lamdhariElibrary@gm



# ਬਾਲ-ਸਖਾ ਭਾਈ ਲਹਿਣਾ ਸਿੰਘ

*—ਸੁਵਰਨ ਸਿੰਘ ਵਿਰਕ*

"ਕੰਬਦੇ ਸੀ ਰਾਜੇ ਮਹਾਰਾਜਿਆਂ ਨੂੰ ਖੌਫ਼ ਉਹਦਾ,
ਝੱਲਦਾ ਨਾ ਕੋਈ ਉਸ ਪ੍ਰੀਤਮ ਦੀ ਝਾਲਾ ਸੀ।
ਝਿਜਕਦੇ ਫ਼ਰੰਗੀ ਉਹਦੀ ਵੇਖ ਜਥੇਬੰਦੀ ਲੱਖਾਂ,
ਸੇਵਕਾਂ ਨੂੰ ਵੇਖ ਚਿਤ ਹੋਵਦਾ ਦੁਖਾਲਾ ਸੀ।
ਚੋਰ ਧੜਵੈਲ ਡਾਕੂ ਆਂਵਦੇ ਜੋ ਪਾਸ ਓਹਦੇ,
ਪੁੱਛ ਕੇ ਭਜਨ ਜਾਪ ਜਪਦੇ ਅਕਾਲਾ ਸੀ।
ਚੜ੍ਹਦਾ ਜਾਂ ਦੌਰੇ ਪੈਂਦਾ ਵਖਤ ਫ਼ਰੰਗੀਆਂ ਨੂੰ,
ਚਾਲ ਸੀ ਅਜੀਬ ਤੇ ਨਿਰਾਲੀ ਉਹਦੀ ਢਾਲਾ ਸੀ।"

ਪ੍ਰਸਿੱਧ ਨਾਮਧਾਰੀ ਵਿਦਵਾਨ, ਸੁਤੰਤਰਤਾ ਸੰਗਰਾਮੀ, ਪਰਚਾਰਕ ਅਤੇ ਕੀਰਤਨੀਏ, ਸੰਤ ਨਿਧਾਨ ਸਿੰਘ ਆਲਿਮ ਨੇ ਉਪਰੋਕਤ ਕਾਵਿ ਸਤਰਾਂ ਵਿਚ, ਸਤਿਗੁਰੂ ਜੀ ਦੀ ਰੂਹਾਨੀ ਚੜ੍ਹਤ ਅਤੇ ਵਿਦੇਸ਼ੀ ਹਾਕਮਾਂ ਦੇ ਹਿਰਦੇ ਵਿਚ ਉਹਨਾਂ ਦੀ ਸੰਗਠਨ ਸ਼ਕਤੀ ਦੇ ਭਿਆਨਕ ਖੌਫ ਦਾ ਸਜੀਵ ਚਿਤਰਣ ਕੀਤਾ ਹੈ। ਸਤਿਗੁਰੂ ਜੀ ਦੇ ਇਤਨੇ ਵਿਆਪਕ ਸੰਗਠਨ ਦਾ ਮੁੱਖ ਕੇਂਦਰ ਸ੍ਰੀ ਭੈਣੀ ਸਾਹਿਬ ਸੀ। ਗੁਰਦੁਆਰਾ ਸ੍ਰੀ ਭੈਣੀ ਸਾਹਿਬ ਇਕ ਦਿਨ ਵਿਚ ਨਹੀਂ ਸੀ ਉਸਰਿਆ। ਇਹ ਦਰਅਸਲ ਪਹਿਲਾਂ ਸ੍ਰੀ ਸਤਿਗੁਰੂ ਜੀ ਦੇ ਪਰਿਵਾਰ ਦਾ ਨਿਵਾਸ ਅਸਥਾਨ ਸੀ ਜਿੱਥੇ ਉਹ ਕੁਝ ਮਹੀਨਿਆਂ ਦੀ ਆਰਜਾ ਵਿਚ ਹੀ ਮਾਤਾ-ਪਿਤਾ ਸਮੇਤ, ਆਪਣੀ ਜਨਮ-ਨਗਰੀ ਰਾਈਆਂ ਤੋਂ ਆ ਗਏ ਸਨ। ਇਹ ਰਾਈਆਂ ਵਿਚੋਂ ਨਿਕਲ ਕੇ ਵੱਸਿਆ ਇਕ ਛੋਟਾ ਜਿਹਾ ਪਿੰਡ ਸੀ। ਇਸ ਸਥਾਨ ਤੇ ਆਪ ਦਾ ਨਿਵਾਸ-ਅਸਥਾਨ ਬਣਨ, ਇਸ ਦਾ ਹੋਰ ਵਿਸਥਾਰ ਕਰਨ ਜੋ ਸ੍ਰੀ ਗੁਰੂ ਹਰੀ ਸਿੰਘ ਜੀ ਦੇ ਸਮੇਂ ਵਿਚ ਵੀ ਰਾਮਸਰ ਵੱਸਣ ਦੇ ਰੂਪ ਵਿਚ ਜਾਰੀ ਰਿਹਾ, ਜਿਸ ਸੱਜਣ ਜਾਂ ਉਸ ਦੇ ਪਰਿਵਾਰ ਦੀ ਮੁੱਖ ਭੂਮਿਕਾ ਰਹੀ ਹੈ, ਉਸ ਦਾ ਨਾਮ ਲਹਿਣਾ ਸਿੰਘ ਸੀ, ਜਿਸ ਨੂੰ ਸਤਿਗੁਰੂ ਜੀ ਦਾ ਬਾਲ-ਸਖਾ ਹੋਣ ਦਾ ਮਾਨ ਵੀ ਮਿਲਿਆ। ਬਹੁਤ ਸਾਰੇ ਉਤਰਾਵਾਂ ਚੜ੍ਹਾਵਾਂ ਦੇ ਬਾਵਜੂਦ, ਲਹਿਣਾ ਸਿੰਘ ਅਤੇ ਉਸਦਾ ਪਰਿਵਾਰ ਸਤਿਗੁਰੂ ਜੀ ਦੇ ਸਨਮੁੱਖ ਹੀ ਰਿਹਾ ਹੈ।

ਸ੍ਰੀ ਭੈਣੀ ਸਾਹਿਬ ਵਿਚ ਵੱਸਣ ਵਾਲੇ ਵਾਹੀਵਾਨ ਜੱਟ ਅਤੇ ਰਵਿਦਾਸੀਆ ਜਾਂ ਰਾਮਦਾਸੀਆ ਭਾਈਚਾਰਾ ਵੀ ਰਾਇ ਗੋਤ ਨਾਲ ਸਬੰਧਿਤ ਹੈ। ਇਸ ਗੋਤ ਦਾ ਮੁੱਢ ਪੰਜਾਬ ਦੀਆਂ ਹੋਰ ਕਿਸਾਨ ਸ਼੍ਰੇਣੀਆਂ ਦੀਆਂ ਗੋਤਾਂ ਵਾਂਗ, ਰਾਜਪੂਤਾਂ ਵਿਚੋਂ ਹੀ ਹੋਇਆ। ਭੱਟੀ ਰਾਜਪੂਤਾਂ ਵਿਚੋਂ ਗੁਰੂ ਨਾਨਕ ਦੇਵ ਜੀ ਦੇ ਜਨਮ ਅਸਥਾਨ ਵਾਲੀ ਨਗਰੀ, 'ਰਾਇ ਭੋਇ ਕੀ ਤਲਵੰਡੀ' ਦੇ ਮਾਲਕ ਰਾਇ ਬੁਲਾਰ 'ਭੱਟੀ' ਸਨ। ਰਾਏਕੋਟ ਦੇ ਰਾਏ ਕੱਲਾ ਵੀ ਰਾਜਪੂਤ ਵੰਸ਼ਿਜ ਸਨ, ਜਿਹਨਾਂ ਨੂਰੇ ਮਾਹੀ ਨੂੰ ਭੇਜਕੇ, ਦਸਵੇਂ ਪਾਤਸ਼ਾਹ ਜੀ ਦੇ ਛੋਟੇ ਸਾਹਿਬਜ਼ਾਦਿਆਂ ਦੀ ਸ਼ਹੀਦੀ ਦਾ ਹਿਰਦੇ-ਵੇਧਕ ਸਮਾਚਾਰ ਹਜ਼ੂਰ ਤੱਕ ਪੁਚਾਇਆ ਸੀ। ਰਾਇਕੋਟ, ਨਵਾਂ ਸ਼ਹਿਰ ਇਲਾਕਿਆਂ ਵਿਚ, ਰਾਇ ਗੋਤ ਦੇ ਜੱਟਾਂ ਦੇ ਆਮ ਪਿੰਡ ਹਨ। ਸ੍ਰੀ ਭੈਣੀ ਸਾਹਿਬ ਦੇ ਆਸ ਪਾਸ, ਰਾਈਆਂ, ਚੱਕ ਸਰਬਣ ਨਾਥ, ਮੰਜਾਲੀਆਂ ਅਤੇ ਇਕ ਹੋਰ, ਪੰਜ ਪਿੰਡ ਰਾਇ ਜੱਟਾਂ ਦੀ ਵੱਸੋਂ ਵਾਲੇ ਹਨ। ਭਾਈਚਾਰੇ ਬਾਰੇ ਮਹੱਤਵ ਪੂਰਨ ਫੈਸਲਿਆਂ ਸਮੇਂ, ਪੰਜਾਂ ਪਿੰਡਾਂ ਦੀ ਪੰਚਾਇਤ ਹੀ ਜੁੜਦੀ ਸੀ।

ਬਾਬਾ ਰੁਲਦੂ ਨਾਮੇਂ ਇਕ ਚੰਗੇ ਮਾਲ ਗੁਜ਼ਾਰ ਜ਼ਿਮੀਦਾਰ ਦਾ ਪੁੱਤਰ, ਲਹਿਣਾ ਸਿੰਘ, ਸਤਿਗੁਰੂ ਜੀ ਦਾ ਹਾਣੀ ਹੋਣ ਸਦਕਾ, ਇੱਕਠੇ ਖੇਡਦੇ ਰਹੇ, ਪਸ਼ੂ ਚਰਾਉਂਦੇ ਰਹੇ ਅਤੇ ਜਦੋਂ ਸਤਿਗੁਰੂ ਜੀ ਫੌਜ ਵਿਚ ਭਰਤੀ ਨਹੀਂ ਸਨ ਹੋਏ, ਉਦੋਂ ਜਾਂ ਫੌਜ ਵਿਚੋਂ ਆਉਣ ਬਾਅਦ ਇਕੱਠੇ ਖੇਤੀ ਵੀ ਕਰਦੇ ਰਹੇ। ਮਿੱਤਰ ਦੀ ਪਰਿਭਾਸ਼ਾ ਦਿੰਦਿਆਂ ਕਿਸੇ ਸਿਆਣੇ ਦਾ ਕਥਨ ਹੈ—

"ਆਸ਼ਾ, ਇਸ਼ਟ, ਉਪਾਸ਼ਨਾ, ਖਾਨ, ਪਾਨ, ਪਹਿਰਾਨ।
ਖਟ ਲਕਸ਼ਣ ਜਾ ਕੇ ਮਿਲੇ, ਸੋਈ ਮੀਤ ਪਹਿਚਾਨ।"

ਲਹਿਣਾ ਸਿੰਘ ਤੇ ਇੱਕਠੇ ਵਿਚਰਨ ਸਦਕਾ, ਸਤਿਗੁਰੂ ਜੀ ਦੇ ਅਧਿਆਤਮਕ ਜੀਵਨ ਵਾਲੇ ਵਿਚਾਰਾਂ ਦਾ ਅਸਰ ਪੈਣਾ ਕੁਦਰਤੀ ਸੀ, ਇਸ ਲਈ ਉਸ ਦੀ ਰੁਚੀ ਵੀ ਆਪ ਜਿਉਂ ਨਾਮ ਬਾਣੀ ਵਾਲੇ ਪਾਸੇ ਹੋ ਗਈ। ਫੌਜੀ ਜੀਵਨ ਸਮੇਂ ਜਦੋਂ ਸਤਿਗੁਰੂ ਜੀ ਛੁੱਟੀਆਂ ਕੱਟਣ ਪਿੰਡ ਆਉਂਦੇ, ਲਹਿਣਾ ਸਿੰਘ ਵੱਡੇ ਓਮਾਹ ਨਾਲ ਉਹਨਾਂ ਨੂੰ ਮਿਲਦਾ। ਉਸ ਨੇ ਤੇ ਸਤਿਗੁਰੂ ਜੀ ਦੇ ਆਉਣ ਦੇ, ਦਿਨਾਂ ਮਹੀਨਿਆਂ ਦਾ, ਇਕ ਇਕ ਦਿਨੰ ਗਿਣ ਕੇ


Namdhari Elibrary NamdhariElibrary@gmail.com

ਲੰਘਾਇਆ ਹੁੰਦਾ ਸੀ। ਸਤਿਗੁਰੂ ਜੀ ਦੇ ਆਉਣ ਬਾਅਦ ਦਿਨ ਤਾਂ ਇੱਕਠਿਆਂ ਗੁਜ਼ਰਦੇ ਸੀ, ਰਾਤ ਦੇ ਸਮੇਂ ਵੀ ਦੋਵੇਂ ਘੰਟਿਆਂ ਬੱਧੀ, ਇਕੱਠੇ ਬਹਿਕੇ ਸਿਮਰਨ ਕਰਦੇ। ਇਸ ਕੰਮ ਲਈ ਨੀਂਦ ਤੇ ਕਾਬੂ ਪਾਉਣਾ ਵੀ ਜ਼ਰੂਰੀ ਸੀ। ਸ੍ਰੀ ਸਤਿਗੁਰੂ ਜੀ ਤਾਂ ਫੌਜੀ ਜੀਵਨ ਸਮੇਂ ਵੀ ਬਾਹੋਵਾਲ ਜੀ ਦੇ ਮੁਤਾਬਿਕ, ਆਪ ਤਿੰਨ ਵਰ੍ਹਿਆਂ ਤੱਕ ਬਿਰਾਜੇ ਨਹੀਂ ਸਨ। ਲਹਿਣਾ ਸਿੰਘ ਨੂੰ ਵੀ ਨੀਂਦ ਤੋਂ ਮੁਕਤ ਕਰਨ ਲਈ, ਉਸ ਨਾਲ ਕਈ ਕਉਤਕ ਰਚਾ ਲੈਂਦੇ ਸਨ। ਰਾਤ ਨੂੰ ਦੇਰ ਤੱਕ ਜਾਗਣ ਕਾਰਨ, ਦਿਨ ਦੇ ਕੰਮ ਵਿਹਾਰ ਦੇ ਥੱਕੇ ਟੁੱਟੇ, ਮਾਤਾ ਜੱਸਾਂ ਜੀ ਵੀ ਪਰੇਸ਼ਾਨੀ ਮੰਨਦੇ। ਲਹਿਣਾ ਸਿੰਘ ਦਾ ਰੋਪੜ ਦੇ ਪਾਸ ਭਰਤਗੜ੍ਹ ਕਿਲ੍ਹੇ ਵਿਚ ਜਾਣ ਆਉਣ ਸੀ। ਇਹ ਕਿਲ੍ਹਾ ਸਿੱਖ ਜਰਨੈਲ ਨਵਾਬ ਕਪੂਰ ਸਿੰਘ ਜੀ ਦੇ ਭਰਾ ਦੇ ਵੰਸ਼ਿਜਾਂ ਦਾ ਸੀ। ਉਹਨਾਂ ਵਿਚੋਂ ਕਿਸੇ "ਰਾਜ ਰੂਪ" ਨਾਲ ਵੀ ਲਹਿਣਾ ਸਿੰਘ ਦਾ ਮਿੱਤਰਾਨਾ ਸੀ। ਅੰਗਰੇਜ਼ ਸਿੱਖ ਜੰਗਾਂ ਸ਼ੁਰੂ ਹੋਣ ਤੋਂ ਕੁਝ ਸਮਾਂ ਪਹਿਲਾਂ, 1845 ਈ. ਵਿਚ, ਸਤਿਗੁਰੂ ਜੀ ਤਿੰਨ ਮਹੀਨਿਆਂ ਦੀ ਛੁੱਟੀ ਬਿਤਾਉਣ ਭੈਣੀ ਸਾਹਿਬ ਆਏ।

ਇਸ ਦੌਰਾਨ ਲਹਿਣਾ ਸਿੰਘ ਨਾਲ ਘਟਿਤ ਰੌਚਕ ਪਰਸੰਗ ਦੀ ਵਾਰਤਾ, ਸਾਡਾ ਪਹਿਲਾ ਇਤਿਹਾਸਕਾਰ ਬਿਆਨ ਕਰਦਾ ਹੈ– "ਲਹਿਣਾ ਸਿੰਘ ਜ਼ਿਮੀਦਾਰ ਸੀ ਤਿਸ ਨੂੰ ਭਜਨ ਦਿੱਤਾ ਸੀ। ਉਹ ਨਾਲੇ ਸਤਿਗੁਰੂ ਜੀ ਦਾ ਹਾਣੀ ਸੀ। ਲਹਿਣਾ ਸਿੰਘ ਨੇ ਅਰਜ ਕੀਤੀ ਜੀ ਭਰਤਗੜ੍ਹ ਕੇ ਕਿਲੇ ਰਾਜ ਰੂਪ ਆਇਆ ਹੋਇਆ ਹੈ। ਮੈਂ ਉਸਨੂੰ ਮਿਲਣ ਚੱਲਿਆ ਹਾਂ। ਸ੍ਰੀ ਸਤਿਗੁਰੂ ਜੀ ਬਚਨ ਕੀਤਾ-ਮੇਰੀ ਨੀਂਦ ਰਾਜ ਰੂਪ ਕੋ ਦੇ ਆਉਣੀ। ਪੁੱਛਿਆ ਜੀ ਕਿਵੇਂ ਦੇ ਆਵਾਂਗਾ? ਬਚਨ ਕੀਤਾ ਮੁਲਾਕਾਤ ਵੇਲੇ ਕਹਿ ਦੇਈਂ ਰਾਮ ਸਿੰਘ ਦੀ ਨੀਂਦ ਏਹਨਾਂ ਗਦੇਲਿਆਂ ਤੇ ਬਿਸਰਾਮ ਕਰੇ। ਜੇਕਰ ਤੂੰ ਆਪਣੀ ਨੀਂਦ ਭੀ ਦੇਣੀ ਹੋਵੇ ਤਾਂ ਤੂੰ ਆਪਣਾ ਨਾਂ ਭੀ ਲੈ ਲਈਂ। ਜਾਂ ਜਾਇਕੇ ਮਿਲਿਆ ਤਾਂ ਰਾਜ ਰੂਪ ਗਦੇਲਿਆਂ ਪਰ ਬੈਠਾ ਸੀ। ਲਹਿਣਾ ਸਿੰਘ ਨੇ ਸਤਿ ਸ੍ਰੀ ਅਕਾਲ ਬੁਲਾ ਕੇ ਮਨ ਵਿਚ ਕਹਿਆ ਕਿ ਰਾਮ ਸਿੰਘ ਦੀ ਨੀਂਦ ਏਹਨਾਂ ਗਦੇਲਿਆਂ ਤੇ ਬਿਸਰਾਮ ਕਰੇ। ਲਹਿਣਾ ਸਿੰਘ ਕੀ ਨੀਂਦ ਏਹਨਾਂ ਗਦੇਲਿਆਂ ਤੇ ਬਿਸਰਾਮ ਕਰੇ। ਰੁਖਸਦ ਲੈਕੇ ਮੁੜ ਆਇਆ। ਕਹਿਣ ਲੱਗਾ ਜੀ ਮੈਂ ਕਹਿ ਆਇਆ ਹਾਂ। ਸ੍ਰੀ ਸਤਿਗੁਰੂ ਜੀ ਬਚਨ ਕੀਤਾ, ਤੂੰ ਰਾਤ ਨੂੰ ਸਾਡੇ ਕੋਲ ਆਇ ਜਾਈਂ। ਰਾਤ ਪਈ ਤਾਂ ਲਹਿਣਾ ਸਿੰਘ ਆਇਆ।

"ਸ੍ਰੀ ਸਤਿਗੁਰੂ ਜੀ ਪਲੰਘ ਛੱਡ-ਕੇ ਹੇਠਾਂ ਆਸਣ ਵਿਛਾ ਲੈਣਾ। ਸਾਰੀ ਰਾਤ ਬੈਠਿਆਂ ਹੀ ਗੁਜ਼ਰ ਜਾਣੀ। ਲਹਿਣਾ ਸਿੰਘ ਨੇ ਵੀ ਬੈਠਿਆਂ ਰਹਿਣਾ। ਦੋਹਾਂ ਨੂੰ ਨੀਂਦ ਨਾ ਸੀ ਆਉਂਦੀ। ਦਿਨ ਚੜ੍ਹੇ ਆਪੋ ਆਪਣੇ ਕੰਮਾਂ ਨੂੰ ਚਲੇ ਜਾਣਾ। ਰਾਤ ਨੂੰ ਫੇਰ ਆਕੇ ਲਹਿਣਾ ਸਿੰਘ ਨੇ ਹਾਜ਼ਰ ਹੋਣਾ। ਫੇਰ ਉਵੇਂ ਹੀ ਬੈਠਿਆਂ ਭਜਨ ਕਰਦਿਆਂ ਨੂੰ ਰਾਤ ਗੁਜ਼ਰ ਜਾਣੀ। ਏਸੇ ਤਰ੍ਹਾਂ ਜਾਂ ਸੱਤ ਰਾਤਾਂ ਗੁਜ਼ਰੀਆਂ ਤਾਂ ਮਾਤਾ ਜੱਸਾਂ ਜੀ ਲਹਿਣਾ ਸਿੰਘ ਨੂੰ ਕਿਹਾ ਕਿ ਜੇਕਰ ਤੂੰ ਨਾ ਆਵੇਂ ਤਾਂ ਗੁਰੂ ਜੀ ਬਰਾਜਣ। ਅਸੀਂ ਭੀ ਨੀਂਦ ਕਰ ਲਈਏ। ਸੱਤ ਰਾਤਾਂ ਗੁਜ਼ਰੀਆਂ ਹੈਨ ਉਨੀਂਦਿਆਂ ਨੂੰ।

"ਅਗਲੇ ਦਿਨ ਥੋੜ੍ਹਾ ਬੈਠਕੇ ਲਹਿਣਾ ਸਿੰਘ ਉਠ ਚੱਲਿਆ। ਕਹਾ ਜੀ ਮੈਂ ਜਾਨਾ ਹਾਂ। ਬਚਨ ਹੋਇਆ ਤੈਨੂੰ ਨੀਂਦ ਤਾਂ ਨਹੀਂ ਆਉਂਦੀ ਹੈ? ਫੇਰ ਬਚਨ ਕੀਤਾ ਕਿਤੇ ਜੱਸਾਂ ਨੇ ਤਾਂ ਨਹੀਂ ਕੁਝ ਕਹਿ ਦਿਤਾ? ਜਾਹ ਚਲਾ ਜਾ। ਲਹਿਣਾ ਸਿੰਘ ਨੇ ਕਿਹਾ ਜੀ ਮਾਤਾ ਜੱਸਾਂ ਕਹਿੰਦੀ ਹੈ ਕਿ ਜੇਕਰ ਤੂੰ ਜਾਵੇਂ ਤਾਂ ਸਤਿਗੁਰੂ ਜੀ ਭੀ ਬਰਾਜਣ ਤੇ ਅਸੀਂ ਭੀ ਬਰਾਜ ਲਈਏ। ਬਚਨ ਕੀਤਾ ਗੁਰੂ ਜੀ– ਤੂੰ ਜੱਸਾਂ ਦਾ ਸਿੱਖ ਹੈ ਕਿ ਸਾਡਾ? ਕਹਿਣ ਲੱਗਾ ਜੀ ਮੈਂ ਤੁਹਾਡਾ ਸਿੱਖ ਹਾਂ। ਬਚਨ ਕੀਤਾ ਜੇ ਸਾਡਾ ਸਿੱਖ ਹੈਂ, ਤਾਂ ਜਿਵੇਂ ਅਸੀਂ ਕਹੀਏ ਤਿਵੇਂ ਕਰ। ਲਹਿਣਾ ਸਿੰਘ ਨੇ ਕਹਾ ਕਿ ਜਿਵੇਂ ਤੁਸੀਂ ਕਹੋਗੇ ਤਿਵੇਂ ਹੀ ਕਰਾਂਗਾ। ਬਚਨ ਕੀਤਾ-ਜੇਕਰ ਸਾਡੇ ਕਹੇ ਚਲਣਾ ਹੈ ਤਾਂ ਜਿਸ ਵੇਲੇ ਤੈਨੂੰ ਨੀਂਦ ਆਵੇ ਤਾਂ ਬਿਨਾਂ ਪੁੱਛੇ ਹੀ ਚਲਾ ਜਾਈ, ਫੇਰ ਨਾ ਸਾਨੂੰ ਪੁੱਛੀ।

"ਬਾਬਾ ਜੱਸਾ ਸਿੰਘ ਜੀ ਬਚਨ ਕਰਨਾ ਜੋ ਆਦਮੀ ਨੀਂਦ ਨਾ ਕਰੇ ਉਸਦਾ ਦਿਮਾਗ ਹਿਲ ਜਾਂਦਾ ਹੈ। ਸਾਮ੍ਹਣੇ ਤੇ ਨਾ ਕਹਿਣਾ ਆਪਸ ਵਿਚ ਕਹਿਣਾ। ਜਾਂ ਚੌਦਾਂ ਰਾਤਾਂ ਗੁਜ਼ਰੀਆਂ ਤਾਂ ਲਹਿਣਾ ਸਿੰਘ ਨੇ ਅੰਦਰੋਂ ਅਰਜ਼ ਕੀਤੀ ਜੀ ਸੱਚੇ ਪਾਤਸ਼ਾਹ ਜੀ, ਮੈਨੂੰ ਨੀਂਦ ਆਵੇ, ਤਾਂ ਪੰਦ੍ਰਵੀਂ ਰਾਤ ਉਸ ਕੋ ਨੀਂਦ ਆਈ। ਉੱਠਕੇ ਮੱਥਾ ਟੇਕ ਕੇ ਚਲਾ ਗਿਆ, ਘਰ ਜਾਇ ਬਰਾਜਿਆ।

"ਜੇਕਰ ਹਲ ਵਾਹੁੰਦੇ ਦੇ ਕੋਲ ਚਲੇ ਜਾਣਾ ਬਚਨ ਕਰਨਾ- ਨਿੱਕੀ ਰਹਿਲ ਰੱਖ ਕੇ ਵਾਹੁਣਾ ਚਾਹੀਏ।"-

—ਭੈਣੀ ਸਾਹਿਬ ਵਿਚ ਬਣੇ ਪਹਿਲੇ

ਇਸ ਤਰ੍ਹਾਂ ਸਤਿਗੁਰੂ ਜੀ ਨਾਂ ਸਿਰਫ ਆਪਣੇ ਭੈਣੀ ਸਾਹਿਬ ਵਿਚ ਬਣੇ ਪਹਿਲੇ ਸਿੱਖ ਭਾਈ ਲਹਿਣਾ ਸਿੰਘ ਨੂੰ ਅਧਿਆਤਮ ਮਾਰਗ ਤੇ ਪਰੱਪਕ ਕਰ ਰਹੇ ਹਨ, ਸਗੋਂ ਉਸਨੂੰ ਸੁਚੱਜਾ ਕਿਸਾਨ ਬਣਨ ਦੇ ਢੰਗ ਤਰੀਕੇ ਵੀ ਦੱਸ ਰਹੇ ਹਨ। ਹਲ ਦੇ ਫਾਲੇ ਨਾਲ ਕਿਸਾਨ ਜਦੋਂ ਧਰਤੀ ਦੀ ਹਿੱਕ ਚੀਰਕੇ, ਕਿਹੋ ਜਿਹੇ ਸਿਆੜ ਪਾਉਂਦਾ ਹੈ ਅਤੇ ਸਿਆੜ ਪਾਉਣ ਲਈ ਉਹ ਕਿਤਨਾ ਘੇਰਾ ਜਾਂ ਰਾਹਲ ਮੱਲਦਾ ਹੈ, ਇਸ ਤੋਂ ਉਸਦੀ ਖੇਤੀ ਕਾਰੀਗਰੀ ਦੀ ਸੂਝ ਦਾ

ਮੁਲੰਕਣ ਹੁੰਦਾ ਹੈ। ਉਹ ਹਲ ਲੱਕੜ ਦੇ ਅਤੇ ਬੈਲਾਂ ਦੁਆਰਾ ਖਿੱਚੇ ਜਾਂਦੇ ਸਨ। ਗੁਰੂ ਕਿਰਪਾ ਨਾਲ ਲਹਿਣਾ ਸਿੰਘ ਸਫਲ ਕਿਸਾਨ ਬਣ ਗਿਆ।

ਅੰਗ੍ਰੇਜ਼ ਸਿਖ ਜੰਗ ਲੱਗੀ ਤਾਂ ਛੁੱਟੀ ਵਿਚੇ ਛਡ ਕੇ ਆਪ ਨੂੰ ਲਾਹੌਰ ਜਾਣਾ ਪਿਆ। ਲਹਿਣਾ ਸਿੰਘ ਅੱਠੇ ਪਹਿਰ ਅਰਦਾਸਾਂ ਕਰਦਾ ਕਿ ਆਪ ਸੁੱਖੀਂ ਸਾਦੀਂ ਪਿੰਡ ਵਾਪਸ ਆ ਜਾਣ। ਆਪਣੀ ਰਜ਼ਾ ਨਾਲ ਸਤਿਗੁਰੂ ਜੀ ਮੁੱਦਕੀ ਦੀ ਜੰਗ, 18 ਦਸੰਬਰ 1845 ਤੋਂ ਬਾਅਦ ਘਰ ਆ ਗਏ। ਇਸ ਦੌਰਾਨ ਇਕ ਸਾਲ ਮਸਤਾਨੀ ਬਿਰਤੀ ਵਿਚ ਸ੍ਰੀ ਭੈਣੀ ਸਾਹਿਬ ਅਤੇ ਆਸ ਪਾਸ ਵਿਚਰਦੇ ਰਹੇ। ਲਹਿਣਾ ਸਿੰਘ ਦਰਸ਼ਨ ਮੇਲੇ ਕਰਦਾ ਰਿਹਾ। ਸੰਨ 1847 ਅਤੇ 48 ਈ. ਵਿਚ ਦੋ ਸਾਲ ਸੁੱਖੂ ਨਾਲ ਖੇਤੀਬਾੜੀ ਕੀਤੀ। ਤੀਜੇ ਸਾਲ 1849 ਈ. ਵਿਚ ਖੇਮੇ ਨਾਲ। ਖੇਮਾ ਅਤੇ ਗੁਰੂ ਹਰੀ ਸਿੰਘ ਜੀ ਦਾ ਜਨਮ ਭੈਣੀ ਸਾਹਿਬ ਵਿਖੇ 1819 ਈ. ਨੂੰ ਅੱਸੂ ਦੇ ਤੀਜੇ ਨਰਾਤੇ ਦੀ ਇਕ ਰਾਤ ਨੂੰ ਹੋਇਆ ਸੀ। ਸੁੱਖੂ, ਲਹਿਣਾ ਸਿੰਘ ਦੇ ਕਬੀਲੇ ਵਿਚੋਂ ਹੀ ਸੀ। ਚਾਚੇ ਤਾਏ ਦੇ ਪੁੱਤ ਭਰਾ ਭਾਈ ਸਨ। ਇਕ ਰਵਾਇਤ ਮੁਤਾਬਿਕ ਲਹਿਣਾ ਸਿੰਘ ਹੀ ਪਹਿਲਾਂ ਪਿੰਡ ਦਾ ਲੰਬੜਦਾਰ ਸੀ। ਪਰ ਗੁਰੂ ਬਾਲਕ ਸਿੰਘ ਜੀ ਦੇ ਉਪਦੇਸ਼ ਕਿ ਫਰੰਗੀਆਂ ਦੀ ਨੌਕਰੀ ਨਹੀਂ ਕਰਨੀ ਮੁਤਾਬਿਕ ਸਤਿਗੁਰੂ ਜੀ ਨੇ ਲਹਿਣਾ ਸਿੰਘ ਤੋਂ ਲੰਬੜਦਾਰੀ ਛੁਡਵਾ ਦਿਤੀ। ਇਸੇ ਖਾਲੀ ਔਹਦੇ ਨੂੰ ਸੁੱਖੂ ਨੇ ਸਾਂਭ ਲਿਆ ਸੀ। ਲਹਿਣਾ ਸਿੰਘ ਦਾ ਨਿਕਟ ਸਬੰਧੀ ਹੋਣ ਕਾਰਨ ਹੀ ਸਤਿਗੁਰੂ ਜੀ ਬਾਹੋਵਾਲ ਜੀ ਮੁਤਾਬਿਕ ਦੋ ਸਾਲ ਸੁੱਖੂ ਨਾਲ ਸਾਂਝੀ ਖੇਤੀ ਕਰਦੇ ਰਹੇ।

ਸੰਤ ਤਰਨ ਸਿੰਘ ਵਹਿਮੀ, ਇਸ ਪ੍ਰਥਾਇ ਇਉਂ ਲਿਖਦੇ ਹਨ "ਲਹਿਣਾ ਸਿੰਘ ਨੰਬਰਦਾਰ ਸੀ। ਉਸ ਸਤਿਗੁਰੂ ਜੀ ਨੂੰ ਕਿਹਾ, ਤੁਸੀਂ ਆਪਣੇ ਨਾਮ ਅਕਾਲ ਬੁੰਗੇ ਵਾਲੀ ਜ਼ਮੀਨ ਸਰਕਾਰੇ ਜਾ ਕਰਵਾ ਲਵੋ। ਸਤਿਗੁਰੂ ਜੀ ਕਿਹਾ, ਸਾਡੀ ਅੰਗਰੇਜ਼ ਦੀ ਅਦਾਲਤ ਨਾਲ ਤੇ ਹਰ ਮੰਦੀ ਹਰਕਤ ਨਾਲ ਨਾ-ਮਿਲਵਰਤਨ ਹੈ। ਤੂੰ ਦਿਤੀ ਤੇ ਅਸਾਂ ਲਈ ਸੋ ਸਾਨੂੰ ਮਿਲ ਗਈ। ਕਚਹਿਰੀ ਕਿਉਂ ਖਰਚ ਕਰੀਏ ਤੇ ਗੋਰੇ ਦਾ ਖਜ਼ਾਨਾ ਭਰੀਏ। ਹਾਂ ਤੂੰ ਕਾਗਤ ਤੇ ਕਬਜ਼ਾ ਲਿਖਾ ਦਿਆ ਕਰੀਂ ਪਟਵਾਰੀ ਨੂੰ। ਲਹਿਣਾ ਸਿੰਘ ਜੀ ਸਤਿ ਬਚਨ ਕੀਤਾ। ਸੁੱਖੂ ਨਾਲ ਗੱਲ ਕੀਤੀ, ਤੂੰ ਮੈਥੋਂ ਨੰਬਰਦਾਰੀ ਲੈ ਲੈ। ਰਾਮਸਰ ਵਾਲੀ ਜਗ੍ਹਾ ਜਿਤਨੀ ਸਤਿਗੁਰੂ ਜੀ ਜਾਚ ਕਹਿਣ. ਦੇ ਦੇਹ, ਪਰ ਜਬਾਨੀ ਹੀ ਸੌਦਾ ਕਰਨਾ ਹੈ। ਇਹ ਦੋਵੇਂ ਬਚਨ ਸਤਿਗੁਰੂ ਜੀ ਦੇ ਆਸ਼ੇ ਤੋਂ ਅਨੁਮਾਨ ਲਾ ਹੀ, ਲਹਿਣਾ ਸਿੰਘ ਜੀ ਨੇ ਸੁੱਖੂ ਨਾਲ ਕੀਤੇ। ਕਿਉਂਕਿ ਉਸ ਦੀ ਸਤਿਗੁਰੂ ਜੀ ਨਾਲ ਅੰਦਰੋਂ ਪ੍ਰੀਤ ਸੀ। ਉਸ ਇਕ ਸਮੇਂ ਸਤਿਗੁਰੂ ਜੀ ਪਾਸੋਂ ਸੁਣਿਆ ਸੀ, ਬੋਹੜਾਂ, ਪਿੱਪਲਾਂ ਨੂੰ ਜਲ ਪਾਣ ਸਮੇਂ ਕਿ ਏਥੇ ਸਾਡਾ ਪੁਰਾਣਾ ਹਵਨ ਕੁੰਡ ਹੈ ਤੇ ਹੁਣ ਅਸਾਂ ਹਵਨ-ਕੁੰਡ ਪ੍ਰਗਟ ਕਰਨਾ ਤੇ ਰਾਮਸਰ ਨਾਮ ਪ੍ਰਸਿਧ ਕਰਨਾ ਹੈ।"... (ਜੱਸ-ਜੀਵਨ, ਜਿਲਦ ਪਹਿਲੀ, ਸਫਾ ੬੨)

ਇਸ ਸਮੇਂ ਭੈਣੀ ਸਾਹਿਬ ਵਿਚ ਸਤਿਗੁਰੂ ਜੀ ਦੇ ਪਰਿਵਾਰ ਪਾਸ ਤਿੰਨ ਨਿੱਕੀਆਂ ਨਿੱਕੀਆਂ ਕੋਠੜੀਆਂ ਹੋਣ ਦਾ ਜ਼ਿਕਰ ਆਉਂਦਾ ਹੈ। ਇਕ ਵਿਚ ਆਪ ਦਾ ਪਰਿਵਾਰ, ਇਕ ਵਿਚ ਛੋਟੇ ਭਾਈ ਬਾਬਾ ਬੁੱਧ ਸਿੰਘ ਜੀ ਦਾ ਪਰਿਵਾਰ ਇਕ ਵਿਚ ਅਹਿਰਨ ਗੱਡੀ ਸੀ। ਜਿਸ ਵਿਚ ਖੇਤੀ ਸੰਦਾਂ ਆਦਿ ਦੀ ਮੁਰੰਮਤ ਵਗੈਰਾ ਦਾ ਕੰਮ ਚੱਲਦਾ ਸੀ। ਪਰਿਵਾਰ ਵਧ ਰਿਹਾ ਸੀ। ਥਾਂ ਥੋਹੜਾ ਸੀ। ਹੋਰ ਜਗ੍ਹਾ ਛੱਤਣ ਲਈ ਸਤਿਗੁਰੂ ਜੀ ਛੋਟੇ ਭਾਈ ਨੂੰ ਨਾਲ ਲੈਕੇ ਪਿੰਡੋਂ ਲਹਿੰਦੇ ਵੱਲ, ਸੁਲਤਾਨ ਸਰ ਨਾਮ ਦੇ ਛੱਪੜ ਤੇ ਕੱਚੀਆਂ ਇੱਟਾਂ ਪੱਥ ਲਈਆਂ। ਗੱਡੇ ਤੇ ਢੋਹ ਕੇ ਜਦੋਂ ਘਰ ਪਾਸ ਢੇਰ ਲਾ ਦਿਤਾ ਤਾਂ ਹਮੀਰੇ ਜ਼ਿਮੀਦਾਰ ਨੇ ਕੋਠੜੀ ਪਾਉਣ ਬਾਰੇ ਵਿਰੋਧ ਜਤਾਇਆ। ਸਤਿਗੁਰੂ ਜੀ ਰੋਸ ਵਜੋਂ ਇੱਟਾਂ ਉੱਥੇ ਹੀ ਛੱਡ-ਕੇ, 1850 ਈ. ਵਿਚ ਫਿਰ ਪੁਰਾਣੇ ਪਿੰਡ ਰਾਈਆਂ ਜਾ ਰਹੇ। ਉੱਥੇ ਜੀਊਣ ਸਿੰਘ ਲੰਬੜਦਾਰ ਨਾਲ ਖੇਤੀ ਜਾ ਕੀਤੀ।

ਤਕਰੀਬਨ ਇਕ ਸਾਲ ਸਾਰਾ ਉਥੇ ਬੀਤਿਆ। ਇਸ ਸਮੇਂ ਦੌਰਾਨ ਹਮੀਰਾ ਜ਼ਿਮੀਦਾਰ ਕਾਲ ਵੱਸ ਹੋ ਗਿਆ। ਸਤਿਗੁਰੂ ਜੀ ਨੂੰ ਵਰ ਸਰਾਪ ਦੇ ਮਾਲਕ ਸਮਝਕੇ ਪਿੰਡ ਵਾਲਿਆਂ ਜਿਵੇਂ ਫਿਰ ਆਪ ਨੂੰ ਵਾਪਸ ਲਿਆਂਦਾ, ਇਸ ਵਿਚ ਲਹਿਣਾ ਸਿੰਘ ਹੋਰਾਂ ਦੀ ਪਰਮੁੱਖ ਭੂਮਿਕਾ ਹੈ। ਇਹ ਵਿਵਰਣ ਬਾਹੋਵਾਲ ਜੀ ਨੇ ਰੋਚਕ ਢੰਗ ਨਾਲ ਪੇਸ਼ ਕੀਤਾ ਹੈ:

"ਹਮੀਰਾ ਜ਼ਿਮੀਦਾਰ ਜਿਸਨੇ ਇੱਟਾਂ ਅਟਕਾਈਆਂ ਸੀ, ਜੁਆਲਾ ਜੀ ਕਾ ਦਰਸ਼ਨ ਕਰਨ ਗਿਆ। ਓਧਰੋਂ ਹੀ ਫਰੰਗ ਹੋ ਕੇ ਆਇਆ ਅਰ ਸਤਿਗੁਰੂ ਜੀ ਕੇ ਸਰਾਫ ਸੇ ਗਲ ਕੇ ਮਰ ਗਿਆ। ਲਹਿਣਾ ਸਿੰਘ ਨੇ ਸੋਚਿਆ ਜੋ ਮੇਰੇ ਤਾਂ ਗੁਰੂ ਹੈਂ, ਉਨ੍ਹਾਂ ਕੋ ਇਥੇ ਲਿਆਂਦਾ ਚਾਹੀਏ। ਹੋਰਨਾਂ ਭੀ ਨੰਬਰਦਾਰਾਂ ਨੇ ਵਿਚਾਰਿਆ ਜੋ ਐਸੇ ਸੰਤ ਆਪ ਪਿੰਡ ਵਿਚੋਂ ਗਏ ਹੈਂ। ਬੰਦਗੀ ਕਰਦੇ ਸੇ, ਪਿੰਡ ਕਾ ਭਲਾ ਹੁੰਦਾ ਸੀ। ਸਾਡਾ ਕੀ ਨੁਕਸਾਨ ਹੁੰਦਾ ਸੀ? ਜੋ ਬਚਨ ਕਰਦੇ ਹੈਂ ਸਿੱਧਾ ਪੁੱਠਾ ਪੂਰਾ ਹੁੰਦਾ ਹੈ। ਤਿੰਨ ਸਰੀਰ ਗਏ, ਲਹਿਣਾ ਸਿੰਘ, ਖੇਮਾ ਤੇ ਬੁੱਗ। ਲਹਿਣਾ ਸਿੰਘ ਨੇ ਅਰਜ਼ ਕੀਤੀ-ਜੀ ਤੁਸੀਂ ਰਾਮਦਾਸ ਪੁਰੇ ਈ ਚੱਲੋ। ਮੇਰੀਆਂ ਤਿੰਨ ਜਗ੍ਹਾ ਹੈਨ, ਜਿੱਥੇ ਮਰਜ਼ੀ ਹੈ ਉਥੇ ਜਗ੍ਹਾ ਪਾਇ ਲੈਣੀ। ਜੇ ਤੁਸੀਂ ਨਹੀਂ ਜਾਂਦੇ ਤਾਂ ਮੈਂ ਏਥੇ ਆਇ


Namdhari Elibrary NamdhariElibrary@gmail.com

ਜਾਂਦਾ ਹਾਂ। ਜੇੜ੍ਹੇ ਤੁਹਾਨੂੰ ਜਗ੍ਹਾ ਨਾ ਸੀ ਪੌਣ ਦੇਂਦੇ ਸੋ ਮਰ ਗਏ ਹੈਂ। ਸ੍ਰੀ ਸਤਿਗੁਰੂ ਜੀ ਬਚਨ ਕੀਤਾ—ਲਹਿਣਾ ਸਿੰਘ ਨਿਬਾਹੇਂਗਾ ਵੀ? ਲਹਿਣਾ ਸਿੰਘ ਨੇ ਕਹਾ— ਜੀ ਨਿਬਾਹੁਣੇ ਵਾਲਾ ਤਾ ਤੂੰ ਹੀ ਹੈਂ। ਮੈਨੂੰ ਇਹ ਫੁਰਦੀ ਹੈ ਕਿ ਮੇਰੀਆਂ ਤਿੰਨ ਜਗ੍ਹਾ ਹੈਨ, ਇਕ ਦੇ ਦੇਵਾਂਗਾ। ਸ੍ਰੀ ਸਤਿਗੁਰੂ ਜੀ ਜਿਸ ਜਗ੍ਹਾ ਤਖਤ ਰਚਣਾ ਸੀ ਉਸ ਜਗਾ ਕਾ ਨਾਮ ਲਿਆ। ਤੇਰੇ ਘਰਾਂ ਦੇ ਪਿਛੇ ਸ਼ਾਮਲਾਟ ਥਾਂ ਹੈ, ਤਿਸ ਵਿਚ ਜਗ੍ਹਾ ਪਾਇ ਲਈਏ। ਲਹਿਣਾ ਸਿੰਘ ਨੇ ਕਹਿਆ ਜੀ ਸੌਤਿ ਬਚਨ ਓਥੇ ਹੀ ਪਾਇ ਲਵੋ, ਏਥੋਂ ਚੱਲੋ। ਸ੍ਰੀ ਸਤਿਗੁਰੂ ਜੀ ਕੋ ਨਾਲ ਲੈ ਕੇ ਆਏ ਰਾਮਦਾਸ ਪੁਰੇ ਸਾਹਿਬ ਮੈਂ। ਜਿੱਥੇ ਕਹੀ ਸੀ ਓਹੀ ਜਗ੍ਹਾ ਵਿਖਾਇ ਦਿੱਤੀ। ਦੋਹਾਂ ਭਾਈਆਂ ਨੇ ਇੱਟਾਂ ਪੱਥਕੇ, ਢੋਇ ਕੇ ਢੇਰ ਲਾਇਆ। ਦੋਨੋਂ ਕੋਠੜੀਆਂ ਕੇ ਆਗੇ ਸੁਫਾ ਬਨਾਇਆ ਥੋੜਾ ਸਾ। ਜਿਨ੍ਹਾਂ ਕੋਠੜੀਆਂ ਕੇ ਵਿਚਾਲੇ ਥੜਾ ਸਾਹਿਬ ਹੈ, ਛੱਤ ਪਾਇਕੇ ਵਸਣੇ ਰਸਣੇ ਲਗੇ।

"ਖੇਮੇ ਨੇ ਮੰਜਾ ਚੁਕ ਕੇ ਆਪਣੇ ਘਰ ਜਾਇ ਡਾਹਿਆ। ਜਿੰਨਾਂ ਚਿਰ ਕੋਠੜੀਆਂ ਨਾਂ ਬਣੀਆਂ ਉਤਨਾ ਚਿਰ ਸਤਿਗੁਰੂ ਜੀ ਉਸਦੇ ਘਰ ਰਹੇ। ਇਸੀ ਤਰ੍ਹਾਂ ਗੁਰੂ ਜੀ ਜਿੱਥੇ ਲੀਲਾ ਕਰਨੀ ਸੀ ਤੇ ਤਖ਼ਤ ਰਚਣਾ ਸੀ, ਧਰਤੀ ਕੇ ਭਾਗ ਜਾਗੇ।

ਮੁਖਵਾਕ— ਜਿਥੈ ਜਾਇ ਬਹੈ ਮੇਰਾ ਸਤਿਗੁਰੂ
ਸੋ ਥਾਨੁ ਸੁਹਾਵਾ ਰਾਮਰਾਜੇ॥

(ਆਸਾ ਮ: ੪, ੪੫੦)

ਚਾਰ ਕੂੰਟ, ਚੌਦਾਂ ਭਵਨ ਸਭ ਆਇਕੇ ਐਸ ਅਸਥਾਨ ਕੋ ਮੱਥਾ ਟੇਕਣਗੇ। ਜਿਸ ਜਗ੍ਹਾ ਕੋ ਪ੍ਰਗਟ ਕਰਨਾ ਸੀ ਤਿਸੀ ਜਗ੍ਹਾ ਪਰ ਆਇ ਆਸਣ ਲਾਇਆ ਹੈ।"

1850-51 ਵਿਚ ਸਾਂਝੀ ਖੇਤੀ ਦਾ ਵਰ੍ਹਾ ਭਾਈ ਲਹਿਣਾ ਸਿੰਘ ਨਾਲ ਹੀ ਗੁਜ਼ਰਿਆ। ਇਹੋ ਵਰ੍ਹਾ ਸੀ ਜਦੋਂ ਆਪ ਰਾਈਆਂ ਤੋਂ ਮੁੜ ਆਏ ਸਨ। ਇਕ ਦਿਨ ਸੁਹਾਗਾ ਫੇਰਦਿਆਂ 'ਗਿੱਟੇ ਦੇ ਉੱਤੋਂ ਦੀ ਸਕੜੰਜ' ਦੇ ਕੋਲ ਸੱਟ ਲੱਗ ਗਈ। ਕੁਝ ਮਹੀਨੇ ਮਾਮਾ ਹਰੀ ਸਿੰਘ ਪਾਸ ਲੁਧਿਆਣੇ ਜਾ ਰਹੇ ਠੀਕ ਹੋਣ ਤੱਕ। ਇਸ ਅਰਸੇ ਵਿਚ ਆਪ ਦੀ ਖੇਤੀ ਬਾੜੀ ਦਾ ਕੰਮ ਵੀ ਭਾਈ ਲਹਿਣਾ ਸਿੰਘ ਵੇਖਦਾ ਰਿਹਾ। ਜਦੋਂ ਆਪ ਪਰਤ ਆਏ ਤਾਂ ਇਕ ਦਿਨ ਸਤਿਗੁਰੂ ਜੀ, ਮਹਾਰਾਜ ਬੁੱਧ ਸਿੰਘ ਤੇ ਲਹਿਣਾ ਸਿੰਘ ਚਰ੍ਹੀ ਲੈਣ ਵਾਸਤੇ ਗਏ, ਪਸ਼ੂਆਂ ਲਈ। ਗੁਰੂ ਹਰੀ ਸਿੰਘ ਜੀ ਆਪਣੀ ਪੰਡ ਲੈ ਕੇ ਆ ਗਏ ਕਿ ਲਹਿਣਾ ਸਿੰਘ ਸਤਿਗੁਰੂ ਜੀ ਨੂੰ ਚੁਕਾ ਦੇਵੇਗਾ। ਲਹਿਣਾ ਸਿੰਘ ਵੀ ਸ਼ਾਇਦ ਭੁਲੇਖੇ ਵਿਚ ਰਹਿ ਗਿਆ ਕਿ ਸਤਿਗੁਰੂ ਜੀ ਨੂੰ ਮਹਾਰਾਜ ਜੀ ਚੁਕਾ ਦੇਣਗੇ। ਸਤਿਗੁਰੂ ਜੀ ਇੱਕਲੇ ਰਹਿ ਗਏ ਪਿਛੇ। ਸਾਖੀ ਕਰਤਾ ਲਹਿਣਾ ਸਿੰਘ ਦੀ ਇਸ ਕੋਤਾਹੀ ਨੂੰ, ਸ੍ਰੀ ਸਤਿਗੁਰੂ ਜੀ ਦੇ ਸਰਾਪ ਨਾਲ ਜੋੜਦਾ ਹੈ, ਜਿਸ ਕਾਰਨ ਉਸਦੀ ਸਿੰਘਣੀ ਗੁਜ਼ਰ ਗਈ, ਦੋਵੇਂ ਬੈਲ ਮਰ ਗਏ। ਜਿਹੜਾ ਬੈਲ ਖਰੀਦਿਆ ਉਹ ਵੀ ਮਰ ਗਿਆ। ਪਿੰਡ ਵਿਚ ਹੋਰ ਬੈਲ ਉਧਾਰਾ ਵੀ ਨਾਂ ਮਿਲਿਆ।

ਸਤਿਗੁਰੂ ਜੀ ਨੇ ਵੇਦ ਰੀਤੀ ਨਾਲ ਇਸ ਸਮੇਂ ਦੋਹਾਂ ਪੁੱਤਰੀਆਂ ਦੇ ਛੋਟੀ ਉਮਰ ਵਿਚ ਹੀ ਵਿਆਹ ਕਰ ਦਿਤੇ। ਲਹਿਣਾ ਸਿੰਘ ਅਤੇ ਪਿੰਡ ਦੇ ਹੋਰ ਸਾਥੀਆਂ ਨੇ ਕਾਰਜ ਸਿਰੇ ਚੜ੍ਹਾਉਣ ਵਿਚ ਹਰ ਤਰ੍ਹਾਂ ਸਹਿਯੋਗ ਕੀਤਾ। ਸੰਨ 1851 ਦੇ ਅਖੀਰ ਜਾਂ 52 ਵਿਚ ਸਤਿਗੁਰੂ ਜੀ ਫੀਰੋਜ਼ਪੁਰ ਰਾਜਗੀਰੀ ਦੇ ਕੰਮ ਵਾਸਤੇ ਜਾ ਰਹੇ। ਤਿੰਨ ਚਾਰ ਸਾਲ ਉਥੇ ਬਿਤਾਕੇ, ਆਪ ਜੀ 1855 ਈ. ਵਿਚ ਵਾਪਸ ਭੈਣੀ ਸਾਹਿਬ ਮੁੜ ਆਏ। ਇਸ ਸਮੇਂ ਡੇਰਾ ਨਿਰਮਾਣ ਦੇ ਕਾਰਜਾਂ ਦਾ ਸੰਖੇਪ ਵਰਣਨ ਬਾਹੋਵਾਲ ਜੀ ਕਰਦੇ ਹਨ— "ਪਹਿਲੇ ਦੱਖਣ ਵੱਨੀਂ ਦਰਵਾਜ਼ਾ ਸੀ। ਫੇਰ ਵੇਹੜੇ ਕੀ ਕੰਧ ਵਗਲ ਕੇ ਪਹਾੜ ਨੂੰ ਦਰਵਾਜ਼ਾ ਲਾਇਆ। ਸੱਜੇ ਪਾਸੇ ਹੱਟੀ ਪਾਈ। ਖੱਬੇ ਪਾਸੇ ਲੰਗਰ ਵਾਸਤੇ ਥੋੜੀ ਜਿਹੀ ਜਗ੍ਹਾ ਪਾਈ। ਜਿਥੇ ਥੜਾ ਹੈ (ਰਾਮ ਮੰਦਰ) ਏਥੇ ਥੋੜਾ ਥੜਾ ਬਣਾਇਕੇ ਉਪਰ ਭਜਨ ਕਰਨ ਲੱਗੇ। ਖੇਤੀ ਕਾ ਭੀ ਕੁਝ ਉਦਮ ਕੀਤਾ। ਜਿੱਥੇ ਤਬੇਲਾ ਹੈ ਏਥੇ ਰੇਤ ਕਾ ਟਿੱਬਾ ਹੁੰਦਾ ਸੀ। ਉਸ ਪਰ ਵਾੜਾ ਵਲਕੇ ਗਊ ਭੈਂਸ ਬੰਨਣ ਲੱਗੇ ਨਾਲੇ ਪਾਥੀਆਂ ਪੱਥਣ ਲੱਗੇ।"

ਤਬੇਲਾ ਵਲਣ ਵਾਸਤੇ ਸ੍ਰੀ ਸਤਿਗੁਰੂ ਜੀ ਨੇ ਲਹਿਣਾ ਸਿੰਘ ਦੇ ਚਚੇਰੇ ਭਾਈ ਸੁੱਖੂ ਲੰਬੜਦਾਰ ਨੂੰ ਕਿਹਾ ਕਿ ਅਕਾਲ ਪੁਰਖ ਦੀ ਕਿਰਪਾ ਨਾਲ, ਉਸਦੇ ਪੰਥ ਦਾ ਵਿਸਥਾਰ ਹੋ ਰਿਹਾ ਹੈ। ਸ੍ਰੀ ਭੈਣੀ ਸਾਹਿਬ ਆਉਣ ਜਾਣ ਵਾਲੀਆਂ ਸੰਗਤਾਂ ਲਈ ਉਹਨਾਂ ਦੇ ਗੱਡੇ, ਬੈਲ ਊਠ, ਘੋੜੇ ਤੇ ਹੋਰ ਦੁਧਾਰੂ ਪਸ਼ੂਆਂ ਮੱਝਾਂ ਗਾਵਾਂ ਦੇ ਬੰਨ੍ਹਣ ਵਾਸਤੇ ਤਬੇਲਾ ਵਲਿਆ ਜਾਣਾ ਜ਼ਰੂਰੀ ਹੈ। ਤੁਸੀਂ ਲੰਬੜਦਾਰ ਹੋ, ਸ਼ਾਮਲਾਟ ਜ਼ਮੀਨਾਂ ਪਈਆਂ ਹਨ ਤੁਹਾਡੇ ਤੇ ਲਹਿਣਾ ਸਿੰਘ ਹੋਰਾਂ ਦੇ ਪਰਿਵਾਰ ਦੀਆਂ। ਤੁਸੀਂ ਸਹਿਮਤੀ ਪ੍ਰਗਟ ਕਰੋ। ਸੰਗਤ ਦਾ ਸੁੱਖ ਬਣੇਗਾ। ਅਸੀਂ ਲਹਿਣਾ ਸਿੰਘ ਅਤੇ ਤੁਹਾਡੇ ਟੱਬਰ ਦੇ ਭਰੋਸੇ ਤੇ ਹੀ ਰਾਈਆਂ ਆਪਣਾ ਪਿੰਡ ਛੱਡਕੇ ਇੱਥੇ ਆਏ ਹਾਂ। ਸੁੱਖੂ ਦੀ ਬੁੱਧ ਬਿਬੇਕ, ਭਾਈ ਲਹਿਣਾ ਸਿੰਘ ਜਿਉਂ ਸੁਖਮਭਾਵੀ ਨਹੀਂ ਸੀ। ਉਹ ਆਪਣੀ ਮਾਲਕੀ ਦੇ ਗ਼ਰੂਰ ਵਿਚ ਸਤਿਗੁਰੂ ਜੀ ਦੀ ਸ਼ਾਨ ਵਿਚ ਉੱਚਾ ਨੀਵਾਂ ਬੋਲ ਗਿਆ। ਉਸ ਨੇ ਇਹਨਾ ਸਮਝਿਆ ਕਿ ਉਹਨਾਂ ਦੀ ਇਸ ਜਗ੍ਹਾ ਦਾ ਇਸ ਤੋਂ ਵੱਧ ਸਦ ਉਪਯੋਗ ਹੋਰ ਕਿਧਰੇ ਨਹੀਂ ਹੋਣਾ। ਜਿਸ ਭੂਮੀ ਨੇ ਚਹੁੰਆਂ

ਕੂਟਾਂ ਵਿਚ ਵਖਿਆਤ ਹੋਣਾ ਹੈ। ਸਤਿਗੁਰੂ ਜੀ ਨੇ ਆਪਣੇ ਪੰਥ ਨੂੰ "ਅਕਾਲ ਪੁਰਖ ਦਾ ਪੰਥ " ਦੱਸਕੇ, ਇਸਦੇ ਭਵਿੱਖ ਬਾਰੇ ਸਭ ਕਿਸਮ ਦੇ ਸ਼ੱਕ ਸੰਸੇ ਦੂਰ ਕਰ ਦਿਤੇ। ਸੁੱਖੂ ਨੂੰ ਸਾਡੇ ਪੁਰਾਤਨ ਕਵੀ ਮੁਤਾਬਿਕ ਸ਼ਹੀਦਾਂ ਦੀ ਗ਼ੈਬੀ ਮਾਰ ਪਈ। ਉਸ ਦੀ ਮਾਤਾ ਉਸ ਨੂੰ ਸਤਿਗੁਰੂ ਜੀ ਪਾਸ ਲਿਆਈ। ਉਸਦੀ ਜਾਨ ਸਲਾਮਤੀ ਬਦਲੇ, ਮਾਤਾ ਨੇ ਜਿਤਨੀ ਜਮੀਨ ਚਾਹੋ ਲੈਣ ਦੀ ਗੱਲ ਆਖ ਦਿਤੀ। ਸੁੱਖੂ ਦੀ ਕਸ਼ਟ ਨਵਿਰਤੀ ਕੀਤੀ ਅਤੇ ਸਤਿਗੁਰੂ ਜੀ ਨੇ ਆਪਣੇ ਹੱਥੀ ਕਿੱਲੇ ਗੱਡ ਗੱਡ ਕੇ, ਪ੍ਰਸਤਾਵਿਤ ਸਥਾਨਾਂ ਦੀ ਨਿਸ਼ਾਨਦੇਹੀ ਕੀਤੀ। ਭਾਈ ਧਿਆਨ ਸਿੰਘ ਕਾਦਰਾਬਾਦੀ ਦੇ ਸ਼ਬਦਾਂ ਵਿਚ ਡੇਰਾ ਭੈਣੀ ਸਾਹਿਬ ਦੀ ਸਥਾਪਨਾ, ਵਿਸਥਾਰ ਬਾਰੇ, ਬ੍ਰਜ ਮਿਲੀ ਪੰਜਾਬੀ ਵਿਚ ਇਸ ਪਰਸੰਗ ਦਾ ਪਾਠ ਬੜਾ ਮਨਮੋਹਕ ਹੈ—

"ਸ੍ਰੋਤਾ ਸੁਣੀਏ ਹੇਤ ਕਰ ਆਗੇ ਨਿਰਮਲ ਗਾਥ।
ਮੰਦ੍ ਭੈਣੀ ਜਿਵ ਰਚੇ ਸ੍ਰੀ ਗੁਰ ਦੀਨਾ ਨਾਥ।੪।
ਮਾਲਕ ਭੈਣੀ ਕੋ ਹੁਤੋ ਸੁਖੂ ਤਿਸ ਕੋ ਨਾਉਂ।
ਗੁਰਦੁਵਾਰੇ ਸੰਗਤਿ ਬੜ੍ਹੀ ਥੋਰੀ ਕੁਛ ਕੁਸੋ ਥਾਉ।੫।
ਏਕ ਦਿਵਸ ਸੁਖੂ ਅਯੋ ਸਤਿਗੁਰੂ ਭਾਖਿਓ ਤਾਹਿ।
ਦਿਹੁ ਧਰਨੀ ਲੰਗਰ ਬਨੈਂ ਅਸੁ ਤਬੇਲਾ ਜਾਹਿ।੬।

ਦੋਹਰਾ॥

ਅੰਨ ਖਾਹਿ ਨਰ ਸੈਂਕੜੇ ਗਾਡੀ ਉਂਟ ਤੁਰੰਗ।
ਆਵਹਿੰਗੇ ਈਹਾ ਚਲੇ ਭੂਮੀ ਥੋੜੀ ਤੰਗ।੭।

ਬੋਲਾ ਸੁਖੂ ਹੰਸ ਕਰ ਸੁਣ ਭਾਈ ਰਾਮਿਆ ਬਾਤ।
ਪੈਚਾਂ ਉਪਰ ਚਲਾ ਜਾਹ ਤੂੰ ਬਾਢੀ ਕੋ ਤਾਤ।੮।

ਲੰਗਰ ਘੋੜੇ ਬੈਲ ਕਹਾਂ ਧੈਨ ਗਾਡੀਆਂ ਭੂਰ।
ਕੋ ਦਿਨ ਕੋ ਇਹ ਚਾਰ ਨਰ ਭੀ ਹੋ ਜਾਸਨ ਦੂਰ।੯।

ਮੈਂ ਭੂਮੀ ਨਹੀਂ ਦੇਵਣੀ ਸਾਚੀ ਸਾਚੀ ਬਾਤ।
ਇਸ ਪੀਛੇ ਲੜ ਮਰਤ ਹੈ ਚਚਾ ਭਤੀਜਾ ਭ੍ਰਾਤ।੧੦।

ਤ੍ਰਿਅ ਧਰਤੀ ਕੋ ਮਾਂਗਬੇ ਸਿਆਣੇ ਨਰ ਕਹਾ ਦੇਤ।
ਡਾਢਾ ਭਾਵੇਂ ਖੋਹ ਲਵੇ ਪ੍ਰਾਨ ਨਿਕਾਸੇ ਖੇਤ।੧੧।

ਬੋਲੇ ਗੁਰ ਮੁਸਕਾਇ ਕਰ ਭਾਈ ਸੁਖੂ ਮਾਨ।
ਦੇਹ ਖੁਸ਼ੀ ਸੰਗ ਨਹੀਂ ਗੁਰ ਡਾਢੇ ਹਤੇਂ ਪ੍ਰਾਨ।੧੨।

ਇਹ ਅਕਾਲ ਕਾ ਪੰਥ ਹੈ ਕਬੀਨਾ ਹੋਵੈ ਦੂਰ।
ਕੇਤੀ ਝਖ ਝਖ ਇਨੋਂ ਸੰਗ ਹੁੱਟ ਮਰੈ ਹੋਇ ਧੂਰ।੧੩।

ਚੌਪਈ

ਮਾਨੀ ਸੁਖੂ ਨਾਹਿਨ ਕਹੀ। ਕਛੁਕ ਰੋਸ ਮਨ ਕੀਤਾ ਸਹੀ।
ਅੰਤਰਜਾਮੀ ਖੇਲ ਰਚਾਯਾ। ਸੁਰ ਨਰ ਅਸੁਰ ਨੇ ਜਾਇ ਮਿਟਾਯਾ।੧੭।

ਏਕ ਦਿਵਸ ਗਯੋ ਬਾਹਰ ਖੇਤ। ਦੇਖਨ ਹਿਤ ਕਰ ਹੋਇ ਸੁਚੇਤ।
ਪਕੜ ਸਹੀਦਾਂ ਕੀਨੀ ਮਾਰ। ਉਚੀ ਰੋਵੈ ਕਰੈ ਪੁਕਾਰ।੧੮।

ਦ੍ਰਿਸ਼ਟਿ ਨਾ ਪਰੈ ਮਾਰਤਾ ਕੋਈ। ਮੈਂ ਮਾਰਯੋ ਕਹਿ ਗਿਰਿਓ ਸੋਈ।
ਆਏ ਨਿਕਟੀ ਖੇਤਾਂ ਵਾਲੇ। ਦੇਖਾ ਪੜਾ ਬਿਸੁਧ ਬਿਹਾਲੇ।੧੯।

ਦੀਸੈ ਨਹੀਂ ਸ਼ਹੀਦ ਅਲੋਪ। ਚੱਟਨ ਦਾਗ ਲਗੇ ਬਡ ਕੋਪ।
ਬੋਲੇ ਨਹੀ ਨਾ ਕੋ ਤਿਸ ਹੋਸ਼। ਮੰਜੀ ਪਰ ਚੁਕ ਲਿਆਏ ਉਸ।੨੦।

ਸੁਖੂ ਮਾਤ ਦੇਖਿਓ ਜਬੈ। ਉਚੇ ਸੁਰ ਰੋਦਤ ਭੀ ਤਬੈ।
ਸੁਤ ਕੇ ਮੁਖ ਸੇ ਝਾੜਤ ਧੂੜ। ਹੇ ਸੁਤ ਮੇਰਾ ਜੀਵਨ ਕੂੜ।੨੧।

ਥੀ ਉਸ ਕੋ ਇਹ ਬਾਤ ਮਲੂਮਾ ਰਾਮ ਸਿੰਘ ਮਾਂਗੀ ਕਿਛ ਭੂਮਿ।੨੨।
ਉਹ ਹੈ ਸੰਤ ਰੂਪ ਪਰਤਾਪੀ। ਕਹਿਓ ਤਿਹ ਦੇਵੈਂ ਧਰ ਆਪੀ।
ਮੇਰੇ ਸੁਤ ਤਿਸ ਕਹੀ ਨ ਮਾਨੀ। ਅਬ ਹੋਯੋ ਮਛੀ ਬਿਨ ਪਾਨੀ।੨੩।

ਗੁਰੂ ਰਾਮ ਸਿੰਘ ਕੇ ਗ੍ਰਿਹਿ ਆਈ। ਉਚੀ ਧਨ ਰੋਤੀ ਬਿਲਲਾਈ।
ਅੰਤਰ ਜਾਮੀ ਸਭ ਗਤਿ ਜਾਨੀ। ਆਦ ਗ੍ਰੰਥ ਕੀ ਪੜਤੇ ਬਾਨੀ।੨੬।

ਮੁਸਕਾਨੇ ਤਿਸ ਦਿਸਾ ਬਿਲੋਕਾ। ਸੁਖੂ ਮਾਤ ਕਹੀ ਸਹਿ ਸੋਕਾ।
ਵੇ-ਰਾਮਿਆਂ। ਪੁਤ ਜੀਵੈ ਮੇਰਾ। ਲੈ ਭੂਮੀ ਜੇਤਾ ਜੀ ਤੇਰਾ।੨੭।

ਬੋਲੇ ਪ੍ਰਭ ਪਰਮੇਸਰ ਭਾਣਾ। ਲਖੇ ਸੋਇ ਜੋ ਹੋਇ ਸਿਆਣਾ।
ਥੋਰੇ ਦਿਨ ਜੀਵਨ ਕੇ ਕਾਰਨ। ਮੈਂ ਮੋਰੀ ਕਰ ਚੁਕੇ ਭਾਰਨ।੨੮।

ਛੋਡ ਧਰਤ ਕੋ ਤੇਤੇ ਗਏ। ਸਿਧ ਜਿਨੋ ਰਥ ਗੇਲਨ ਭਏ।
ਗੁਰ ਪ੍ਰਮੇਸਰ ਆਗਿਆ ਮਾਨ। ਈਹਾਂ ਰੋਜ ਕਿਛ ਕੀਜੈ ਭਾਨ।੨੯।

ਸਤਿ ਸੰਗਤ ਕੋ ਮੇਲਾ ਰਚੇ। ਸਰਨਿ ਪਰੇ ਸੋ ਜਮ ਤੇ ਬਚੇ।


Namdhari Elibrary NamdhariElibrary@gmail.com

ਬੋਲੀ ਰੋ ਕਰ ਸੁਖੂ ਮਾਈ। ਲੈ ਧਰਤੀ ਜੇਤੀ ਮਨ ਭਾਈ।੩੦।

... ...

ਏਤੀ ਬਿਨੇ ਸੁਣੀ ਬਹੁ ਦੀਨ, ਤੌ ਉਠੇ ਸਤਿਗੁਰ ਪ੍ਰਬੀਨ।੩੪।

ਸ੍ਰੀ ਗ੍ਰੰਥ ਥੇ ਪੜ੍ਹਤੇ ਬਾਣੀ, ਪਾਸ ਰਖਾਯੋ ਗੜਵਾ ਪਾਣੀ।
ਸੋ ਜਲ ਤਿਸ ਕੇ ਮੁਖ ਮੇ ਪਾਯੋ, ੩੩ ਛਿਨ ਉਠਾ ਮਨੋ ਸੁਪਨਾਯੋ।੩੫।

ਉਠਤ ਹੀ ਗੁਰ ਕੇ ਪਗ ਲਾਗਾ, ਸੁਖੂ ਰਾਮ ਭਾਯੋ ਵਡ ਭਾਗਾ।
ਕਰੀ ਬਿਨੇ ਧਰਤੀ ਅਬ ਲੀਜੇ, ਇਛਾ ਜੇਤੀ ਤਿਤੀ ਭਨੀਜੇ।੩੬।

ਕਰੋ ਦਾਗ ਜਾਂ ਕੋਈ ਨਿਸ਼ਾਨੀ, ਕਾਰ ਚਲੈ ਜਾਮੇ ਮਨ ਭਾਨੀ।
ਕੀਲੇ ਨਿਜ ਕਰ ਸੇ ਤਬ ਘਰੇ, ਬੀਚ ਭੂਮ ਗਡਵਾਵਨ ਕਰੇ।੩੭।

ਏਤੋ ਲੰਗਰ ਇਤੋ ਤਬੇਲਾ, ਬਣੈਂ ਹਮਾਰੇ ਸਹਿਜ ਸੁਹੇਲਾ।
ਸਤਿ ਬਚਨ ਸੁਖੂ ਜੀ ਭਾਖਾ, ਤੂੰ ਛਾਢਾ ਮੈ ਖਰਾ ਪਰਾਖਾ।੩੮।

ਸੁੰਦਰ ਮੰਦਰ ਤਹਿ ਚਿਨਵਾਇ, ਆਪ ਕਤਾ ਰਾਖੀ ਸਮੁਦਾਇ।
ਸਬਦ ਸੁਨਾਵਤ ਨਿਤ ਪ੍ਰਤਿ ਕਾਨ ਬਨੇ ਸੈਂਕੜੇ ਸਿਘ ਮਹਾਨ ।।੯੨।

... ...

ਕਬਿਤ॥

"ਕਰੀ ਯੋਂ ਤਿਆਗੀ ਗੁਰੂ ਮੋਹਨ ਮੁਰਾਰੀ, ਰਚੇ
ਧਾਮ ਹਿਤ ਧਾਰੀ ਕਰ ਸੁੰਦਰ ਬਿਓਤ ਹੈ।
ਕਰੀ ਦੇਗ ਜਾਰੀ ਪਾਸ ਕੂਪ ਸੀਤ ਥਾਰੀ, ਛਕੇ
ਅਚੇ ਨਰ ਨਾਰੀ ਭੂਖ ਪਿਆਸ ਸਾਰੀ ਖੋਤ ਹੈ।
ਸ਼ਬਦ ਅਧਾਰੀ ਪਰਲੋਕ ਭੀ ਸਵਾਰੀ, ਛੂਟੇ
ਕਾਨ ਜਮ ਜਾਰੀ ਨਾਮਧਾਰੀ ਪੰਥ ਪੋਤ ਹੈ।
ਬੰਦਨਾਂ ਹਾਰੀ ਕਟੀ ਨੈਨਨ ਬਿਮਾਰੀ, ਐਸੋ
ਮਿਲਾ ਵੈਦ ਕਾਰੀ ਬਾਝ ਓਸ ਸਾਰੀ ਰਾਤ ਹੈ।੪੨।"

ਇਸ ਪਰਕਾਰ ਡੇਰਾ ਸ੍ਰੀ ਭੈਣੀ ਸਾਹਿਬ ਦੇ ਲੰਗਰ, ਤਬੇਲੇ ਆਦਿ ਅਸਥਾਨਾਂ ਦੀ ਰਚਨਾ ਦਾ ਵੱਡਾ ਕਾਰਜ, ਭਾਈ ਲਹਿਣਾ ਸਿੰਘ ਜੀ ਅਤੇ ਉਹਨਾਂ ਦੇ ਦੂਜੇ ਭਾਈਚਾਰੇ ਨਾਲ ਸੰਬੰਧਿਤ, ਸ਼ਾਮਲਾਟ ਜ਼ਮੀਨਾਂ ਵਿਚ ਉਨੀਵ੍ਹੀਂ ਸਦੀ ਦੇ ਛੇਵੇਂ ਦਹਾਕੇ ਦੇ ਦੂਜੇ ਅੱਧ ਵਿਚ ਮੁਕੰਮਲ ਹੋ ਗਿਆ। ਡੇਰਾ ਵਿਸਥਾਰ ਦਾ ਕਾਰਜ ਤਾਂ ਉਸ ਸਮੇਂ ਤੋਂ ਲੈਕੇ ਹੁਣ ਤੱਕ ਜਾਰੀ ਹੈ। ਪਰ ਇਸ ਮਹਾਨ ਕਾਰਜ ਦੇ ਮੋਢੀਆਂ ਨੂੰ ਯਾਦ ਕਰਨਾ, ਇਤਿਹਾਸ ਦੇ ਰਿਣ ਮੁਕਤ ਹੋਣ ਜਿਹਾ ਕਾਰਜ ਹੁੰਦਾ ਹੈ।

ਨਾਮਧਾਰੀ ਸੰਤ ਖਾਲਸਾ ਦੀ ਸਾਜਨਾ ਕਰਨ ਬਾਅਦ, ਕਈ ਵੇਰ ਆਪ ਜੀ ਨੇ ਮਹਾਰਾਜ ਬੁੱਧ ਸਿੰਘ ਜੀ ਅਤੇ ਭਾਈ ਲਹਿਣਾ ਸਿੰਘ ਨੂੰ ਨਾਲ ਲੈਕੇ, ਮਸਤਾਨੀ ਬਿਰਤੀ ਦੇ ਬਹੁਤ ਸਾਰੇ ਬਚਨ ਕਰਨੇ। ਇਹਨਾਂ ਬਚਨਾਂ ਦੇ ਗੁਹਜ ਸੰਕੇਤ ਹੁੰਦੇ ਸਨ ਜੋ ਹਰ ਕਿਸੇ ਦੇ ਸਮਝਣ ਦੇ ਸਮਰੱਥ ਨਹੀਂ ਸਨ। ਕਿਉਂਕਿ ਹੁਣ ਲਾਹੌਰ ਵਿਚ ਗੋਰਾਸ਼ਾਹੀ, ਪੂਰੀ ਤਰ੍ਹਾਂ ਕਾਬਿਜ ਹੋ ਚੁੱਕੀ ਸੀ, ਇਸ ਲਈ ਇਕ ਦਿਨ ਉਪਰਲੇ ਸੱਜਣਾਂ ਨਾਲ 'ਲਾਹੌਰ ਦਾ ਘਰ ਮਾਰਨ' ਦਾ ਬਚਨ ਕੀਤਾ, ਜੋ ਆਪ ਜੀ ਦੇ ਏਜੰਡੇ ਦਾ ਪ੍ਰਮੁੱਖ ਕਾਰਜ ਸੀ, ਕੌਮੀ ਮੁਕਤੀ ਸੰਗਰਾਮ ਦੀ ਤਿਆਰੀ ਵਜੋਂ। ਮਸਤਾਨੀ ਬਿਰਤੀ ਦੇ ਇਹਨਾਂ ਕਉਤਕਾਂ ਸਮੇਂ, ਇਕ ਦਿਨ ਦਇਆ ਸਿੰਘ ਪੁੱਤਰ ਸ੍ਰੀ ਹਿੰਮਤ ਸਿੰਘ ਕੋਟ ਗੰਗੂ ਰਾਇ, ਜਿਸ ਨੂੰ ਸਤਿਗੁਰੂ ਜੀ ਮਰਦ ਕਹਿੰਦੇ ਹੁੰਦੇ ਸਨ ਅਤੇ ਲਹਿਣਾ ਸਿੰਘ ਨੂੰ ਰਾਮਸਰ ਵੱਲ ਲੈ ਗਏ। ਦੋਹਾਂ ਤੋਂ ਕਈ ਪੰਡਾਂ ਪਾਥੀਆਂ ਮੰਗਵਾਈਆਂ। ਚਿਖਾ ਵਾਂਗ ਚਿਣਕੇ ਅਗਨੀ ਲਾ ਦਿਤੀ। ਜੁਆਲਾ ਪਰਚੰਡ ਹੋ ਗਈ। ਲਾਟਾਂ ਨਿਕਲਨ ਲੱਗੀਆਂ। ਸਤਿਗੁਰੂ ਜੀ ਲਗਾਤਾਰ ਛੇ ਛਾਲਾਂ ਮਾਰਕੇ ਬਲਦੀ ਅੱਗ ਤੋਂ ਟੱਪ ਗਏ। ਸੱਤਵੀਂ ਛਾਲ ਅੱਗ ਦੇ ਵਿਚ ਮਾਰੀ। ਪਿਠ ਨਾਲ ਉਪਰ ਲੇਟ ਕੇ ਸਾਰੀ ਅਗਨ ਬੁਝਾਇ ਦਿਤੀ। "ਲਹਿਣਾ ਸਿੰਘ ਤੇ ਦਇਆ ਸਿੰਘ ਨੂੰ ਬਚਨ ਕੀਤਾ ਕਿਸੇ ਨੂੰ ਦੱਸਣਾਂ ਨਹੀਂ। ਜਾਂ ਸਤਿਗੁਰੂ ਜੀ ਰੰਗੂਨ ਗਏ ਤਾਂ ਮਗਰੋਂ ਦੱਸਿਆ ਸੀ।"...

ਫਿਰ ਇਕ ਵਕਤ ਐਸਾ ਵੀ ਆਇਆ ਕਿ ਲਹਿਣਾ ਸਿੰਘ ਦੁਬਾਰਾ ਗੁਰੂ ਕਿਰਪਾ ਦਾ ਪਾਤਰ ਬਣ ਗਿਆ। ਚਰ੍ਹੀ ਵਾਲੇ ਪਰਸੰਗ ਤੋਂ ਬਾਅਦ ਲਹਿਣਾ ਸਿੰਘ ਦਾ ਪੈਰ ਪਿਛਾਂਹ ਨੂੰ ਜਾਂਦਾ ਰਿਹਾ। ਸਤਿਗੁਰੂ ਜੀ ਨੇ ਆਪਣੇ ਬਾਲ-ਸਖਾ ਨੂੰ ਪਰੇਸ਼ਾਨੀਆਂ ਤੋਂ ਮੁਕਤ ਵੀ ਕੀਤਾ। ਉਹ ਫਿਰ ਸਫ਼ਲ ਕਿਸਾਨ ਵੀ ਬਣ ਗਿਆ। ਘਰ ਵਿਚ ਆਈਆਂ ਗ੍ਰਹਿਸਤ ਜੀਵਨ ਦੀਆਂ ਪਰੇਸ਼ਾਨੀਆਂ ਵੀ ਹੱਲ ਹੋ ਗਈਆਂ। ਇਸ ਲਈ ਸਤਿਗੁਰੂ ਜੀ ਨੇ ਉਸਨੂੰ, ਇਕ ਮਨ ਇਕ ਚਿੱਤ ਹੋਕੇ ਨਾਮਬਾਣੀ ਦੀ ਅਰਾਧਨਾ ਵਾਲੇ, ਗੁਰਮਤ ਗਾਡੀ ਰਾਹ ਤੇ ਚੱਲਣ ਦਾ ਹੁਕਮ ਕੀਤਾ। ਬਿਰਤਾਂਤ ਬਾਹੋਵਾਲ ਜੀ ਦੇ ਸ਼ਬਦਾਂ ਵਿਚ ਪੜ੍ਹੀਏ—

"ਏਕ ਦਿਨ ਅਕਾਲ ਬੁੰਗੇ ਵਾਲੇ ਖੂਹ ਕੇ ਬਰਾਬਰ ਖੜ੍ਹੇ ਸੇ ਸ੍ਰੀ ਸਤਿਗੁਰੂ ਜੀ। ਲਹਿਣਾ ਸਿੰਘ ਦਲੀਲਾਂ ਕਰਦਾ ਤੁਰਿਆ ਜਾਂਦਾ ਸੀ। ਦੀਨ ਦਿਆਲ ਜੀ ਸੱਦਕੇ ਲਹਿਣਾ ਸਿੰਘ ਕੋ ਬਚਨ ਕੀਤਾ- ਕਹੁ ਮੈਂ ਭੁੱਲ ਗਿਆ ਹਾਂ ਮੈਨੂੰ ਬਖਸ਼ੋ। ਲਹਿਣਾ ਸਿੰਘ ਹੱਥ ਜੋੜਕੇ ਕਹਿਣ ਲੱਗਾ, ਜੀ ਮੈਂ ਭੁੱਲ ਗਿਆ ਹਾਂ, ਮੈਨੂੰ ਬਖਸ਼ੋ। ਹੁਣ ਮੈਂ ਕਾਸੇ ਜੋਗਾ ਨਹੀਂ ਹਾਂ। ਮਿਹਰਬਾਨ ਹੋਕੇ ਬਚਨ ਕੀਤਾ— ਹੁਣ ਬੈਲ


NamdhariElibrary NamdhariElibrary@gm

ਖਰੀਦ, ਨਹੀਂ ਮਰੇਗਾ। ਜਿੱਧਰ ਜਾਏਂਗਾ ਉਧਰ ਹੀ ਹੱਥ ਲੱਗੇਗਾ। ਪੰਜਾਹ ਰੁਪਈਏ ਤੇ ਉਧਾਰ ਰਾਈਆਂ ਤੋਂ ਬੈਲ ਮਿਲ ਗਿਆ। ਦਿਨੋ ਦਿਨ ਲੱਗਾ ਵਧਣ।

"ਲਹਿਣਾ ਸਿੰਘ ਕੋ ਏਕ ਮੁਕਦਮਾ ਲੜਕੀ ਬਾਬਤ ਹੋਇਆ ਸੀ। ਇਕ ਦਿਨ ਫੇਰ ਸ੍ਰੀ ਸਤਿਗੁਰੂ ਜੀ ਬਚਨ ਕੀਤਾ— ਲਹਿਣਾ ਸਿੰਘ ਸ਼ਬਦ ਦੀ ਅਰਾਧਨਾ ਕਰਿਆ ਕਰ, ਮੁਕੱਦਮਾ ਫਤ੍ਹੇ ਹੋ ਜਾਏਗਾ। ਲਹਿਣਾ ਸਿੰਘ ਅਕਾਲ ਬੁੰਗੇ ਖੂਹ ਪਰ ਬੈਠਕੇ ਰਾਤ ਕੋ ਅਰਾਧਨ ਲੱਗਾ ਸ਼ਬਦ। ਪਹਿਲੇ ਲੇਪਨ ਦੇ ਲੈਣਾ ਫੇਰ ਇਸ਼ਨਾਨ ਕਰਕੇ ਬੈਠਣਾ ਸੁਹਾਂਝਣੇ ਹੇਠ। ਜਿਤਨੇ ਹਜ਼ਾਰ ਗੁਰੂ ਜੀ ਦਸਿਆ ਸੀ ਉਤਨਾਂ ਕੀਤਾ। ਏਕ ਰੋਜ਼ ਸੁਹਾਂਝਣੇ ਉਪਰੋਂ ਇਕ ਸਰਾਲ ਉੱਤਰੀ। ਡਰ ਦਾ ਮਾਰਿਆ ਲਹਿਣਾ ਸਿੰਘ ਘਰ ਆਇ ਸੁੱਤਾ। ਦਿਨ ਚੜ੍ਹੇ ਸ੍ਰੀ ਸਤਿਗੁਰੂ ਜੀ ਕਾ ਦੀਦਾਰ ਕੀਤਾ। ਕਹਿਣੇ ਲੱਗਾ ਜੀ ਸਰਪ ਕਾ ਰੂਪ ਧਾਰਕੇ ਮੈਨੂੰ ਖਾਣ ਆਇਆ, ਮੈਂ ਨੱਸਕੇ ਘਰ ਆਣ ਸੁੱਤਾ। ਸ੍ਰੀ ਸਤਿਗੁਰੂ ਜੀ ਬਚਨ ਕੀਤਾ ਜੇ ਬੈਠਾ ਰਹਿੰਦੋਂ ਤਾਂ ਤੇਰੇ ਵੱਸ ਹੋਇ ਜਾਂਦਾ ਸ਼ਬਦ। ਜਿਥੇ ਅਰਾਧਦਾ ਉਥੇ ਹੀ ਕੰਮ ਦਿੰਦਾ। ਪਰ ਹੁਣ ਭੀ ਤੇਰਾ ਕਾਰਜ ਹੋ ਗਿਆ ਹੈ। ਕੁਛ ਦਿਨ ਬਾਅਦ ਮੁਕਦਮਾ ਫਤੇ ਹੋ ਗਿਆ ਤਾਂ ਲਹਿਣਾ ਸਿੰਘ ਬੜਾ ਪ੍ਰਸੰਨ ਹੋਇਆ।"

ਬਾਲ-ਸਖਾ ਲਹਿਣਾ ਸਿੰਘ ਦੇ ਘਰ ਨੂੰ, ਸਤਿਗੁਰੂ ਜੀ ਆਪਣਾ ਘਰ ਸਮਝਦੇ ਸਨ। "ਇਕ ਦਿਨ ਸ੍ਰੀ ਸਤਿਗੁਰੂ ਜੀ ਬਚਨ ਕੀਤਾ ਹੋਰ ਸਾਰੇ ਬਿਮਾਰੀ ਪਈ ਹੈ ਲਹਿਣਾ ਸਿੰਘ, ਸਾਡੇ ਕਰਕੇ ਤੇਰੇ ਘਰ ਬਿਮਾਰੀ ਨਹੀਂ ਹੈ।"

ਸੰਨ 1861 ਈ. ਦੀ ਹਰਦੁਆਰ ਅਰਧ ਕੁੰਭੀ ਦੇ ਸਮੇਂ ਸ੍ਰੀ ਸਤਿਗੁਰੂ ਜੀ ਸੰਗਤ ਸਮੇਤ ਸ੍ਰੀ ਭੈਣੀ ਸਾਹਿਬ ਤੋਂ ਚੱਲੇ ਸਨ। ਇਸ ਸੰਗ ਵਿਚ ਬਾਲ-ਸਖਾਈ ਮਿੱਤਰ ਭਾਈ ਲਹਿਣਾ ਸਿੰਘ ਨੂੰ ਵੀ ਸ਼ਾਮਲ ਕਰ ਲਿਆ ਸੀ। ਕਈ ਗੋਹਜ ਗਿਆਨ ਦੇ ਬਚਨ, ਅਕਸਰ ਲਹਿਣਾ ਸਿੰਘ ਦੀ ਮਾਰਫਤ ਹੁੰਦੇ ਰਹਿੰਦੇ। ਸਤਿਗੁਰੂ ਜੀ ਦੇ ਕਉਤਕਾਂ ਜਾਂ ਸਾਖੀਆਂ ਦੇ ਵੀ ਬਹੁਤ ਸਾਰੇ ਸੰਕੇਤਕ ਅਰਥ ਮਿਲਦੇ ਹਨ ਮਸਤਾਨੀ ਬਿਰਤੀ ਵਿਚ ਵਿਚਰਦਿਆਂ ਵੀ ਆਪ ਦੇ ਸਾਂਹਵੇਂ ਦੇਸ਼ ਸੁਤੰਤਰਤਾ ਦਾ ਮਿਸ਼ਨ ਹਮੇਸ਼ਾ ਰਹਿੰਦਾ ਸੀ। ਜਿਸ ਦੀ ਪ੍ਰਾਪਤੀ ਲਈ ਉਹ ਇਕ ਹੋਰ ਯੋਰਪੀਨ ਅਤੇ ਏਸ਼ਿਆਈ ਤਾਕਤ ਰੂਸ ਦੀ ਸੈਨਿਕ ਸ਼ਕਤੀ ਨੂੰ ਅੰਗਰੇਜ਼ਾਂ ਦੇ ਖਿਲਾਫ਼ ਵਰਤਣ ਲਈ, ਲਗਾਤਾਰ ਚਿੰਤਨਸ਼ੀਲ ਰਹੇ ਅਤੇ ਫਿਰ ਇਸ ਸਬੰਧੀ ਕਈ ਯਤਨ ਵੀ ਅਰੰਭੇ। ਪੁਰਾਤਨ ਤੀਰਥ ਅਸਥਾਨਾਂ ਤੇ ਜਾਣ ਦਾ ਸਤਿਗੁਰੂ ਜੀ ਦਾ ਮਨੋਰਥ ਆਪਣੇ ਸਿੱਖਾਂ ਵਿਚੋਂ ਇਹਨਾਂ ਸਥਾਨਾਂ ਜਾਂ ਕਰਮ ਕਾਂਡਾਂ ਦੀ ਸਰਵਉਚਤਾ ਦਾ ਭਾਵ ਖਾਰਜ ਕਰਕੇ, ਉਹਨਾਂ ਨੂੰ ਵਿਵੇਕਸ਼ੀਲ, ਜਾਗਰੂਪ ਮਨੁੱਖ ਬਣਾ ਕੇ ਇਕ ਅਕਾਲ ਪੁਰਖ ਦੀ ਅਰਾਧਨਾ ਨਾਲ ਹੀ ਜੋੜਨਾ ਸੀ। ਗੰਗਾ ਦੇ ਰਸਤੇ ਵਿਚ ਲਹਿਣਾ ਸਿੰਘ ਹੋਰਾਂ ਨਾਲ ਰੂਸ ਬਾਰੇ ਭਵਿੱਖਤ ਵਾਕ ਸਮਕਾਲੀ ਇਤਿਹਾਸਕਾਰ ਨੇ ਬੜੇ ਸੁੰਦਰ ਸ਼ਬਦਾਂ ਵਿਚ ਅੰਕਿਤ ਕੀਤੇ ਹਨ—

"ਆਗੇ ਨਦੀ (ਮਾਰਕੰਡਾ) ਆਈ। ਖੜੋਇਕੇ ਬਚਨ ਕੀਤਾ ਗੁਰੂ ਜੀ, ਰੇਤੇ ਕੇ ਗੋਲੇ ਵੱਟ ਵੱਟ ਕੇ ਫੜਾਵੋ। ਸਿੰਘ ਲੱਗੇ ਫੜੌਣ। ਹਾਥ ਮੈਂ ਲੈ ਲੈ ਕੇ ਲੈਂਧੀ (ਪੱਛਮ) ਧਰਤੀ ਨੂੰ ਚਲਾਉਣ ਲੱਗੇ। ਲਹਿਣਾ ਸਿੰਘ ਨੇ ਪੁੱਛਿਆ— ਜੀ ਏਹ ਕੀ ਕਾਰਨ ਹੈ? ਗੁਰੂ ਜੀ ਬਚਨ ਕੀਤਾ ਲੈਂਧੀ ਤਰਫ਼ ਸੇ ਰੂਸ ਆਵਣਗੇ। ਤਰਾਸ ਝੱਲਿਆ ਨਹੀਂ ਜਾਵੇਗਾ। ਪੁੱਛਿਆ ਜੀ ਕਦ? ਬਚਨ ਕੀਤਾ ਸੌ ਵਰ੍ਹੇ ਥੀਂ ਉਰੇ ਉਰੇ ਫੇਰ ਜਦ ਆਇ ਜਾਵਣ।"

ਸੰਤ ਇੰਦਰ ਸਿੰਘ ਚੱਕਰਵਰਤੀ ਇਸੇ ਪਰਸੰਗ ਨੂੰ, ਆਪਣੀ ਕਾਵਿਕ ਸ਼ੈਲੀ ਵਿਚ ਇਉਂ ਬਿਆਨ ਕਰਦੇ ਹਨ:

"ਏਸ ਸਮੇਂ ਭਗਵਾਨ ਦੀ, ਸੀ ਮਸਤੀ ਦੀ ਕਾਰ  
ਪਰਗਟ ਕਰਕੇ ਦੱਸਦੇ, ਕਈ ਗੁਪਤ ਵਿਚਾਰ  
ਅੱਡੀਆਂ ਚੁੱਕ ਚੁੱਕ ਵੇਖਦੇ, ਪੱਛਮ ਪਾਸੇ ਵੱਲ  
ਆਂਹਦੇ ਖੋਲ੍ਹ ਭਵਿਖ ਦੀ, ਜਿਉਂ ਵਰਤੇਗੀ ਗੱਲ  
ਹੁਣ ਹੈ ਅੱਗੋਂ ਵਰਤਣੀ, ਏਦਾਂ ਸਾਰੀ ਕਾਰ  
ਰੂਸ ਦਏ ਅੰਗ੍ਰੇਜ਼ ਨੂੰ, ਬਹੁਤ ਕਰਾਰੀ ਹਾਰ।"

ਗੰਗਾ ਤੋਂ ਵਾਪਸੀ ਤੇ ਵੀ ਕਾਫੀ ਸਮਾਂ, ਸਤਿਗੁਰੂ ਜੀ ਮਸਤਾਨੀ ਅਵਸਥਾ ਵਿਚ ਵਿਚਰਦੇ ਰਹੇ। ਉਹ ਅਗਮ ਨਿਗਮ ਦੇ ਮੰਡਲਾਂ ਵਿਚ ਤਾਰੀਆਂ ਲਾਉਂਦੇ ਸਨ। ਦਰਅਸਲ ਸੰਤ ਖਾਲਸੇ ਦੇ ਭਾਵੀ ਪਰਚਾਰ ਪਰਸਾਰ ਲਈ, ਮਹਾਂ ਮਲੇਛ ਦੇ ਨਾਸ ਲਈ ਤਿਆਰੀਆਂ ਵਿੱਢਣ ਸਮੇਂ, ਕਾਫੀ ਸਮਾਂ ਚਿੰਤਨ ਮਨਨ ਵਿਚ ਬੀਤਦਾ। ਦੀਨਾਂ ਦੁਖੀਆਂ, ਗਊ ਗਰੀਬ ਅਤੇ ਹੋਰ ਉਜੜਿਆਂ, ਖੁੜਿਆਂ ਅਬਲਾ ਕੰਨਿਆਵਾਂ ਦੇ ਦੁੱਖ ਤਕਲੀਫਾਂ ਕਾਰਨ, ਆਪ ਜੀ ਦਾ ਕੋਮਲ ਹਿਰਦਾ ਦ੍ਰਵਿਤ ਹੋ ਉਠਦੇ। ਇਸ ਸਮੇਂ ਆਪ ਦੇ ਕੁਝ ਚੋਜ ਜਾਂ ਕਉਤਕ ਆਪਦੇ ਭਵਿਖ ਨਕਸ਼ੇ ਦੇ ਅਨੁਕੂਲ ਹੀ ਹੁੰਦੇ ਸਨ। ਮਿੱਤਰ ਲਹਿਣਾ ਸਿੰਘ ਦੀ ਮੰਦਹਾਲੀ ਤੋਂ ਵੀ ਸਤਿਗੁਰੂ ਜੀ ਚਿੰਤਤ ਸਨ। ਹੇਠਲਾ ਕਉਤਕ ਲਹਿਣਾ ਸਿੰਘ ਅਤੇ ਮਨੁੱਖ ਮਾਤਰ ਲਈ, ਆਪਦੇ ਹਿਰਦੇ ਵਿਚ ਵੱਸਦੀ ਕਲਿਆਣਕਾਰੀ ਸੋਚ ਦਾ ਲਖਾਇਕ ਹੈ—

"ਏਕ ਰੋਜ਼ ਰਾਤ ਕੋ ਸਤਿਗੁਰੂ ਜੀ ਛੋਲਿਆਂ ਕਾ ਘੜਾ ਭਰਕੇ


Namdhari Elibrary NamdhariElibrary@gmail.com

ਉਤੇ ਮੰਦਰ ਦੇ ਚੜ੍ਹਕੇ ਪਿਛਲੇ ਪਾਸੇ ਜ਼ਿਮੀਂਦਾਰ ਸੇ, ਤਿਨਾਂ ਵਿਚੋਂ ਇਕ ਦਾ ਨਾਮ ਲੈਕੇ ਅਵਾਜ਼ ਮਾਰੀ। ਬਚਨ ਕੀਤਾ ਆ ਤੈਨੂੰ ਕੁਝ ਦੇਈਏ। ਜ਼ਿਮੀਦਾਰ ਅੰਦਰ ਪਿਆ ਹੀ ਸੁਣੀ ਜਾਂਦਾ ਸੀ। ਬਾਹਰ ਨਾ ਸੀ ਨਿਕਲਿਆ ਡਰਦਾ ਕਿ ਮੈਨੂੰ ਮਾਰਨਗੇ। ਜਾਂ ਕੋਈ ਨਾ ਨਿਕਲਿਆਂ ਤਾਂ ਘੜਾ ਸੁੱਟਿਆ। ਵੇਹੜੇ ਮੇਂ ਦਾਣੇ ਖਿਡ ਗਏ। ਰਾਤ ਤਾਂ ਕਿਸੇ ਨਾ ਨਾ ਛੇੜੇ ਪਰ ਦਿਨ ਚੜ੍ਹੇ ਲਹਿਣਾ ਸਿੰਘ ਬੀ ਆਇਆ ਦਾਣਿਆਂ ਦੇ ਕੋਲ ਅੰਤਰਯਾਮੀ ਗੁਰੂ ਜੀ ਭੀ ਆਏ। ਕੋਠੇ ਉਤੋਂ ਦੀ ਬਚਨ ਕੀਤਾ ਗੁਰੂ ਜੀ– ਦਾਣੇ ਸਾਂਭ ਲੈ ਤੇਰੀ ਗ਼ਰੀਬੀ ਨਿਕਲ ਜਾਵੇਗੀ। ਇਕ ਤੀਵੀਂ ਸੀ, ਉਸਦਾ ਨਾਮ ਲੈਕੇ ਬਚਨ ਕੀਤਾ ਇਹ ਬੜੀ ਪਾਪਣ ਹੈ। ਇਸਨੇ ਕੁੜੀਆਂ ਮਾਰੀਆਂ ਸੀਆਂ। ਉਸਦੇ ਪਤੀ ਕਾ ਨਾਮ ਲੈ ਕੇ ਬਚਨ ਕੀਤਾ ਇਹ ਬੜਾ ਪਾਪੀ ਹੈ, ਵੱਢ ਦੇਣੇ ਕੀ ਲਾਇਕ ਹੈ। ਲਹਿਣਾ ਸਿੰਘ ਨੇ ਦਾਣੇ ਇੱਕਠੇ ਕਰ ਲਏ ਤੇ ਗ਼ਰੀਬੀ ਨਿਕਲ ਗਈ। ਗੁਜ਼ਾਰਾ ਤੁਰ ਪਿਆ।"

ਸੈਨਿਕ ਜੀਵਨ ਸਮੇਂ ਦੀਆਂ ਖੇਡਾਂ, ਸ਼ਸਤਰ ਅਭਿਆਸ ਕਰਨ ਲੱਗਿਆਂ ਵੀ ਬਾਲ-ਸਖਾ ਲਹਿਣਾ ਸਿੰਘ ਨੂੰ ਨਾਲ ਲੈ ਜਾਂਦੇ ਸਨ। ਉਸ ਨੂੰ ਹਵਾ ਵਿਚ ਆਉਂਦਾ ਚੱਕਰ ਪਕੜਨ ਅਤੇ ਚਲਾਉਣ ਦਾ ਅੰਦਾਜ਼ ਵੀ ਸਿਖਾਇਆ। "ਏਕ ਦਿਨ ਲਹਿਣਾ ਸਿੰਘ ਕੋ ਨਾਲ ਲੈ ਗਏ, ਸਤਿਗੁਰੂ ਜੀ। ਰਾਈਆਂ ਵਾਲੇ ਰਸਤੇ ਪਰ ਜਾਇ ਖੜੇ ਹੋਏ। ਬਚਨ ਕੀਤਾ ਮੈਂ ਚੱਕਰ ਚਲਾਊਂਗਾ ਤੂੰ ਬੋਚੀਂ। ਲਹਿਣਾ ਸਿੰਘ ਨੇ ਕਹਾ, ਜੀ ਮੈਥੋਂ ਨਹੀਂ ਬੋਚ ਹੋਣਾ। ਮੈਨੂੰ ਕਿਧਰੇ ਵੱਢ ਨਾ ਦਿਓ। ਬਚਨ ਹੋਇਆ ਮਾਰਦੇ ਨਹੀਂ ਵਿਦਿਆ ਸਿਖਾਲਦੇ ਹਾਂ ਤੈਨੂੰ। ਬਚਨ ਹੋਇਆ– ਸਿਧੀ ਬਾਂਹ ਕਰ ਮੇਰੇ ਵਨ੍ਹੀਂ। ਐਸਾ ਨਿਸ਼ਾਨਾ ਮਾਰਿਆ ਚੱਕਰ ਬਾਂਹ ਵਿਚ ਜਾਇ ਪਿਆ। ਦੋ ਫੇਰੀ ਚੱਕਰ ਵਿਚ ਜਾਇ ਪਿਆ। ਜਦ ਲਹਿਣਾ ਸਿੰਘ ਚੱਕਰ ਚਲਾਵੇ ਤਾਂ ਦੋ ਪੋਟਿਆਂ ਨਾਲ ਹੀ ਫੜ ਲੈਣ ਸੱਜੇ ਹੱਥ ਮੇ।"

ਜਿਸ ਸਮੇਂ ਸ੍ਰੀ ਸਤਿਗੁਰ ਜੀ ਨੂੰ 1863 ਈ. ਦੀ 3 ਜੁਲਾਈ ਨੂੰ ਸ੍ਰੀ ਭੈਣੀ ਸਾਹਿਬ ਵਿਖੇ ਹੀ ਨਜ਼ਰਬੰਦ ਰਹਿਣ ਦਾ ਸਰਕਾਰੀ ਆਦੇਸ਼ ਪੁਚਾਇਆ ਗਿਆ ਤਾਂ ਆਪ ਜੀ ਨੇ ਪਿੰਡੋਂ ਬਾਹਰ ਇਕੰਤ ਅਸਥਾਨ ਬਣਾਕੇ ਭਜਨ ਬੰਦਗੀ ਕਰਨ ਦੀ ਇੱਛਾ ਪ੍ਰਗਟ ਕੀਤੀ। ਇਸ ਪਾਸੇ ਭਾਈ ਲਹਿਣਾ ਸਿੰਘ ਨੇ ਆਪਣੀ ਭੂਮੀ ਵਿਚੋਂ ਕੁਝ ਵਿਘੇ ਜ਼ਮੀਨ ਆਪ ਨੂੰ ਆਪਣੀ ਭੂਮੀ ਬਦਲੇ ਉਪਲਬਧ ਕਰਵਾਈ। ਆਪ ਜੀ ਨੇ ਕੱਚਾ ਕੋਠਾ ਬਣਵਾਇਆ ਜਿਸ ਦੇ ਆਲੇ ਦੁਆਲੇ ਪਾਣੀ ਦੀ ਖ਼ੇਲ਼ ਸੀ। ਇਕ ਖੂਹ ਵੀ ਸੀ ਜਿਸ ਵਿਚੋਂ ਪਾਣੀ ਕੱਢਿਆ ਜਾਂਦਾ ਸੀ। ਖ਼ੇਲ਼ ਪਾਣੀ ਦੀ ਭਰੀ ਰਹਿੰਦੀ ਤਾਂ ਜੁ ਕੀੜਾ ਪਤੰਗਾ ਬੰਦਗੀ ਸਮੇਂ ਵਿਘਨ ਨਾ ਪਾਏ। ਇਸ ਕਮਰੇ ਤੋਂ ਇਲਾਵਾ, ਮੌਸਮ ਅਨੁਸਾਰ ਇਕ ਰੁੱਖ ਹੇਠ ਬਾਹਰ ਵੀ ਬੈਠਦੇ ਜੋ ਥੋਹੜੀ ਕੁ ਵਿਥ ਤੇ ਸੀ। ਕਮਰੇ ਦੇ ਬਾਹਰ ਵੀ ਖੁਲ੍ਹੇ ਥਾਂ ਇਕ ਥੜ੍ਹਾ ਬਣਵਾਇਆ। ਇਹ ਅਸਥਾਨ 'ਅਕਾਲ ਬੁੰਗਾ' ਦੇ ਤੌਰ ਤੇ ਪ੍ਰਸਿੱਧ ਹੋਇਆ। ਮਲੇਰ ਕੋਟਲੇ ਵਾਲਾ ਮਸਤਾਨਾ ਦਲ ਵੀ "ਅਕਾਲ ਬੁੰਗੇ" ਦੇ ਪਾਸ ਹੀ ਆਪਣਾ ਟਿਕਾਣਾ ਕਰਿਆ ਕਰਦਾ ਸੀ। ਯਾਦ ਰਹੇ ਕਿ ਸ੍ਰੀ ਅੰਮ੍ਰਿਤਸਰ ਸਥਿਤ ਅਕਾਲ ਤਖ਼ਤ ਸਾਹਿਬ ਨੂੰ ਵੀ ਪੁਰਾਤਨ ਲਿਖਤਾਂ ਵਿਚ ਅਕਾਲ ਬੁੰਗਾ ਹੀ ਲਿਖਿਆ ਮਿਲਦਾ ਹੈ।

ਸੰਨ 1868 ਈ. ਵਿਚ ਡੇਰਾ ਸ੍ਰੀ ਭੈਣੀ ਸਾਹਿਬ ਦਾ, ਇਕ ਬਘੇਲ ਸਿੰਘ ਨਾਮੇ ਸਿੰਘ, ਇਕ ਦਿਨ ਕੋਟ ਗੰਗੂ ਰਾਇ ਦੀ ਜੂਹ ਵਿਚ ਉਠ ਚਰਾਉਣ ਵਾਸਤੇ ਗਿਆ। ਉਸ ਪਿੰਡ ਦੇ ਜ਼ਿਮੀਦਾਰਾਂ ਨੇ ਦੂਜੇ ਪਿੰਡ ਦਾ ਹੋਣ ਕਾਰਨ, ਆਪਣੀ ਜੂਹ ਵਿਚ ਉਠ ਚਾਰਨ ਕਰਕੇ, ਬਘੇਲ ਸਿੰਘ ਨੂੰ ਸੋਟਿਆਂ ਨਾਲ ਕੁੱਟਿਆ। ਕੁੱਟ ਖਾਕੇ ਉਹ ਸਤਿਗੁਰੂ ਜੀ ਪਾਸ ਅਕਾਲ ਬੁੰਗੇ, ਜਿੱਥੇ ਆਪ ਬੰਦਗੀ ਕਰਦੇ ਸਨ, ਫਰਿਆਦੀ ਹੋਇਆ। ਉਸਦਾ ਕੁੜਤਾ ਚੁੱਕਕੇ ਲਾਸਾਂ ਦੇ ਨਿਸ਼ਾਨ ਵੇਖਕੇ, ਸਤਿਗੁਰੂ ਜੀ ਨੇ ਚੀਨੀ ਘੋੜੀ ਤੇ ਕਾਠੀ ਪਾਕੇ ਤੁਰਤ ਤਿਆਰੀ ਕੀਤੀ। ਭਾਈ ਲਹਿਣਾ ਸਿੰਘ ਅਤੇ ਸੂਬਾ ਗੋਪਾਲ ਸਿੰਘ ਜੀ ਨੂੰ ਵੀ ਨਾਲ ਲੈ ਲਿਆ। "ਲੈਹਣਾ ਸਿੰਘ ਨੇ ਕਹਾ ਹੁਣ ਮਾਰੇ ਬਿਨਾਂ ਨਹੀਂ ਛੱਡਣਗੇ। ਜੇੜ੍ਹਾ ਕਹਿੰਦਾ ਸੀ ਕਿਥੇ ਹੈ ਤੇਰੀ ਘੋੜੀ ਟਪੌਣ ਵਾਲਾ, ਸੋ ਚੀਨੀ ਪਰ ਸਵਾਰ ਹੋ ਕੇ ਟਪਾਂਵਦੇ ਚੱਲੇ ਕੋਟ ਨੂੰ।" ਉਹ ਜੋ ਬਘੇਲ ਸਿੰਘ ਨੂੰ ਕੁੱਟਣ ਵਾਲਾ ਸੀ, ਪਿੰਡ ਵਿਚ ਜਾਕੇ ਗੋਪਾਲ ਸਿੰਘ ਤੇ ਲਹਿਣਾ ਸਿੰਘ ਨੇ ਉਸ ਨੂੰ ਚੰਗਾ ਸਾਜਿਆ। ਫਿਰ ਸਤਿਗੁਰੂ ਜੀ ਦੀ ਹਜ਼ੂਰੀ ਵਿਚ ਪੇਸ਼ ਕਰਕੇ ਛੱਡ ਦਿਤਾ।

ਸ਼ਹੀਦੀ ਸਾਕਿਆਂ ਤੋਂ ਬਾਅਦ ਸਤਿਗੁਰੂ ਜੀ ਦੀ ਜਲਾਵਤਨੀ ਵਾਲਾ ਭਾਣਾ ਵੀ ਵਾਪਰ ਗਿਆ। ਡਿਪਟੀ ਇੰਸਪੈਕਟਰ ਸ਼ਾਹ ਵਲੀ ਖਾਨ ਨੇ, ਕੂਕੇ ਸਿੰਘਾਂ ਦੇ ਨਾਮ ਲਿਖੇ 18 ਜਨਵਰੀ 1872 ਈ. ਨੂੰ। ਇਹ ਲਿਸਟ 172 ਦੀ ਸੀ। ਆਮ ਤੌਖਲਾ ਸੀ ਕਿ ਇਹਨਾਂ ਸਾਰਿਆਂ ਨੂੰ ਵੀ ਤੋਪਾਂ ਨਾਲ ਉਡਾਇਆ ਜਾ ਸਕਦਾ ਹੈ। ਸ਼ਾਹ ਵਲੀ ਨੇ ਬਚਣ ਵਾਸਤੇ ਕਛਹਿਰੇ ਲਾਹ ਕੇ ਧੋਤੀ ਬੰਨ੍ਹਣ ਅਤੇ ਤਮਾਕੂ ਪੀਣ ਦੀ ਸ਼ਰਤ ਸੁਣਾਈ। ਲਹਿਣਾ ਸਿੰਘ ਜਿਸ ਦਾ ਨਾਮ ਇਸ ਸੂਚੀ ਵਿਚ ਸੀ ਉਸਨੇ ਧੋਤੀ ਤਾਂ ਬੰਨ੍ਹ ਲਈ ਪਰ ਗੁਰੂ ਹਰੀ ਸਿੰਘ ਜੀ ਦੀ ਕ੍ਰਿਪਾ ਨਾਲ, ਤੰਬਾਕੂ ਵਰਤਣ ਤੋਂ ਵਿਹਰ ਗਿਆ। ਉਸ ਨੂੰ ਵੀ ਬਾਕੀ ਸਿੰਘਾਂ ਸਮੇਤ, ਸਖਤ ਸਰਦੀ ਦੇ ਕਿਣਮਿਣ ਵਾਲੇ ਦਿਨ ਵਿਚ, ਭੁੱਖੇ ਭਾਣੇ ਨੂੰ ਪੈਦਲ ਤੋਰ ਕੇ ਲੁਧਿਆਣੇ ਡਾਕ ਬੰਗਲੇ ਵਿਚ ਪੁਚਾਇਆ। ਭੈਣੀ ਸਾਹਿਬ

NamdhariElibrary namdhariElibrary@gmail.com

ਤੋਂ ਬਾਹਰਲੇ ਮਾਈ ਭਾਈ ਤਾਂ ਥਾਣਿਓ ਥਾਣੀ ਪੁਲੀਸ ਨਿਗਰਾਨੀ ਵਿਚ ਉਹਨਾਂ ਦੇ ਇਲਾਕਿਆਂ ਵਿਚ ਪੁਚਾਏ ਗਏ। ਸ੍ਰੀ ਭੈਣੀ ਸਾਹਿਬ ਵਾਲਿਆਂ ਦੀਆਂ ਜ਼ਮਾਨਤਾਂ ਮੰਗੀਆਂ ਗਈਆਂ। "ਲਹਿਣਾ ਸਿੰਘ ਕੀ ਕੋਈ ਜ਼ਮਾਨਤ ਨਾ ਸੀ ਦੇਂਦਾ ਤਾਂ ਬਾਬੇ ਦਰਬਾਰਾ ਸਿੰਘ (ਲੰਬੜਦਾਰ, ਰਾਇਪੁਰ(ਲੁਧਿਆਣਾ) ਨੇ ਜ਼ਮਾਨਤ ਦਿਤੀ।"

ਸ੍ਰੀ ਸਤਿਗੁਰੂ ਜੀ ਦੇ ਪ੍ਰਦੇਸ਼ ਗਵਨ ਤੋਂ ਬਾਅਦ ਨਾਮਧਾਰੀ ਪੰਥ ਤੇ ਜਿਹੜੇ ਸਖਤੀਆਂ ਦੇ ਪਹਾੜ ਝੁੱਲੇ ਸਨ, ਉਹਨਾਂ ਵਿਚੋਂ ਭਾਈ ਲਹਿਣਾ ਸਿੰਘ ਨੂੰ ਵੀ ਲੰਘਣਾ ਪਿਆ। ਭੈਣੀ ਸਾਹਿਬ ਦੇ ਗੁਆਂਢੀ ਉਦਾਸੀ ਡੇਰਾ ਰਾਈਆਂ ਵਿਚ, ਤੋਪ ਦੇ ਗੋਲੇ ਮਿਲੇ ਸਨ। ਸਰਕਾਰੀ ਮੁਖਬਰ ਕਹਿ ਰਹੇ ਸਨ ਕਿ ਲਹਿਣਾ ਸਿੰਘ ਅਤੇ ਗੁਰਦਿਤ ਸਿੰਘ ਮੇਰੇ ਇੱਥੇ ਕਣਕ ਦੇ ਗੱਡਿਆਂ ਵਿਚ ਪਾਕੇ ਇਹ ਗੋਲੇ ਛੱਡ ਗਏ ਸਨ। ਬਾਬਾ ਸਾਹਿਬ ਸਿੰਘ ਬੇਦੀ ਊਨੇ ਵਾਲਿਆਂ ਨੇ 1794 ਈ. ਵਿਚ ਮਲੇਰਕੋਟਲੇ ਗਊਬੱਧ ਕਰਨ ਵਾਲੇ ਬੁੱਚੜਾਂ ਤੇ ਹਮਲਾ ਬੋਲਿਆ ਸੀ। ਵਾਪਸੀ ਤੇ ਉਹ ਇਸ ਡੇਰੇ ਵਿਚ ਪੁਜੇ ਸਨ। ਗੋਲੇ ਉਸ ਸਮੇਂ ਦੇ ਦੱਬੇ ਸਨ। ਇਹ ਵਿਵਰਣ ਵੀ ਬਾਹੋਵਾਲ ਜੀ ਦੀ ਲਿਖਤ ਵਿਚ ਦਰਜ ਹੈ—

"ਰਾਈਆਂ ਵਾਲੇ ਡੇਰੇ ਮੇਂ ਇਕ ਸੂਰਦਾਸ (ਸੁਨਾਖਾ.ਸਾਧ) ਰਹਿੰਦਾ ਸੀ। ਬਾਬੇ ਜੱਸਾ ਸਿੰਘ ਚੜ੍ਹੇ ਤੇ ਛੇ ਮਹੀਨੇ ਬਾਅਦ (1874-75 ਈ.) ਮਹੰਤ ਨਿਹਾਲ ਦਾਸ ਨਾਲ ਲੜ ਕੇ ਲੁਦਿਹਾਣੇ ਮੇਂ ਜਾਇਕੇ ਕੈਹਣੇ ਲਗਾ ਕਿ ਰਾਈਆਂ ਬਾਲੇ ਡੇਰੇ ਮੇਂ ਗੋਲੇ ਦਬੇ ਹੋਏ ਹੈਂ ਨੋਂਣ ਬਾਲੀ ਜਗ੍ਹਾ ਮੇ। ਥਾਨੇਦਾਰ ਤੇ ਫਰੰਗੀ ਚੜਕੇ ਆਏ। ਜਗਾ ਪੁਟਵਾਈ। ਨੋਂਣ ਵਾਲੀ ਜਗਾ ਸੇ ਗੋਲੇ ਨਿਕਲ ਆਏ। ਮਹੰਤ ਨੂੰ ਪੁੱਛਿਆ ਕਿਸਕੇ ਗੋਲੇ ਹੈਂ। ਮਹੰਤ ਨਿਹਾਲ ਦਾਸ ਨੇ ਕਿਹਾ ਬਾਬਾ ਸਾਹਿਬ ਸਿੰਘ ਊਨੇ ਵਾਲਾ ਆਇਆ ਸੀ। ਉਸਨੇ ਮਲੇਰਕੋਟਲਾ ਮਾਰਿਆ ਸੀ। ਫੇਰ ਜੰਡਿਆਲੀ ਜੋ ਗਊ ਬੱਧ ਕਰਦੇ ਸੀ ਸੋ ਸਿੱਧੇ ਕੀਤੇ। ਜੋ ਗੋਲੇ ਬਚੇ ਸੋ ਗੋਲੇ ਬਾਬਾ ਸਾਹਿਬ ਸਿੰਘ ਜੀ ਆਪਣਾ ਡੇਰਾ ਜਾਣ ਕੇ ਭੇਜੇ ਸੀ। ਊਠਾਂ ਉਤੇ ਲੱਦਕੇ ਪੈਹਲੇ ਤਾਂ ਭੜੋਲੇ ਮੇਂ ਪਾਏ ਸੀ। ਫੇਰ ਚੌਧੇ ਕੇ ਗਦਰ ਮੇਂ (1857 ਈ.) ਖ਼ਰਾਸ ਕੀ ਪੈੜ ਮੇਂ ਦਬਾਏ। ਫੇਰ ਪੁੱਟਕੇ ਨੋਂਣ ਵਾਲੀ ਜਗਾ ਮੇ ਦਬਾਏ। ਸੱਚ ਚ ਬਾਤ ਕਹਿ ਦਿਤੀ।

"ਨਿੰਦਕਾਂ ਤੇ ਥਾਣੇਦਾਰਾਂ ਨੇ ਰਲਕੇ ਸਲਾਹ ਕੀਤੀ ਕਿ ਭੈਣੀ ਕੂਕਿਆਂ ਕੇ ਜਿੰਮੇ ਲਾਵੋ। ਨਿਹਾਲ ਦਾਸ ਨੂੰ ਕਹਿਆ.... ਤੁਸੀਂ ਭੈਣੀ ਵਾਲਿਆਂ ਕੇ ਨਾਂ ਲਾਵੋ ਕੇ ਕੂਕੇ ਲੈਕੇ ਓਥੋਂ ਆਏ ਸੇ। ਜੇਕਰ ਤੇਰੇ ਡੇਰੇ ਦਾ ਲਿਖਿਆ ਤਾਂ ਤੁਸੀਂ ਕੈਦ ਹੋ ਜਾਉਗੇ। ਤੂੰ ਕੈਹਦੇ ਜੋ ਭੈਣੀ ਕੇ ਡੇਰੇ ਸੇ ਕੂਕੇ ਦਬਾ ਗਏ ਹੈਂ ਗੋਲੇ। ਝੂਠੇ ਉਗਾਹ ਬਣਾ ਲੈਂਦੇ ਹੈਂ। ਕਣਕ ਉਨਾਂ ਕੀ ਪਈ ਹੈ। ਨਿਹਾਲ ਦਾਸ ਨੇ ਕਹਿਆ ਕਿ ਮੈਂ ਝੂਠ ਨਹੀਂ ਕਹਿ ਸਕਦਾ। ਝੂਠੇ ਉਗਾਹ ਬਨਾਇ ਲਏ। ਉਗਾਹ ਨੰਬਰਦਾਰ ਨੇ ਬਨਾਏ। ਕੈਹਨ ਕੇ ਅਸਾਂ ਦੇਖਿਆ ਹੈ ਕਣਕ ਗੱਡਿਆਂ ਮੇਂ ਪਾਇਕੇ ਨਾਲੇ ਗੋਲੇ ਬਿਚ ਲੁਕਾਇਕੇ ਏਥੇ ਪਾਇ ਦਿਤੀ। ਕਣਕ ਵੀ ਪਈ ਤੇ ਗੋਲੇ ਵੀ ਪਏ ਹੈਂ। ਸ੍ਰੀ ਸਤਿਗੁਰੂ ਰਾਮ ਸਿੰਘ ਜੀ ਏਥੇ ਹੁੰਦਿਆਂ ਈ ਕਣਕ ਰਾਈਆਂ ਬਿਚੋਂ ਲੈਕੇ ਡੇਰੇ ਮੇਂ ਪਾਇ ਦਈ ਥੀ ਖਰੀਦ ਕੇ।

"ਝੂਠੇ ਉਗਾਹ ਕੈਹਨ ਗੁਰਦਿੱਤ ਸਿੰਘ ਗੱਡੇ ਵਾਲਾ ਤੇ ਲੈਹਣਾ ਸਿੰਘ ਦੋਵੇਂ ਆਏ ਥੇ ਕਣਕ ਲੈਕੇ। ਦੋਵੇਂ ਰਾਈਆਂ ਮੇਂ ਸੱਦੇ। ਗੁਰਦਿੱਤ ਸਿੰਘ ਨੂੰ ਪੁਛਿਆ ਕਿ ਤੂੰ ਗੋਲੇ ਗੱਡੇ ਮੇਂ ਪਾਇਕੇ ਕਣਕ ਮੇਂ ਲਿਆਇਆ ਸੀ? ਮਹੰਤ ਗੁਰਦਿੱਤ ਸਿੰਘ ਨੇ ਕਿਹਾ ਕਿ ਮੈਂ ਖੂਹ ਚਲਾਉਂਦਾ ਸੀ ਜਦ ਕਣਕ ਖਰੀਦ ਕੇ ਏਥੇ ਕੀ ਏਥੇ ਪਾਇ ਦਿਤੀ ਸੀ। ਓਧਰੋਂ ਤਾਂ ਗੱਡਾ ਈ ਭਰਕੇ ਨਹੀਂ ਆਇਆ ਕਦੀ। ਲੈਹਣਾ ਸਿੰਘ ਜਦੋਂ ਭੈਣੀ ਸਾਹਿਬ ਤੋ ਤੁਰਿਆ ਸੀ ਇਕ ਜੱਟ ਨੇ ਕਿਹਾ ਕਿ ਖਿੱਤੀ ਪਰ ਧਰਕੇ ਫੂਕ ਦੇਨਗੇ ਬੈਂਗਣ ਜੇਹੇ ਨੂੰ।"

" ਥਾਨੇਦਾਰ ਨੇ ਪੁਛਿਆ ਕਿ ਲੈਹਣਾ ਸਿੰਘ ਕੈਂਦੇ ਹੈਂ ਭੈਣੀ ਡੇਰੇ ਸੇ ਗੱਡੇ ਵਿਚ ਪਾਇਕੇ ਕਣਕ ਵਿਚ ਲੁਕਾਇਕੇ ਏਥੇ ਛੱਡ ਗਏ ਹੈਂ ਗੋਲੇ। ਲੈਹਣਾ ਸਿੰਘ ਨੇ ਕਿਹਾ ਜਦ ਅਸੀਂ ਗੱਡਿਆਂ ਵਿਚ ਗੋਲੇ ਪਾਏ ਥੇ ਤਦੇ ਈ ਰੋਕ ਦੇਨਾ ਸੀ ਸਰਕਾਰ ਕੀ ਗਾਰਦ ਨੇ ਜੋ ਉਥੇ ਹਾਜ਼ਰ ਰੈਂਹਦੀ ਹੈ ਖਵਰਦਾਰੀ ਨੂੰ। ਨਾਲੇ ਜਿਹੜੀ ਕਣਕ ਤੁਸੀਂ ਕਹਿੰਦੇ ਹੋ ਸੋ ਸਤਿਗੁਰੂ ਜੀ ਏਥੋਂ ਖਰੀਦ ਕੇ ਏਥੇ ਹੀ ਪਾ ਗਏ ਸੀ। ਭੈਣੀ ਸਾਹਿਬ ਮੇ ਤਾਂ ਕੋਈ ਗੱਡਾ ਨਹੀਂ ਆਇਆ ਕਣਕ ਦਾ, ਗੋਲੇ ਤਾਂ ਕੀ ਆਉਣੇ ਸੀ। ਥਾਨੇਦਾਰ ਚੁੱਪ ਕਰ ਗਿਆ। ਤੁਰਕ ਕੋ ਉਤਰ ਨਾ ਫੁਰਿਆ ਅੱਗੇ ਸੇ ਫੇਰ ਝੂਝ ਅਖਵਾਵਨ ਲੱਗੇ। ਪੈਹਲੇ ਤਾਂ ਨਿਹਾਲ ਦਾਸ ਨੂੰ ਕੁੱਟਿਆ ਤੇ ਕਿਹਾ ਕਿ ਤੂੰ ਕਹੁ ਕਿ ਕੂਕਿਆਂ ਕੇ ਡੇਰੇ ਮੇ ਆਏ ਹੈਂ, ਨਹੀਂ ਤਾਂ ਤੋਪਾਂ ਦੱਸ ਕਿਥੇ ਹੈ। ਗੋਲੇ ਜੋ ਤੇਰੇ ਕੋਲ ਹਾਜ਼ਰ ਹੈਂ ਅਤੇ ਤੋਪਾਂ ਭੀ ਦੱਸ ਨਹੀਂ ਤਾਂ ਭੈਣੀ ਦਾ ਨਾਮ ਕੈਹਦੇ। ਫੇਰ ਨੰਬਰਦਾਰਾਂ ਨੂੰ ਕੁੱਟਿਆ ਕਿਹਾ, ਕਿੱਥੇ ਹੈਂ ਤੋਪਾਂ?"

ਜੇੜ੍ਹੇ ਨਾਮਧਾਰੀਏ ਸਿੰਘ ਸੇ ਤਿਨਾਂ ਨੂੰ ਕਿਹਾ ਕਿ ਤੁਮ ਕਹੋ ਗੋਲੇ ਭੈਣੀ ਦੇ ਡੇਰੇ ਮੇ ਆਏ ਹੈ। ਸਿੰਘ ਨੇ ਕਿਹਾ ਕਿ ਅਸੀਂ ਝੂਠ ਨਹੀਂ ਕਹੇ ਸਕਦੇ ਹੈਂ ਜੋ ਡੇਰੇ ਵਿਚ ਆਏ ਹੈਂ। ਫੇਰ ਛਮਕਾਂ ਮਰਵਾਇਕੇ ਤੂਤ ਕੀਆਂ ਮਸਤਾਨ ਸਿੰਘ (ਪੁੱਤਰ ਲਖਾ ਸਿੰਘ, ਪਿੰਡ ਰਾਈਆਂ) ਨੂੰ ਕੇਸਾਂ ਥੀਂ, ਬੰਨ੍ਹ ਕੇ ਛੱਤ ਨਾਲ ਲਮਕਾਇਕੇ ਕੈਹਣ ਕਿ ਤੁਸੀਂ ਕਹੇ ਦਿਓ ਜੋ ਕਣਕ ਵਿਚ ਪਾਇਕੇ ਗਡਿਆਂ ਮੇਂ


Namdhari Elibrary NamdhariElibrary@gmail.com

ਏਥੇ ਦਬ ਗਏ ਹੈਂ। ਏਹ ਗੱਲ ਅਖਵਾਂਵਦੇ ਸੇ। ਮਸਤਾਨ ਸਿੰਘ ਨੇ ਕਿਹਾ ਕਿ ਝੂਠ ਬਾਰਤਰ ਅਸੀਂ ਨਹੀਂ ਕਹਿ ਸਕਦੇ ਹੈ। ਹੋਰ ਸਭਨਾਂ ਸਿੰਘਾਂ ਨੂੰ ਮਾਰਿਆ ਕਿ ਕਹੋ ਗੋਲੇ ਡੇਰੇ ਕੇ ਹੈਂ। ਲਹਿਣਾ ਸਿੰਘ ਤੇ ਗੁਰਦਿਤ ਸਿੰਘ ਗੱਡੇ ਮੇਂ ਪਾਇਕੇ ਛੱਡ ਗਏ ਹੈਂ। ਮਸਤਾਨ ਸਿੰਘ ਨੇ ਕਿਹਾ ਕੇ ਜੇਕਰ ਤੁਸੀਂ ਮਾਰ ਕੇ ਅਖਵਾਇ ਲਮੇਂਗੇ ਤਾਂ ਸਰਕਾਰੇ ਜਾਇਕੇ ਕਹਿ ਦੇਮਾਂਗੇ ਕਿ ਸਾਨੂੰ ਮਾਰ ਕੇ ਅਖਵਾਇਆ ਹੈ ਕਿ ਗੋਲੇ ਡੇਰੇ ਮੇ ਆਏ ਹੈਂ। ਮਸਤਾਨ ਸਿੰਘ ਕਹੇ ਕਿ ਝੂਠ ਨਹੀਂ ਬੋਲਨਾ ਭਾਵੇਂ ਜਿੰਦ ਜਾਂਦੀ ਰਹੇ। ਕਈ ਫੇਰੀ ਛਮਕਾਂ ਮਾਰਕੇ ਹਾਰ ਗਏ। ਰਾਤ ਪੈ ਗਈ।"

ਗੁਆਂਢੀ ਪਿੰਡ ਭਾਗ ਪੁਰੇ ਦੇ ਨੰਬਰਦਾਰ ਨੇ ਝੂਠਾ ਦੋਸ਼ ਭੈਣੀ ਸਾਹਿਬ ਡੇਰੇ ਚੋਂ ਗੋਲੇ ਆਉਣ ਦਾ ਮੜ੍ਹ ਦਿਤਾ। ਬਾਹੋਵਾਲ ਜੀ ਮੁਤਾਬਿਕ ਗੁਰੂ ਹਰੀ ਸਿੰਘ ਜੀ ਤੋਂ ਸਰਾਪ ਲੈਕੇ ਉਸਦੀ ਖਾਨਾ ਕੂਚੀ ਹੀ ਹੋ ਗਈ। ਇਕ ਸਾਧੂ ਸਿੰਘ ਜੋ ਰਾਈਆਂ ਡੇਰੇ ਦੇ ਮਹੰਤ ਦਾ ਚੇਲਾ ਸੀ, ਸਤਿਗੁਰੂ ਰਾਮ ਸਿੰਘ ਜੀ ਦਾ ਸਿੱਖ ਸੀ, ਸਖਤੀ ਅੱਗੇ ਝੁਕ ਗਿਆ ਤੇ ਝੂਠ ਬੋਲ ਗਿਆ ਕਿ ਗੋਲੇ ਡੇਰੇ ਵਿਚੋਂ ਆਏ ਹਨ। ਇਹ ਗੱਲ ਕਹਿ ਤਾਂ ਗਿਆ ਪਰ ਜਦੋਂ ਅੰਦਰ ਗਲਾਨੀ ਪੈਦਾ ਹੋਈ, ਖੂਹ ਵਿਚ ਛਾਲ ਮਾਰ ਕੇ ਮਰ ਗਿਆ। ਭੈਣੀ ਸਾਹਿਬ ਡੇਰੇ ਦੀ ਮੁਖਬਰਾਂ ਆਖੇ ਫਿਰ ਪੁਟਾਈ ਹੋਈ। ਪਰੰਤੂ ਮਿਲਿਆ ਕੁਝ ਨਾਂ। ਫਿਰ ਇਕ ਰਾਮਗੜ੍ਹ ਦੇ ਮੁਸਲਮਾਨ ਲੰਬੜਦਾਰ ਨੇ ਇਹਨਾਂ ਦੇ ਨਾਲ ਦਾ ਇਕ ਗੋਲਾ ਵਿਖਾਇਆ ਕਿ ਇਹ ਵੀ ਸਾਡੇ ਪਾਸ, ਬਾਬਾ ਸਾਹਿਬ ਸਿੰਘ ਬੇਦੀ ਊਨੇ ਵਾਲੇ ਧਰ ਗਏ ਸਨ। ਝੱਖ ਮਾਰਕੇ ਪੁਲਿਸ ਅਫਸਰ ਤੇ ਹੋਰ ਮੁੜ ਗਏ। ਇਉਂ ਭਾਈ ਲਹਿਣਾ ਸਿੰਘ ਇਸ ਪਰਖ ਵਿਚੋਂ ਲੰਘ ਗਏ।

ਗੁਰੂ ਹਰੀ ਸਿੰਘ ਜੀ ਦੇ ਸਮੇਂ, ਨਵਾਂ ਦਰਵਾਜਾ ਤਬੇਲੇ ਵਿਚ ਨਿਕਲਿਆ। ਖਰਾਸ ਲੱਗਾ। ਰਾਮਸਰ ਵਿਚ ਖੂਹ ਖੂਹੀਆਂ ਲੱਗੀਆਂ। ਵਸੋਂ ਉਥਿ ਵੀ ਹੋਈ। 1896 ਈ. ਵਿਚ ਬਾਗ ਵਾਲੀ ਕੋਠੀ ਬਣੀ। ਇਸ ਤੋਂ ਪਹਿਲਾਂ ਬਾਗ ਲੱਗਾ। ਬਾਗ ਵਾਸਤੇ ਵੱਡਾ ਖੂਹ ਲਾਇਆ ਗਿਆ। ਕਿਸੇ ਵੀ ਨਵੀਂ ਰਚਨਾਂ ਸਮੇਂ ਪਿੰਡ ਦੇ ਕੁਝ ਲੰਬੜਦਾਰ ਸਰਕਾਰੀ ਸ਼ਹਿ ਤੇ ਵਿਰੋਧ ਕਰਦੇ। ਭਾਈ ਲਹਿਣਾ ਸਿੰਘ ਜਾਂ ਉਹਨਾਂ ਦੇ ਪਰਿਵਾਰ ਅਤੇ ਭਾਈਚਾਰੇ ਵਾਲੇ ਇਹ ਕਹਿਕੇ ਕਿ ਜ਼ਮੀਨ ਸਾਡੇ ਵੱਡਿਆਂ ਨੇ ਪੁੰਨ ਖਾਤੇ ਦਿਤੀ ਹੈ ਸਤਿਗੁਰੂ ਜੀ ਦੇ ਡੇਰੇ ਲਈ। ਇਹ ਸਾਰੇ ਮੁਆਮਲੇ ਸ਼ਾਂਤ ਕਰਵਾਉਂਦੇ ਰਹੇ।

ਸ੍ਰੀ ਸਤਿਗੁਰੂ ਰਾਮ ਸਿੰਘ ਜੀ ਦੇ ਜਿਹੜੇ ਦੋ ਹੁਕਮਨਾਮੇ ਡੇਰਾ ਸ੍ਰੀ ਭੈਣੀ ਸਾਹਿਬ ਨਿਵਾਸੀਆਂ ਨੂੰ ਸੰਬੋਧਿਤ ਹਨ, ਉਹਨਾਂ ਵਿਚੋਂ ਹੋਰਨਾਂ ਸਿੰਘਾਂ ਤੋਂ ਇਲਾਵਾ, ਸਤਿਗੁਰੂ ਜੀ ਆਪਣੇ ਬਾਲ-ਸਖਾ ਭਾਈ ਲਹਿਣਾ ਸਿੰਘ ਜੀ ਦਾ ਨਾਮ ਵੀ ਦਰਜ ਕਰਦੇ ਹਨ।

ਪਰਦੇਸ ਵਿਚੋਂ ਭੇਜੇ ਪਹਿਲੇ ਹੀ ਹੁਕਮਨਾਮਿਆਂ ਵਿਚ, ਸ੍ਰੀ ਸਤਿਗੁਰੂ ਜੀ, ਗੁਰੂ ਹਰੀ ਸਿੰਘ ਜੀ ਅਤੇ ਉਹਨਾਂ ਦੀ ਮਾਰਫਤ ਸੰਪੂਹ ਨਾਮਧਾਰੀ ਸੰਗਤ ਨੂੰ ਵੱਧ ਤੋਂ ਵੱਧ ਆਦਿ ਸ੍ਰੀ ਗੁਰੂ ਗਰੰਥ ਸਾਹਿਬ ਦੇ ਸਧਾਰਨ ਤੇ ਅਖੰਡ ਪਾਠ ਕਰਨ ਕਰਾਉਣ ਦਾ ਹੁਕਮ ਭੇਜਦੇ। ਨਾਮਧਾਰੀ ਸਿੰਘਾਂ ਨੂੰ ਸਰਕਾਰ ਇਸ ਸਮੇਂ ਆਪਣੀਆਂ ਧਾਰਮਿਕ ਕ੍ਰਿਆਵਾਂ ਬਿਨਾਂ ਮਨਜ਼ੂਰੀ ਤੋਂ ਕਰਨ ਨਹੀਂ ਸੀ ਦਿੰਦੀ। ਭੈਣੀ ਸਾਹਿਬ ਵਿਚ ਗੁਪਤ ਰੂਪ ਵਿਚ ਅਖੰਡ ਪਾਠ ਲੰਗਰ ਦੇ ਹੇਠਾਂ ਬਣੇ ਭੋਰੇ ਵਿਚ ਕੀਤੇ ਜਾਂਦੇ। ਸਰਕਾਰੀ ਮੁਖਬਰ ਹਰਲ ਹਰਲ ਕਰਦੇ ਫਿਰਦੇ। ਜਦੋਂ ਭਾਈ ਲਹਿਣਾ ਸਿੰਘ ਨੂੰ ਆਪਣੇ ਵਸੀਲਿਆਂ ਤੋਂ ਪਤਾ ਲੱਗਦਾ ਕਿ ਡੇਰੇ ਵਿਚ ਹੁੰਦੇ ਪਾਠਾਂ ਤੇ ਵੱਡੇ ਅਫਸਰਾਂ, ਪੁਲੀਸ ਪ੍ਰਸ਼ਾਸਨ ਦਾ ਛਾਪਾ ਪੈਣ ਵਾਲਾ ਹੈ ਤਾਂ ਉਹ ਗੁਰੂ ਹਰੀ ਸਿੰਘ ਜੀ ਨੂੰ ਬਰ-ਵਕਤ ਸੂਚਿਤ ਕਰਕੇ, ਗੁਪਤ ਸਿੰਘਾਂ ਦੀ ਹਿਫਾਜ਼ਤ ਦੀ ਵਿਉਂਤਬੰਦੀ ਵਿਚ ਯੋਗਦਾਨ ਪਾਉਂਦਾ।

1881 ਈ. ਵਾਲੀ ਮਹੱਤਵਪੂਰਨ ਕੂਕਿਆਂ ਵਾਲੀ ਪੰਜਾਬ ਪੁਲੀਸ ਦੀ ਉਚ ਪੱਧਰੀ ਸੂਚੀ ਵਿਚ ਲਹਿਣਾ ਸਿੰਘ ਹੋਰਾਂ ਬਾਰੇ ਇਹ ਸੂਚਨਾ ਮਿਲਦੀ ਹੈ– "ਲੁਧਿਆਣਾ ਜ਼ਿਲ੍ਹਾ, ਸਰਕਲ ਅੰਬਾਲਾ, ਸੂਚੀ ਨੰਬਰ 29 ਲਹਿਣਾ ਸਿੰਘ ਪੁੱਤਰ ਰੁਲਦੂ, ਵਾਹੀਵਾਨ, ਪਿੰਡ ਭੈਣੀ(ਸਾਹਿਬ), ਥਾਣਾ ਸਾਹਨੇਵਾਲ, ਰੰਗ ਗੋਰਾ, ਸਫੈਦ ਦਾਹੜਾ, ਸੁਮੱਧਰ, ਆਯੂ 62 ਸਾਲ। ਬਾਬਾ ਬੁੱਧ ਸਿੰਘ ਇਹੋ ਸੂਚੀ ਨੰ. 38 (ਗੁਰੂ ਹਰੀ ਸਿੰਘ ਜੀ) ਹੋਰਾਂ ਦਾ ਇਹ ਵਿਅਕਤੀ ਨਿਕਟੀ ਸੇਵਕ ਹੈ। (ਸਤਿਗੁਰੂ) ਰਾਮ ਸਿੰਘ ਇਸ ਨੂੰ ਆਪਣਾ ਵਜ਼ੀਰ ਸਮਝਦੇ ਸਨ ਉਵੇਂ ਹੀ ਜਿਵੇਂ ਹੁਣ, ਇਸ ਨੂੰ ਬਾਬਾ ਬੁੱਧ ਸਿੰਘ ਸਮਝਦੇ ਹਨ। ਉਹ ਸਾਰੇ ਹੀ ਮਹੱਤਵ ਪੂਰਨ ਮਸਲਿਆਂ ਵਿਚ ਬਾਬਾ ਬੁੱਧ ਸਿੰਘ ਦਾ ਸਲਾਹਕਾਰ ਹੈ ਅਤੇ ਕਿਹਾ ਜਾਂਦਾ ਹੈ ਕਿ ਉਹ ਬੜਾ ਚਤਰ ਬੁੱਧ (ਹੁਸ਼ਿਆਰ) ਵਿਅਕਤੀ ਹੈ।"

ਬਾਬਾ ਲਹਿਣਾ ਸਿੰਘ ਉਮਰ ਦੇ ਮੁਆਮਲੇ ਵਿਚ ਸਤਿਗੁਰੂ ਜੀ ਦੇ ਹਾਣੀ ਹੀ ਸਨ। ਉਹਨਾਂ ਦਾ ਜਨਮ ਵਰ੍ਹਾ 1816 ਈ. ਦੇ ਆਸ ਪਾਸ ਹੀ ਹੋਏਗਾ। ਭਾਈ ਸੰਤੋਖ ਸਿੰਘ ਬਾਹੋਵਾਲ 1882 ਈ. ਦੀ ਚੇਤ ਚੌਦੇ ਦੀ ਮੱਸਿਆ ਤੇ ਗੁਰਦੁਆਰਾ ਸ੍ਰੀ ਭੈਣੀ ਸਾਹਿਬ ਵਿਚ ਗੁਰੂ ਹਰੀ ਸਿੰਘ ਜੀ ਦੀ ਸ਼ਰਨ ਵਿਚ ਆਏ। ਉਹਨਾਂ ਆਪਣੇ ਇਤਿਹਾਸ ਦੇ ਪਹਿਲੇ ਭਾਗ ਵਿਚ, ਬਾਬਾ ਲਹਿਣਾ ਸਿਘ ਬਾਰੇ ਜੋ ਪਰਸੰਗ ਲਿਖੇ ਹਨ ਉਹ ਲਹਿਣਾ ਸਿੰਘ ਹੋਰਾਂ ਤੋਂ ਸੁਣਕੇ ਹੀ ਲਿਖੇ ਮਲੂਮ ਹੁੰਦੇ ਹਨ। ਸਤਿਗੁਰੂ ਪਰਤਾਪ ਸਿੰਘ ਜੀ ਦੇ


NamdhariElibrary NamdhariElibrary@gmail.com

ਉਪਦੇਸ਼ ਵਿਚ ਲਹਿਣਾ ਸਿੰਘ ਹੋਰਾਂ ਦਾ ਜ਼ਿਕਰ ਤਾਂ ਵਿਸਥਾਰ ਵਿਚ ਹੈ, ਪਰ ਸਤਿਗੁਰੂ ਜੀ ਇਹ ਨਹੀਂ ਫੁਰਮਾਉਂਦੇ ਕਿ ਉਹਨਾਂ ਬਾਬਾ ਜੀ ਦੇ ਦਰਸ਼ਨ ਕੀਤੇ ਸਨ। ਸੋ ਆਪ ਦਾ ਚਲਾਣਾ 1890-95 ਈ. ਦੇ ਵਿਚਾਲੇ 80 ਕੁ ਸਾਲ ਦੇ ਲਗ ਪਗ ਉਮਰ ਵਿਚ ਹੋਇਆ ਮਾਲੂਮ ਹੁੰਦਾ ਹੈ। ਸਤਿਗੁਰੂ ਜੀ ਦੇ ਉਪਦੇਸ਼ ਵਿਚ ਲਹਿਣਾ ਸਿੰਘ ਹੋਰਾਂ ਦੀ ਮਾਰਫਤ ਇਕ ਐਸੇ ਪਰਸੰਗ ਦਾ ਵੀ ਵਰਣਨ ਹੈ ਜਿਸਦਾ ਭਾਵ ਵਰਤਮਾਨ ਭਾਵ ਪਹਿਰੇ ਦੇ ਮਾਲਕ, ਸਤਿਗੁਰੂ ਤੇ ਹੀ ਸਿੱਖ ਦੀ ਸ਼ਰਧਾ ਪਰਪੱਕ ਕਰਨੀ ਹੈ। ਇਹ ਸਿੱਖਿਆ ਦਾ ਇਕ ਪਰਸੰਗ ਸਤਿਗੁਰੂ ਪਰਤਾਪ ਸਿੰਘ ਜੀ ਦੇ ਉਪਦੇਸ਼ ਵਿਚ ਇਉਂ ਅੰਕਿਤ ਹੈ:-

ਜਿਹੜੇ ਆਦਮੀ ਸਤਿਗੁਰੂ ਰਾਮ ਸਿੰਘ ਦਾ ਨਾਮ—ਜਿਹੜੇ ਗੁਰੂ ਹਰੀ ਸਿੰਘ ਦਾ ਨਾਮ— ਨਹੀਂ ਲੈਂਦੇ, ਫਿਰ ਜਿਹੜੇ ਲੋਕ ਉਹਨਾਂ ਨੂੰ ਨਾਮਧਾਰੀ ਪੰਥ ਵਿਚ ਸੁਮਾਰ ਕਰਕੇ ਵੱਡੇ ਜਾਣਦੇ ਹਨ— ਉਹ ਆਪ ਸਮਝ ਸਕਦੇ ਹਨ। ਮੈਂ ਏਦੂੰ ਜ਼ਿਆਦਾ ਹੋਰ ਤੁਹਾਨੂੰ ਕੁਛ ਨਹੀਂ ਕਹਿਣਾ। ਤੁਸੀਂ ਆਪਣੇ ਆਪ ਦਾ ਬਚਾਉ ਕਰੋ, ਆਪਣਾ ਕਰਿਆ ਕਰਾਇਆ ਨਾ ਗੁਆ ਲਇਓ।

.... ....

ਇਕ ਪ੍ਰਸੰਗ ਯਾਦ ਆ ਗਿਐ:

ਗੁਰੂ ਹਰੀ ਸਿੰਘ ਜੀ ਦੇ ਦੇਹ ਦਾ ਓਹਲਾ ਕਰਨ ਤੋਂ ਥੋੜ੍ਹਾ ਚਿਰ ਪਹਿਲਾਂ ਇੱਕ ਸਿੰਘ ਨੂੰ ਦ੍ਰਿਸ਼ਟਾਂਤ ਹੋਇਆ। ਬਾਬੇ ਲਹਿਣਾ ਸਿੰਘ ਹੋਰੀਂ ਇੱਕ, ਭੈਣੀ ਸਾਹਿਬ ਜਿਨ੍ਹਾਂ ਨੇ ਅਕਾਲ ਬੁੰਗਾ ਸਤਿਗੁਰਾਂ ਦੇ ਰਹਿਣ ਵਾਲੀ ਜਗ੍ਹਾ ਬਣਾਈ, ਜਿਹੜੇ ਲਾਲ ਸਿੰਘ ਡਰਾਈਵਰ ਨੂੰ ਜਾਣਦੇ ਨੇ- ਉਹਦੇ ਦਾਦੇ ਸਨ ਉਹ। ਸਤਿਗੁਰਾਂ ਦੇ ਉਹ ਵਜ਼ੀਰ ਰਹੇ। ਸਤਿਗੁਰੂ ਰਾਮ ਸਿੰਘ ਦੇ ਨਾਲ ਹੀ ਉਹ ਰਹੇ। ਉਹਨਾਂ ਰਾਈਆਂ ਤੋਂ ਗਿਆਂ ਨੂੰ ਸਤਿਗੁਰਾਂ ਨੂੰ, ਲਿਆ ਕੇ ਆਖਿਆ— ਤਿੰਨ ਜਗ੍ਹਾ ਹਨ, ਜਿਹੜੀ ਪਸੰਦ ਹੈ, ਉੱਥੇ ਡੇਰਾ ਲਾਓ। ਇਹ ਸਾਰੀ ਜਗ੍ਹਾ ਉਹਨਾਂ ਦੀ ਹੈ, ਜਿੱਥੇ ਅਕਾਲ ਬੁੰਗਾ ਹੈ— ਜਿੱਥੇ ਸੱਚੇ ਪਾਤਸ਼ਾਹ ਜੀ ਬੈਠ ਕੇ ਤਪ ਕਰਦੇ ਸੀ— ਇਹ ਜਗ੍ਹਾ ਦੇ ਵੱਟੇ, ਏਨੀ ਜ਼ਮੀਨ, ਚਾਰ ਵਿਘੇ ਕੱਚੇ ਦੇ ਕੇ ਕਿਸੇ ਨੂੰ, ਇਹ ਲੈ ਕੇ ਤੇ ਸਤਿਗੁਰਾਂ ਦੇ ਨਾਂ ਕਰਾ ਕੇ ਗਏ, ਤੇ ਇੱਥੇ ਅਕਾਲ ਬੁੰਗਾ ਬਣਵਾਇਆ। ਉਹਨਾਂ ਨੂੰ ਦਰਸ਼ਨ ਹੋਇਆ ਇਕ ਸਿੱਖ ਦਾ। ਉਹ ਮੱਥਾ ਲੱਗਾ ਉਹਨੂੰ ਟੇਕਣ । ਉਹ ਕਹਿੰਦੇ "ਬਈ ਮੇਰੇ ਨਾਲ ਨਾ ਲੱਗੀਂ।"

ਕਹਿੰਦਾ "ਕਿਉਂ?"

ਕਹਿੰਦੇ "ਅਸੀਂ ਸ਼ਹੀਦ ਸਿੰਘ ਹਾਂ, ਅਸੀਂ ਮਾਤ ਲੋਕ ਦੇ ਲੋਕਾਂ ਦੇ ਨਾਲ ਨਹੀਂ ਲੱਗਦੇ।"

ਉਨ੍ਹੇ ਆਖਿਆ, "ਫੇਰ ਸਾਡੀ ਅਰਜ਼ ਕਰੋ, ਆਸੀਂ ਬਖਸ਼ੇ ਕਿਵੇਂ ਜਾਵਾਂਗੇ?"

ਉਨ੍ਹਾਂ ਆਖਿਆ— ਗੁਰੂ ਹਰੀ ਸਿੰਘ ਜੀ ਦਾ ਨਾਂ ਲੇਕੇ- "ਇਹ ਗੁਰੂ ਹਰੀ ਸਿੰਘ ਜੀ ਦੇ ਇਖਤਿਆਰ ਹੈ, ਐਸ ਵੇਲੇ ਬਖਸ਼। ਏਨ੍ਹਾਂ ਤੋਂ ਬਿਨਾਂ, ਜਿਹਨੂੰ ਏਹ ਹੁਕਮ ਦੇਣਗੇ, ਉਹ ਬਖਸ਼ਿਆ ਜਾਉ।"

ਆਪਣੇ ਅਕਾਲ ਚਲਾਣੇ ਤੋਂ ਬਾਅਦ ਵੀ ਬਾਬਾ ਲਹਿਣਾ ਸਿੰਘ, ਗੁਰੂ ਸਿੱਖਾਂ ਵਿਚ ਸੁਪਨ ਦਰਸ਼ਨ ਦੁਆਰਾ, ਸਿੱਖੀ ਸਿਦਕ ਪਰਪੱਕ ਕਰਨ ਦਾ ਵਾਹਕ ਬਣਿਆ। ਪਰਿਵਾਰ ਵਲੋਂ ਉਹਨਾਂ ਦੀ ਸਿੰਘਣੀ ਤਾਂ ਬਹੁਤ ਪਹਿਲਾਂ ਹੁਕਮ ਸੱਤ ਹੋ ਗਈ ਸੀ। ਉਸ ਵਿਚੋਂ ਚਾਰ ਪੁੱਤਰ ਹੋਏ ਸੁੰਦਰ ਸਿੰਘ, ਕਿਸ਼ਨ ਸਿੰਘ, ਬਿਸ਼ਨ ਸਿੰਘ ਅਤੇ ਭੁੰਮਣ ਸਿੰਘ। ਬਾਬਾ ਜੀ ਦੀਆਂ ਦੋ ਪੁੱਤਰੀਆਂ ਵੀ ਸਨ। ਇਹਨਾਂ ਵਿੱਚੋਂ ਇਕ ਗੁਆਂਢੀ ਪਿੰਡ ਛੋਟੀ ਕਟਾਣੀ ਜਿਸ ਨੂੰ ਕੁਰਕੀ ਵੀ ਕਹਿੰਦੇ ਸਨ ਵਿਆਹੀ ਸੀ। ਦੂਸਰੀ ਲੜਕੀ ਕਸਬਾ ਕਰਤਾਰਪੁਰ ਦੁਆਬਾ ਵਿਚ ਵਿਆਹੀ ਸੀ। ਚਾਰਾਂ ਪੁੱਤਰਾਂ ਵਿਚੋਂ ਬਿਸ਼ਨ ਸਿੰਘ ਵਿਆਹਿਆ ਤਾਂ ਸੀ ਪਰ ਬੇਉਲਾਦ ਰਿਹਾ। ਸੁੰਦਰ ਸਿੰਘ ਦਾ ਪੁਤਰ ਸਾਹਿਬ ਸਿੰਘ ਤੇ ਉਸਦਾ ਅੱਗੋਂ ਚਰਨ ਸਿੰਘ ਸੀ। ਚਰਨ ਸਿੰਘ ਦੇ ਬੂਟਾ ਸਿੰਘ ਅਤੇ ਦੇਵ ਸਿੰਘ ਹਨ। ਦੇਵ ਸਿੰਘ ਕੈਨੇਡਾ ਵਿਚ ਹੈ। ਬੂਟਾ ਸਿੰਘ ਗੁਜ਼ਰ ਚੁੱਕਾ ਹੈ। ਕਿਸ਼ਨ ਸਿੰਘ ਨੂੰ ਅਮਲੀ ਵੀ ਕਹਿੰਦੇ ਸਨ। ਇਸ ਦੇ ਵੀ ਗੁਰੂ ਹਰੀ ਸਿੰਘ ਜੀ ਨਾਲ ਬੜੇ ਨਿਘੇ ਸੰਬੰਧ ਰਹੇ। ਉਸਦਾ ਪੁਤਰ ਗੁਰਬਖਸ਼ ਸਿੰਘ ਸੀ। ਗੁਰਬਖਸ਼ ਸਿੰਘ ਦੇ ਅੱਗੋਂ ਅਮਰ ਸਿੰਘ (ਬਰੈਂਪਟਨ-ਕੈਨੇਡਾ) ਅਤੇ ਚਰਨਜੀਤ ਸਿੰਘ, ਸ੍ਰੀ ਭੈਣੀ ਸਾਹਿਬ ਹਨ। ਬਾਬਾ ਲਹਿਣਾ ਸਿੰਘ ਜੀ ਦਾ ਛੋਟਾ ਸਪੁੱਤਰ ਭੁੰਮਣ ਸਿੰਘ, ਸਤਿਗੁਰੂ ਪਰਤਾਪ ਸਿੰਘ ਜੀ ਦੇ ਸਮੇਂ, ਡੇਰਾ ਭੈਣੀ ਸਾਹਿਬ ਦੀ ਪ੍ਰਬੰਧਕੀ ਸੇਵਾ ਨਿਭਾਹੁਣ ਵਾਲੇ, ਸੂਬਾ ਗੁਰਬਖਸ਼ ਸਿੰਘ ਜੀ 'ਚੱਕ ਕੂਕਿਆਂ' ਵਾਲਿਆਂ ਦੀ ਭੈਣ ਨਾਲ ਵਿਆਹੇ ਗਏ। ਉਹਨਾਂ ਦੇ ਦੋ ਪੁਤਰ ਤੇ ਦੋ ਪੁੱਤਰੀਆਂ ਹੋਈਆਂ ਇਕ ਬੀਬੀ ਹਰਨਾਮ ਕੌਰ, ਸ੍ਰ. ਹਾਕਮ ਸਿੰਘ ਕੱਕੜ ਨਾਲ ਅਤੇ ਦੂਜੀ ਗਿਆਨ ਕੌਰ ਸੰਤ ਮਹਿਲ ਸਿੰਘ ਜਮਸ਼ੇਰ ਲਾਹੌਰ (ਮੂਲ ਨਿਵਾਸੀ ਸੁਰ ਸਿੰਘ) ਨਾਲ ਅਨੰਦ ਕਾਰਜ ਹੋਏ। ਭੁੰਮਣ ਸਿੰਘ ਦਾ ਵੱਡਾ ਪੁੱਤਰ ਗੱਜਣ ਸਿੰਘ ਅਤੇ ਛੋਟਾ ਸਤਿਗੁਰੂ ਪਰਤਾਪ ਸਿੰਘ ਜੀ ਦਾ ਹਜ਼ੂਰੀ ਡਰਾਇਵਰ ਲਾਲ ਸਿੰਘ ਸੀ। ਗੱਜਣ ਸਿੰਘ ਦੀਆਂ ਚਾਰ ਪੁੱਤਰੀਆਂ ਸਨ। ਵੱਡੀ ਪੁੱਤਰੀ ਬੀਬੀ ਮਹਿੰਦਰ ਕੌਰ ਸਤਿਗੁਰੂ ਜਗਜੀਤ ਸਿੰਘ ਜੀ ਦੇ ਸਹਿ ਪਾਠੀ ਕੁੰਦਨ ਸਿੰਘ ਨਕਈ (ਸਹਾਰੀ ਲਾਹੌਰ) ਨਾਲ ਵਿਆਹੀ ਸੀ।


Namdhari Elibrary NamdhariElibrary@gmail.com

ਉਸਦਾ ਪੁੱਤਰ ਗੁਰਬਚਨ ਸਿੰਘ ਰਾਇ ਲੁਧਿਆਣੇ ਟਰਾਂਸਪੋਰਟਰ ਹੈ। ਲਾਲ ਸਿੰਘ ਦੇ ਪਹਿਲੇ ਅਨੰਦ ਵਿਚੋਂ ਬਲਦੇਵ ਸਿੰਘ ਅਤੇ ਦਰਸ਼ਨ ਸਿੰਘ ਦੋ ਪੁਤੱਰ ਹੋਏ ਅਤੇ ਦੂਸਰੇ ਵਿਆਹ ਵਿਚੋਂ ਬਲਵੰਤ ਸਿੰਘ ਉਰਫ ਬੰਤ ਸਿੰਘ ਹੋਏ। ਬਲੰਵਤ ਸਿੰਘ ਹਰਿਆਣਾ ਰੋਡਵੇਜ਼ ਵਿਚੋਂ ਸਵਾ ਮੁਕਤ ਹੈ। ਗੁਰਬਚਨ ਸਿੰਘ ਰਾਇ ਦੇ ਪੁੱਤਰ ਹਰਪ੍ਰੀਤ ਸਿੰਘ ਅਤੇ ਹਰਦੀਪ ਸਿੰਘ ਹਨ।

ਬਾਬਾ ਲਹਿਣਾ ਸਿੰਘ ਦੇ ਪੋਤਰੇ ਗੱਜਣ ਸਿੰਘ ਦਾ ਮੇਰੇ ਪਿਤਾ ਜਥੇਦਾਰ ਗੁਰਮੁਖ ਸਿੰਘ ਝੱਬਰ ਨਾਲ ਸ੍ਰੀ ਭੈਣੀ ਸਾਹਿਬ ਰਹਿੰਦਿਆਂ ਸਕੇ ਭਰਾਵਾਂ ਜਿਹਾ ਪਰੇਮ ਪਿਆਰ ਸੀ। ਉਸ ਸਮੇਂ ਅੜੀ ਫੜੀ ਦੇ ਮੁਸ਼ਕਿਲ ਕੰਮਾਂ ਵਿਚ ਉਹ ਡੇਰੇ ਦੀ ਹਰ ਕਿਸਮ ਦੀ ਸੇਵਾ ਲਈ ਬਾਪੂ ਜੀ ਨਾਲ ਤਿਆਰ ਰਹਿੰਦੇ ਸਨ। ਬਾਪੂ ਜੀ ਵੀ ਸ੍ਰੀ ਭੈਣੀ ਸਾਹਿਬ ਦੇ ਪਹਿਲੇ ਕੂਕਾ ਪਰਿਵਾਰ ਵਿਚੋਂ ਹੋਣ ਕਾਰਨ ਉਹਨਾਂ ਅਤੇ ਬਾਕੀ ਪਰਵਾਰ ਦੇ ਬਣਦੇ ਮਾਨ ਸਨਮਾਨ ਲਈ ਹਮੇਸ਼ਾਂ ਤਿਆਰ ਰਹਿੰਦੇ ਸਨ। ਪਿੰਡ ਦੇ ਗੁਰੂ ਨਿੰਦਕਾਂ ਨੂੰ ਸੋਧਾ ਲਾਉਣ ਲਈ ਵੀ ਗੱਜਣ ਸਿੰਘ ਸਦਾ ਤਿਆਰ ਰਹਿੰਦੇ ਸਨ। ਉਹਨਾਂ ਦਾ ਅੰਤ ਸਮਾਂ 1978 ਈ. ਦੀਆਂ ਗਰਮੀਆਂ ਵਿਚ, ਬਾਹੀਆ (ਸਿਰਸਾ) ਪਿੰਡ ਵਿਚ ਆਇਆ ਜਿੱਥੇ ਉਹਨਾਂ ਨੇ ਲੜਕੇ ਗੁਰਬਚਨ ਸਿੰਘ ਲਈ ਜ਼ਮੀਨ ਖਰੀਦੀ ਸੀ। ਮੈਂ ਜਦੋਂ ਕਦੇ ਉਹਨਾਂ ਨੂੰ ਬਾਹੀਏ ਮਿਲਣ ਜਾਣਾ, ਵੈਰਾਗੀ ਹੋ ਜਾਂਦੇ ਅਤੇ ਕਹਿੰਦੇ– "ਗੁਰਮੁਖ ਸਿੰਘ ਮੇਰੀ ਮਾਂ, ਗੁਰਮੁਖ ਸਿੰਘ ਮੇਰਾ ਪਿਉ, ਗੁਰਮੁਖ ਸਿੰਘ ਮੇਰਾ ਬੀਰ।" ਅੱਜ ਬਾਬਾ ਲਹਿਣਾ ਸਿੰਘ ਦਾ ਪਰਿਵਾਰ, ਦੇਸ ਦੇਸਾਂਤਰਾਂ ਵਿਚ ਫਲ ਫੁੱਲ ਰਿਹਾ ਹੈ।

ਸਤਿਗੁਰੂ ਜੀ ਤੋਂ ਵਰੋਸਾਇਆ ਬਾਬਾ ਲਹਿਣਾ ਸਿੰਘ, ਬਣ ਬਿਰਖ ਬਣ ਕੇ ਫੈਲਿਆ। ਉਹ ਕੂਕਾ ਅੰਦੋਲਨ ਦਾ ਉਹ ਥੰਮ ਸੀ, ਜਿਸ ਤੋਂ ਅੰਗਰੇਜ਼ ਸਰਕਾਰ ਭੈ ਖਾਂਦੀ ਰਹੀ। ਉਸ ਦਾ ਨਾਮ ਸਤਿਗੁਰੂ ਜੀ ਅਤੇ ਸ੍ਰੀ ਭੈਣੀ ਸਾਹਿਬ ਦੇ ਇਤਿਹਾਸ ਨਾਲ, ਹਮੇਸ਼ਾਂ ਬੜੇ ਅਦਬ ਨਾਲ ਲਿਆ ਜਾਏਗਾ

## ਹਵਾਲੇ ਤੇ ਟਿੱਪਣੀਆਂ


1. ਰੁਹਾਨੀ ਟੈਲੀਫੋਨ, ਸ੍ਰੀ ਭੈਣੀ ਸਾਹਿਬ, ਦੂਜੀ ਵੇਰ 2014, ਕ੍ਰਿਤ ਸੰਤ ਨਿਧਾਨ ਸਿੰਘ ਆਲਿਮ, ਸਫਾ 58-59
2. ਸਤਿਗੁਰੂ ਬਿਲਾਸ, ਭਾਗ ਪਹਿਲਾ, ਭਾਈ ਸੰਤੋਖ ਸਿੰਘ ਬਾਹੋਵਾਲ, ਸਫਾ 127-28
3. ਉਪਰੋਕਤ, ਸਫਾ 140
4. ਉਪਰੋਕਤ, ਸਫਾ 142
5. ਉਹੀ, ਸਫਾ 143-44
6. ਉਹੀ, ਸਫਾ 144-45
7. ਉਹੀ, ਸਫਾ 147
8. ਸ੍ਰੀ ਸਤਿਗੁਰੂ ਬਿਲਾਸ, ਪਾਤਸ਼ਾਹੀ ਬਾਰ੍ਹਵੀਂ, ਸੰਤ ਧਿਆਨ ਸਿੰਘ ਜੀ ਕਾਦਰਾਬਾਦੀ, ਤੀਜੀ ਛਾਪ ਸਫਾ 51-54
9. ਸਤਿਗੁਰੂ ਬਿਲਾਸ, ਭਾਗ ਪਹਿਲਾ, ਬਾਹੋਵਾਲ, ਸਫਾ 154
10. ਉਹੀ, ਸਫਾ 156
11. ਉਹੀ, ਸਫਾ 160
12. ਉਹੀ, ਸਫਾ 172
13. ਮਾਲਵੇਂਦ੍ਰ (ਮਹਾਂਕਾਵਿ), ਸੰਤ ਇੰਦਰ ਸਿੰਘ ਚੱਕਰਵਰਤੀ, 1957 ਦਿੱਲੀ, ਸਫਾ 138
14. ਸਤਿਗੁਰੂ ਬਿਲਾਸ (ਭਾਗ ਪਹਿਲਾ), ਸਫਾ 200-01
15. ਉਹੀ, ਸਫਾ 204
16. ਉਹੀ, ਸਫਾ 293
17. ਉਹੀ, ਸਫਾ 485
18. ਉਹੀ, ਸਫਾ 489
19. ਸਤਿਗੁਰੂ ਬਿਲਾਸ (ਭਾਗ ਦੂਜਾ), ਬਾਹੋਵਾਲ, ਸਫਾ 41-42-43
20. ਸ੍ਰੀ ਸਤਿਗੁਰੂ ਰਾਮ ਸਿੰਘ ਜੀ ਦੇ ਹੁਕਮਨਾਮੇ (ਪਹਿਲਾ ਛਾਪ), ਸਫਾ 217-23, (ਹੁਕਮਨਾਨਾ ਨੰ.15 ਅਤੇ ਹੁਕਮਨਾਮਾ ਨੰ. 17) ਸਫਾ 234-43
21. ਸਤਿਗੁਰੂ ਬਿਲਾਸ (ਭਾਗ ਦੂਜਾ), ਸਫਾ 73
22. ਕੂਕਾਜ਼ ਆਫ ਨੋਟ ਇਨ ਦਾ ਪੰਜਾਬ-1881, ਸਫਾ 24-25
23. ਲਾਲ ਏਹਿ ਰਤਨ-੩, ਸ੍ਰੀ ਸਤਿਗੁਰੂ ਪ੍ਰਤਾਪ ਸਿੰਘ ਜੀ ਦਾ ਬੈਂਕੌਕ ਵਿਖੇ 18-2-1954 ਦਾ ਪਵਿਤਰ ਉਪਦੇਸ਼, ਸਫਾ 294-95



NamdhariElibrary NamdhariElibrary@gmail.com

## ਗੁਫ਼ਾ ਵਿਚਲੀ ਉਡਾਣ—3

# 'ਮੁੰਡਿਆਂ ਚ ਤੇਲ ਪਾਈ ਰੱਖਣਾ ਜ਼ਰੂਰੀ ਹੈ!



-ਵਰਿਆਮ ਸਿੰਘ ਸੰਧੂ

ਜੇਲ੍ਹ ਸੁਪਰਡੈਂਟ ਕੋਲ ਕੋਈ ਚਾਰਾ ਨਹੀਂ ਸੀ। ਉਸ ਨੇ ਕਰਮਚਾਰੀਆਂ ਨੂੰ ਦੁੱਧ ਦਾ ਪ੍ਰਬੰਧ ਕਰਕੇ ਛੇਤੀ ਤੋਂ ਛੇਤੀ ਡਿਓੜ੍ਹੀ ਵਿਚ ਲਿਆਉਣ ਲਈ ਕਿਹਾ। ਮੈਂ ਅਤੇ ਮੇਰੇ ਸਾਥੀ ਹੁਣ ਸਦਭਾਵਨਾ ਵਾਲੇ ਮਾਹੌਲ ਵਿਚ ਕਹਿ ਰਹੇ ਸਾਂ, "ਸਾਨੂੰ ਵਿਰੋਧ ਕਰਨ ਦਾ ਸ਼ੌਕ ਤਾਂ ਨਹੀਂ ਜੀ! ਜੇ ਸਾਡੀਆਂ ਜਾਇਜ਼ ਮੰਗਾਂ ਮੰਨ ਲਈਆਂ ਜਾਇਆ ਕਰਨ ਤਾਂ ਅਸੀਂ ਕਿਉਂ ਜੇਲ੍ਹ ਦੇ ਕਾਨੂੰਨ ਤੋੜਾਂਗੇ!"

ਦੁੱਧ ਨਾਲ ਨੱਕੋ-ਨੱਕ ਭਰੀਆਂ ਲੋਹੇ ਦੀਆਂ ਦੋ ਵੱਡੀਆਂ ਬਾਲਟੀਆਂ ਪੁੱਜ ਗਈਆਂ। ਅਸੀਂ ਬਾਲਟੀਆਂ ਚੁੱਕੀਆਂ ਤੇ ਜਿੱਤ ਦੇ ਜੈਕਾਰੇ ਗੁੰਜਾਉਂਦੇ ਆਪਣੀ ਬੈਰਕ ਵਿਚ ਜਾ ਵੜੇ। ਮੁੰਡੇ ਭੰਗੜਾ ਪਾਉਣ ਲੱਗੇ। ਅਸੀ ਜਿਵੇਂ ਦਿੱਲੀ ਫ਼ਤਿਹ ਕਰਕੇ ਮੁੜੇ ਸਾਂ!

ਹੁਣ ਅਸੀਂ ਕੁਝ ਜ਼ਿਆਦਾ ਹੀ ਉਤਸ਼ਾਹ ਵਿਚ ਆ ਗਏ ਸਾਂ। ਸਾਡੇ ਕੋਲ ਉੱਤੇ ਲੈਣ ਲਈ ਚੰਗੇ ਭਲੇ ਕੰਬਲ ਸਨ, ਪਰ ਸਾਡੇ ਹਮਦਰਦ ਜੇਲ੍ਹ ਨੰਬਰਦਾਰ ਨੇ ਦੱਸ ਦਿੱਤਾ ਸੀ ਕਿ ਸੀ ਪੀ ਆਈ ਵਾਲੇ ਕਾਮਰੇਡਾਂ ਲਈ ਨਵੀਆਂ ਨਕੋਰ ਰਜਾਈਆਂ ਬਣ ਕੇ ਅੱਜ ਹੀ ਜੇਲ੍ਹ ਵਿਚ ਪੁੱਜੀਆਂ ਹਨ। ਅਸੀਂ ਅਗਲੇ ਹੀ ਦਿਨ ਮੰਗ ਰੱਖ ਦਿੱਤੀ ਕਿ ਅਸੀਂ 'ਜੂੰਆਂ ਵਾਲੇ' ਕੰਬਲਾਂ ਵਿਚ ਨਹੀਂ ਸੌਣਾ। ਸਾਨੂੰ ਨਵੀਆਂ ਰਜਾਈਆਂ ਦਿੱਤੀਆਂ ਜਾਣ।

ਅਗਲੇ ਦਿਨ ਹੀ ਕੰਬਲ ਜਮ੍ਹਾਂ ਕਰਕੇ ਸਾਨੂੰ ਰਜਾਈਆਂ ਦਿੱਤੀਆਂ ਗਈਆਂ।

ਇਹਨਾਂ ਦਿਨਾਂ ਵਿਚ ਹੀ ਗੁਰੂ ਨਾਨਕ ਦੇਵ ਜੀ ਦਾ ਜਨਮ ਦਿਹਾੜਾ ਆ ਗਿਆ। ਅਸੀ ਅਕਾਲੀ ਆਗੂਆਂ ਨੂੰ ਕਹਿ ਕੇ ਇਸ ਦਿਨ ਸ਼੍ਰੋਮਣੀ ਕਮੇਟੀ ਵੱਲੋਂ ਸਾਰੀ ਜੇਲ੍ਹ ਲਈ ਕੜਾਹ ਪਰਸ਼ਾਦ ਮੰਗਵਾਇਆ। ਦੇਸੀ ਘਿਓ ਨਾਲ ਤਰ-ਬ-ਤਰ ਕੜਾਹ ਦੇ ਭਰੇ ਪੀਪੇ ਚੁੱਕੀ ਅਸੀਂ ਹਰੇਕ ਬੈਰਕ ਵਿਚ ਜਾ ਕੇ ਪੰਗਤਾਂ ਵਿਚ ਬਿਠਾ ਕੇ ਸਭ ਕੈਦੀਆਂ ਨੂੰ ਬਾਟੀ ਬਾਟੀ ਕੜਾਹ ਦੀ ਵਰਤਾਈ ਤਾਂ ਕੈਦੀ ਆਖਦੇ, "ਜਿਉਂਦੇ ਰਹੋ ਉਏ ਸ਼ੇਰੋ! ਸਾਲਾਂ ਬਾਦ ਪਰਸ਼ਾਦ ਛਕਣ ਨੂੰ ਮਿਲਿਆ ਤੁਹਾਡੇ ਕਰਕੇ! ਰੂਹ ਤ੍ਰਿਪਤ ਹੋ ਗਈ!"

ਸਾਰੀ ਜੇਲ੍ਹ ਵਿਚ ਸਾਡਾ ਚੰਗਾ ਵੱਜ ਬਣ ਗਿਆ ਸੀ। ਉੱਤੋਂ-ਉੱਤੋਂ ਤਾਂ ਜੇਲ੍ਹ ਅਧਿਕਾਰੀ ਸਾਡੇ ਨਾਲ ਦਿਖਾਵੇ ਦੀ ਅਪਣੱਤ ਜਤਾਉਂਦੇ ਸਨ, ਪਰ

ਅੰਦਰੋਂ-ਅੰਦਰ ਸਾਡੇ 'ਤੇ ਮੱਚੇ ਹੋਏ ਸਨ।

ਸਾਡਾ ਇਨਕਲਾਬੀ ਲੇਖਕ ਅਮਰਜੀਤ ਚੰਦਨ ਬੰਬ ਸਮੇਤ ਫੜੇ ਜਾਣ ਕਰਕੇ ਇਸੇ ਜੇਲ੍ਹ ਵਿਚ ਚਾਲੀ ਚੱਕੀਆਂ ਵਿਚ ਬੰਦ ਸੀ। ਮੈਂ ਹਮਦਰਦ

ਕਰਮਚਾਰੀ ਰਾਹੀਂ ਉਸ ਨੂੰ ਆਪਣੇ ਜੇਲ੍ਹ ਵਿਚ ਹੋਣ ਦਾ ਸੁਨੇਹਾ ਭੇਜਿਆ। ਉਸ ਦਾ ਖੱਦੇ ਖ਼ਾਕੀ ਸਰਕਾਰੀ ਕਾਗਜ਼ 'ਤੇ ਲਿਖਿਆ ਸੁਨੇਹਾ ਪੁੱਜਾ

ਕਿ ਜੇ ਸੰਭਵ ਹੋ ਸਕੇ ਤਾਂ ਮੈਂ ਉਸ ਨੂੰ ਜ਼ਰੂਰ ਮਿਲਾਂ। ਚਾਲੀ ਚੱਕੀਆਂ ਸਾਡੀ ਬੈਰਕ ਤੋਂ ਦੂਰ ਸਨ। ਉਹਨਾਂ ਦੁਆਲੇ ਵੱਖਰਾ ਸਖ਼ਤ ਪਹਿਰਾ ਸੀ।

ਉਸ ਪਾਸੇ ਤਾਂ ਚਿੜੀ ਵੀ ਪਰ ਨਹੀਂ ਸੀ ਮਾਰ ਸਕਦੀ। ਮੈਂ ਅੰਦਰੇ-ਅੰਦਰ ਸੰਬੰਧਿਤ ਕਰਮਚਾਰੀਆਂ ਨਾਲ ਸੰਪਰਕ ਬਣਾਉਣਾ ਸੀ। ਸਭ ਦੀ

ਅੱਖ ਬਚਾ ਕੇ ਕਿਸੇ ਦੀ ਮੱਦਦ ਨਾਲ ਚਾਲੀ ਚੱਕੀਆਂ ਤੱਕ ਪੁੱਜਣਾ ਸੀ। ਅੱਗੋਂ ਉਸ ਵੇਲੇ 'ਪਹਿਰੇ' ਤੇ ਖੜੋਤੇ ਬੰਦੇ ਨਾਲ ਸੰਪਰਕ ਸਾਧਣਾ

ਜ਼ਰੂਰੀ ਸੀ। ਇਹ ਸਾਰੀਆਂ ਕੜੀਆਂ ਜੋੜ ਕੇ ਉਸ ਕੋਲ ਪੁੱਜਣਾ ਖ਼ਾਸਾ ਔਖਾ ਅਤੇ ਖ਼ਤਰਨਾਕ ਕੰਮ ਸੀ। ਖ਼ਤਰਨਾਕ ਕੈਦੀ ਨੂੰ ਨੇਮ ਤੋੜਦਿਆਂ

ਮਿਲਣ ਜਾਣਾ ਮੈਨੂੰ ਡਾਢੀ ਮੁਸ਼ਕਿਲ ਵਿਚ ਫ਼ਸਾ ਸਕਦਾ ਸੀ। 'ਘਰ ਦੂਰ ਸੀ ਤੇ ਗਲੀ ਵਿਚ ਚਿੱਕੜ ਸੀ!' ਪਰ ਯਾਰ ਦੇ ਦਰ-ਘਰ ਪੁੱਜਣਾ

ਲਾਜ਼ਮੀ ਸੀ। ਸੋ ਮੈਂ ਜੇਲ੍ਹ ਕਰਮਚਾਰੀਆਂ ਦੀ ਸਹਾਇਤਾ ਨਾਲ ਅਤਿ ਦੀ ਚੌਕਸੀ ਵਰਤਦਿਆਂ ਅਮਰਜੀਤ ਚੰਦਨ ਨੂੰ ਮਿਲਣ ਜਾ ਪੁੱਜਾ। ਚਾਲੀ

ਚੱਕੀਆਂ ਦੇ ਪਹਿਰੇ 'ਤੇ ਖਲੋਤੇ ਬੰਦੇ ਨੂੰ ਮੇਰੇ ਨਾਲ ਆਇਆ ਬੰਦਾ ਮਿਲਿਆ। ਉਸ ਨੇ ਮੈਨੂੰ ਚੰਦਨ ਦੀ ਕੋਠੜੀ ਦਾ ਇਸ਼ਾਰਾ ਕੀਤਾ ਤੇ ਆਪ

ਦੋਵੇਂ ਜਣੇ ਬਾਹਰਵਾਰ ਖਲੋ ਕੇ ਸੁਭਾਵਿਕ ਗੱਲਾਂ ਕਰਨ ਦੀ ਐਕਟਿੰਗ ਵਿਚ ਰੁੱਝ ਗਏ।

ਚੰਦਨ ਇਕ ਛੋਟੀ ਜਿਹੀ ਕੋਠੜੀ ਵਿਚ ਸਲਾਖ਼ਾਂ ਓਹਲੇ ਬੈਠਾ ਸੀ। ਮੈਨੂੰ ਵੇਖ ਕੇ ਖ਼ੁਸ਼ ਹੋ ਕੇ ਖੜੋ ਗਿਆ। ਅਸੀਂ ਸਲਾਖ਼ਾਂ ਵਿਚੋਂ ਇੱਕ-ਦੂਜੇ ਦੇ ਹੱਥ ਘੁੱਟ ਕੇ ਹਾਲ-ਚਾਲ ਪੁੱਛਿਆ। ਅੰਦਰ-ਬਾਹਰ ਦੀਆਂ ਗੱਲਾਂ ਕੀਤੀਆਂ। ਸਾਡਾ ਇੱਕ ਦੂਜੇ ਨੂੰ ਮਿਲਣਾ ਚਮਤਕਾਰ ਹੀ ਤਾਂ ਸੀ। ਅਸੀਂ ਇੱਕ ਦੂਜੇ ਦੇ ਮਿੱਤਰ ਸਾਂ। ਚੰਦਨ ਅਕਸਰ ਮੇਰੇ ਕੋਲ ਪਿੰਡ ਆਉਂਦਾ ਸੀ। ਮੇਰੇ ਮਾਂ-ਪਿਓ ਉਸ ਨੂੰ ਪੁੱਤਾਂ ਵਾਂਗ ਪਿਆਰਦੇ ਸਨ। ਉਹ ਮੇਰੀ ਪਹਿਲੀ ਕਿਤਾਬ 'ਲੋਹੇ ਦੇ ਹੱਥ' ਦੇ ਪਰੂਫ਼ ਪੜ੍ਹਨ ਆਇਆ ਹੀ ਪੁਲਸ ਦੇ ਕਾਬੂ ਆਇਆ ਸੀ! ਮੈਂ ਅਤੇ ਮੇਰਾ ਪਰਿਵਾਰ ਇਸ ਮਲੂਕੜੇ ਜਿਹੇ ਨੌਜਵਾਨ ਦੇ ਗ੍ਰਿਫ਼ਤਾਰ ਹੋ ਜਾਣ 'ਤੇ ਡਾਢੇ ਦੁਖੀ ਸਾਂ। ਚੰਦਨ ਨੇ ਮੇਰੇ ਕੋਲੋਂ ਬੀਬੀ ਅਤੇ ਚਾਚੇ ਦਾ ਹਾਲ-ਚਾਲ ਪੁੱਛਿਆ। ਮੈਂ ਇੱਕ ਮਾਨਸਿਕ ਸੰਤੋਸ਼ ਲੈ ਕੇ ਉਸ ਤੋਂ ਵਿਛੜਿਆ ਇਹਨਾਂ ਦਿਨਾਂ ਦੇ ਅਨੁਭਵ ਨੂੰ ਚੰਦਨ ਨੇ 'ਕੰਧਾਂ' ਨਾਂ ਦੀ ਕਹਾਣੀ ਵਿਚ ਕਮਾਲ ਦੀ ਹੁਨਰਮੰਦੀ ਨਾਲ ਸਾਂਭ


NamdhariElibrary NamdhariElibrary@gmail.com

ਲਿਆ। ਉਹਨੂੰ ਦੁੱਖ 'ਦਾਰੂ' ਬਣ ਕੇ ਸਾਹਿਤ ਦੀ ਸ਼ਕਤੀਸ਼ਾਲੀ ਰਚਨਾ ਦਾ ਰੂਪ ਅਖ਼ਤਿਆਰ ਕਰ ਗਿਆ।

ਦੋ ਕੁ ਹਫਤਿਆਂ ਪਿੱਛੋਂ ਸਰਕਾਰ ਨੇ ਸਾਰੇ ਵਿਦਿਆਰਥੀਆਂ ਨੂੰ ਰਿਹਾਅ ਕਰਨ ਦਾ ਫ਼ੈਸਲਾ ਕਰ ਲਿਆ। ਰਿਹਾਅ ਹੋਣ ਵਾਲੇ ਵਿਦਿਆਰਥੀਆਂ ਵਿਚ ਮੇਰਾ ਨਾਂ ਨਹੀਂ ਸੀ। ਸਰਕਾਰੀ ਕਾਗਜ਼ਾਂ ਅਤੇ ਜੇਲ੍ਹ ਅਧਿਕਾਰੀਆਂ ਦੀਆਂ ਰਿਪੋਰਟਾਂ ਮੁਤਾਬਿਕ ਮੈਂ 'ਨਿਰਾ ਵਿਦਿਆਰਥੀ' ਨਹੀਂ ਸੀ। ਜਿਹਤੇ ਸਿਆਸੀ ਕਾਰਕੁੰਨ 'ਅਮਨ-ਕਾਨੂੰਨ ਲਈ ਖਤਰਾ' ਸਮਝ ਕੇ ਫੜੇ ਗਏ ਸਨ, ਉਹ ਵੀ ਰਿਹਾਅ ਕਰ ਦਿੱਤੇ ਗਏ ਸਨ। ਪਿੱਛੇ ਰਹਿ ਗਏ ਸਾਂ ਅਸੀਂ; ਮੈਂ, ਮੌਲਵੀ ਤੇ ਈਸਾਪੁਰ, ਜਿਨ੍ਹਾਂ ਤੇ ਵੱਡੀਆਂ-ਵੱਡੀਆਂ ਔਠ ਦਫਾ ਲੱਗੀਆਂ ਸਨ।

ਸਾਡੇ ਤੋਂ ਔਖੇ ਜੇਲ੍ਹ ਅਧਿਕਾਰੀ ਸਾਡੇ ਨਾਲ ਦੋ ਹੱਥ ਕਰਨ ਅਤੇ ਬਦਲਾ ਲੈਣ ਲਈ ਉਤਾਵਲੇ ਨਜ਼ਰ ਆਉਂਦੇ ਸਨ। ਡਿਪਟੀ ਸੁਪਰਡੈਂਟ ਦੰਦ ਕਰੀਚਦਾ ਆਖਦਾ, "ਹੁਣ ਨਹੀਂ ਕੋਈ ਮੰਗ ਮਨਵਾਉਣੀ?"

"ਲੋੜ ਪਈ ਤਾਂ ਮੰਗ ਰੱਖਾਂਗੇ ਵੀ ਤੇ ਮੰਨਵਾਵਾਂਗੇ ਵੀ..." ਅਸੀਂ ਸਿਰਤ ਨਹੀਂ ਸਾਂ ਛੱਡਣਾ ਚਾਹੁੰਦੇ। ਹੁਣ ਤਾਂ ਲੰਮੇ ਦਾਈਏ ਸਨ। ਵੇਰੀ ਢਾਹਿਆਂ ਕੀ ਬਣਨਾ ਸੀ!

"ਕੋਈ ਨਹੀਂ ਇੱਕ ਅੱਧ ਦਿਨ ਠਹਿਰ ਜਾਓ।" ਡਿਪਟੀ ਧਮਕੀ ਦੇ ਕੇ ਤੁਰ ਗਿਆ।

ਸ਼ਾਮ ਨੂੰ ਕਿਸੇ ਹਮਦਰਦ ਕਰਮਚਾਰੀ ਨੇ ਆ ਕੇ ਦੱਸਿਆ ਕਿ ਅਗਲੇ ਦਿਨ ਸਾਨੂੰ ਸਾਰਿਆਂ ਨੂੰ ਅੱਡੋ-ਅੱਡ ਚੱਕੀਆਂ ਵਿੱਚ ਡੱਕਣ ਅਤੇ ਇਕੱਲੇ-ਇਕੱਲੇ 'ਤੇ ਤਸ਼ੱਦਦ ਕਰਨ ਦਾ ਫ਼ੈਸਲਾ ਹੋ ਗਿਆ ਹੈ।

ਅਗਲੇ ਦਿਨ ਬਾਅਦ ਦੁਪਹਿਰ ਸਾਨੂੰ ਆਪਣਾ 'ਬੋਰੀਆ ਬਿਸਤਰਾ' ਸਾਂਭ ਕੇ ਚੱਕੀਆਂ ਵਿੱਚ ਜਾਣ ਦਾ ਹੁਕਮ ਸੁਣਾ ਦਿੱਤਾ ਗਿਆ ਸੀ।

ਐਨ ਇਸੇ ਵੇਲੇ ਮੈਨੂੰ ਡਿਓੜ੍ਹੀ ਵਿੱਚੋਂ ਸੱਦਾ ਆ ਗਿਆ।

ਜੇਲ੍ਹ ਵਿੱਚੋਂ ਛੁੱਟ ਜਾਣ ਪਿੱਛੋਂ ਮੇਰਾ ਜਮਾਤੀ ਅਮਰ ਸਿੰਘ ਆਰਾਮ ਨਾਲ ਨਹੀਂ ਸੀ ਬੈਠਾ। ਉਸ ਨੇ ਕਾਲਜ ਦੇ ਪ੍ਰਿੰਸੀਪਲ ਤੋਂ ਮੇਰੇ ਵਿਦਿਆਰਥੀ ਹੋਣ ਦਾ ਸਰਟੀਫ਼ਿਕੇਟ ਬਣਾਇਆ। ਪ੍ਰਿੰਸੀਪਲ ਨੇ ਐਸ ਐਸ ਪੀ ਨੂੰ ਫੋਨ 'ਤੇ ਮੇਰੇ ਬਾਰੇ ਦੱਸ ਕੇ ਮੈਨੂੰ ਰਿਹਾਅ ਕਰਨ ਲਈ ਬੇਨਤੀ ਕੀਤੀ; ਜਦ ਹੋਰ ਵਿਦਿਆਰਥੀਆਂ ਨੂੰ ਰਿਹਾਅ ਕਰਨ ਦਾ ਸਰਕਾਰ ਫ਼ੈਸਲਾ ਕਰ ਚੁੱਕੀ ਸੀ ਤਾਂ ਉਹਨਾਂ ਦੇ ਕਾਲਜ ਦਾ ਵਿਦਿਆਰਥੀ ਕਿਉਂ ਸੀ ਜੇਲ੍ਹ ਵਿਚ?

ਅਮਰ ਸਿੰਘ ਐਸ ਐਸ ਪੀ ਦੇ ਦਫ਼ਤਰ ਪੁੱਜਾ। ਸਰਟੀਫ਼ਿਕੇਟ ਦਿੱਤਾ ਤੇ ਉਸ ਦੀ ਬਦੌਲਤ ਮੇਰੀ ਰਿਹਾਈ ਦੇ ਹੁਕਮ ਡਿਓੜ੍ਹੀ ਵਿਚ ਪਹੁੰਚ ਚੁੱਕੇ ਸਨ।

ਮੈਂ ਖੁਸ਼ੀ-ਖੁਸ਼ੀ ਵਾਪਸ ਮੁੜਿਆ। ਆਪਣੀ ਟਿੰਡ-ਫਹੁੜੀ ਚੁੱਕੀ ਤੇ ਸਾਥੀਆਂ ਨੂੰ ਗਲਵਕੜੀ ਵਿਚ ਲੈਣ ਪਿੱਛੋਂ ਡਿਓੜ੍ਹੀ ਵੱਲ ਤੁਰਿਆ ਤਾਂ ਮੇਰੇ ਸਾਥੀ ਆਪੋ-ਆਪਣਾ ਸਾਮਾਨ ਚੁੱਕੀ ਜੇਲ੍ਹ ਅਧਿਕਾਰੀ ਨਾਲ ਚੱਕੀਆਂ ਵੱਲ ਜਾਣ ਲਈ ਤੁਰ ਪਏ।

ਆਜ਼ਾਦ ਫ਼ਿਜ਼ਾ ਵਿਚ ਸਾਹ ਲੈਣਾ ਕਿੰਡਾ ਵੱਡਾ ਸਵਰਗੀ ਹੁਲਾਰਾ ਹੈ, ਇਹ ਪਹਿਲੀ ਵਾਰ ਪਤਾ ਲੱਗਾ। ਉਹਨਾਂ ਸੂਰਮੇ ਦੇਸ਼ ਭਗਤਾਂ ਦੀ ਅਕੀਦਤ ਵਿਚ ਸਿਰ ਝੁਕ ਗਿਆ ਜਿਨ੍ਹਾਂ ਨੇ ਜੇਲ੍ਹਾਂ ਦੀਆਂ ਕਾਲ-ਕੋਠੜੀਆਂ ਵਿਚ ਆਪਣੀਆਂ ਉਮਰਾਂ ਇਸ ਲਈ ਗਾਲ ਦਿੱਤੀਆਂ ਤਾਂਕਿ ਅਸੀਂ ਇਸ ਆਜ਼ਾਦ ਫ਼ਿਜ਼ਾ ਦਾ ਆਨੰਦ ਮਾਣ ਸਕੀਏ।

ਪਰ ਕਿੰਨੇ ਕੁ ਲੋਕਾਂ ਨੂੰ ਏਥੇ ਸੁਖ ਦਾ ਸਾਹ ਆ ਰਿਹਾ ਸੀ!

ਬਾਹਰ ਆ ਕੇ ਮੈਂ 'ਆਪਣੇ ਸਾਥੀਆਂ' ਨਾਲ ਵੱਖ ਵੱਖ ਕਾਲਜਾਂ ਵਿਚ ਜਾ ਕੇ ਵਿਦਿਆਰਥੀਆਂ ਨੂੰ ਸੰਬੋਧਨ ਕਰਦਾ ਰਿਹਾ। ਜਦੋਂ ਕਾਲਜ ਲੱਗਣੇ ਸ਼ੁਰੂ ਹੋਏ ਤਾਂ ਮੈਂ ਕਾਲਜ ਦੇ ਪ੍ਰਿੰਸੀਪਲ ਨੂੰ ਕਿਹਾ ਕਿ ਮਾਰੇ ਗਏ ਵਿਦਿਆਰਥੀਆਂ ਦੀ ਯਾਦ ਵਿਚ 'ਸ਼ੋਕ-ਸਮਾਗਮ' ਕੀਤਾ ਜਾਵੇ। ਪ੍ਰਿੰਸੀਪਲ ਸਿਆਣਾ ਸੀ। ਉਹਨੇ ਨਾਂਹ ਕਰਕੇ ਵਿਰੋਧ ਪੈਦਾ ਕਰਨ ਦੀ ਥਾਂ ਗੁੱਸੇ ਦੇ ਸਹੀ ਨਿਕਾਸ ਲਈ ਕਾਲਜ ਦਾ ਇਕੱਠ ਕਰ ਲਿਆ। ਮੈਂ ਸਰਕਾਰੀ ਜਬਰ ਤੇ ਲੋਕ-ਮਾਰੂ ਨੀਤੀਆਂ ਦੇ ਖ਼ਿਲਾਫ਼ ਬੋਲਿਆ। ਅੰਤ 'ਤੇ ਪ੍ਰਿੰਸੀਪਲ ਨੇ ਵੀ ਮੋਗੇ ਵਿਚ ਗੋਲੀ ਨਾਲ ਪੁਲਿਸ ਵੱਲੋਂ ਮਾਰੇ ਗਏ ਵਿਦਿਆਰਥੀਆਂ ਨੂੰ ਸ਼ਰਧਾਂਜਲੀ ਦਿੱਤੀ। ਪ੍ਰਿੰਸੀਪਲ ਦੀ ਸਿਆਣਪ ਨੇ ਮਸਲਾ ਹੱਲ ਕਰ ਲਿਆ ਸੀ ਨਹੀਂ ਤਾਂ ਮੈਂ ਮੇਰੇ ਅੰਦਰਲਾ ਤੱਤਾ ਉਬਾਲ ਤਾਂ ਪ੍ਰਿੰਸੀਪਲ ਵੱਲੋਂ 'ਨਾਂਹ' ਕਰਨ ਦੇ ਸਵਾਲ 'ਤੇ ਆਪਣੀ ਇਨਕਲਾਬੀਅਤ ਵਿਖਾਉਣ ਲਈ ਵਿਦਿਆਰਥੀਆਂ ਦੀ ਹੜਤਾਲ ਕਰਾਉਣ ਲਈ ਕਮਰਕੱਸਾ ਕਰੀ ਫਿਰਦਾ ਸਾਂ।

-0-

# ਐਮਰਜੈਂਸੀ ਅਤੇ 'ਕੱਖ-ਕਾਨਾਂ' ਦੀ ਵਾਰੀ

## ਸਰਕਾਰ ਦਾ ਬੁਲਾਵਾ

ਅਕਤੂਬਰ 1975 ਦੇ ਅਖੀਰਲੇ ਦਿਨ ਸਨ।

ਇੱਕ ਦਿਨ ਸਵੇਰੇ ਨੌਂ ਕੁ ਵਜੇ ਸਾਡੇ ਘਰ ਦਾ ਬਾਹਰਲਾ ਦਰਵਾਜ਼ਾ ਖੜਕਿਆ। ਆਮ ਕੱਪੜਿਆਂ ਵਿੱਚ ਦੋ ਪੁਲਿਸ ਕਰਮਚਾਰੀ ਸਨ।

"ਤੁਹਾਨੂੰ ਸਰਦਾਰ ਹੁਰਾਂ ਨੇ ਚੌਕੀ ਬੁਲਾਇਐ।"

ਮੈਂ "ਆਉਂਦਾਂ" ਕਹਿ ਕੇ ਘਰ ਦੱਸਣ ਲਈ ਮੁੜਿਆ ਤਾਂ ਕਹਿੰਦੇ, "ਛੇਤੀ ਆ ਜਾਓ। ਬਹੁਤੀ ਲੰਮੀ-ਚੌੜੀ ਗੱਲ ਨਹੀਂ। ਹੁਣੇ ਈ ਵਾਪਸ ਆ ਜਾਣਾ ਹੈ।"

ਐਮਰਜੈਂਸੀ ਲੱਗਣ ਤੋਂ ਮਹੀਨਾ ਕੁ ਪਿੱਛੋਂ ਮੈਨੂੰ ਥੋੜ੍ਹੀ ਜਿਹੀ ਸੂਹ ਮਿਲੀ ਸੀ ਕਿ ਮੇਰੇ ਬਾਰੇ ਗੁਪਤਚਰ ਵਿਭਾਗ ਦੇ ਬੰਦਿਆਂ ਵਿਚ 'ਚਰਚਾ' ਚੱਲ ਰਹੀ ਸੀ। ਭਾਵੇਂ ਇਸ ਚਰਚਾ ਦੇ ਬਰੀਕ ਵੇਰਵੇ ਨਹੀਂ ਸਨ ਮਿਲੇ ਪਰ ਇਹ ਤਾਂ ਸਾਫ਼ ਜ਼ਾਹਿਰ ਸੀ ਕਿ ਮੈਨੂੰ ਗ੍ਰਿਫ਼ਤਾਰ ਕਰਨ ਦੀ ਗੱਲ ਹੀ ਚੱਲੀ ਹੋਏਗੀ ਹੋਰ ਉਹਨਾਂ ਮੈਨੂੰ 'ਰੋਟੀ ਤਾਂ ਵਰਜਣੀ ਨਹੀਂ ਸੀ'!

ਅਸਲ ਵਿਚ ਮੇਰੇ ਇੱਕ ਗਿਰਾਈਂ ਦਾ ਰਿਸ਼ਤੇਦਾਰ ਸੀ ਆਈ ਡੀ ਵਿੱਚ ਸੀ। ਉਹ ਗਿਰਾਈਂ ਸ਼ਰਾਬੀ ਹੋਇਆ ਆਪਣੇ ਰਿਸ਼ਤੇਦਾਰ ਤੋਂ ਮਿਲੀ ਸੂਚਨਾ ਮੇਰੇ ਕਿਸੇ ਜਾਣੂ ਨੂੰ ਦੇ ਬੈਠਾ ਸੀ ਪਰ ਜਦੋਂ ਮੈਂ ਉਸ ਕੋਲੋਂ 'ਵੇਰਵਾ' ਲੈਣ ਗਿਆ ਤਾਂ ਉਹ ਅਸਲੋਂ ਹੀ ਮੁੱਕਰ ਗਿਆ ਕਿ ਉਹਨੂੰ


NamdhariElibrary NamdhariElibrary@gmail.com

ਕਿਸੇ 'ਇਹੋ ਜਿਹੀ ਗੱਲ' ਦਾ ਪਤਾ ਹੈ! ਐਮਰਜੈਂਸੀ ਦੇ ਦਿਨਾਂ ਵਿਚ 'ਅੰਦਰਲੇ' ਸਰਕਾਰੀ ਵਿਭਾਗ ਵਿਚ ਹੁੰਦੀ ਇਹ ਚਰਚਾ 'ਖ਼ੈਰ-ਹੱਥੀ' ਨਹੀਂ ਸੀ। ਮੈਂ ਘਰਵਾਲੀ ਨੂੰ ਕਿਹਾ ਕਿ ਆਪਾਂ ਕੁਝ ਦਿਨਾਂ ਲਈ ਘਰੋਂ ਆਸੇ-ਪਾਸੇ ਹੋ ਜਾਈਏ। ਏਨੇ ਦਿਨਾਂ ਤੱਕ ਪਤਾ ਲੱਗ ਜਾਏਗਾ ਕਿ ਕੀ ਸਲੂਕ ਹੋਣ ਵਾਲਾ ਹੈ! ਫੇਰ ਵੇਖੀ ਜਾਊ! ਮੈਂ ਘਰਦਿਆਂ ਨੂੰ ਸਾਰੀ ਗੱਲ ਸਮਝਾ ਕੇ ਪਤਨੀ ਸਮੇਤ ਆਪਣੇ ਸਹੁਰੇ ਘਰ ਝਬਾਲ ਚਲਾ ਗਿਆ।

ਕੁਝ ਦਿਨ ਉਡੀਕਿਆ।

ਮੈਂ ਖ਼ਾਹ-ਮਖ਼ਾਹ ਮਹੱਤਵ-ਪੂਰਨ ਬਣੀ ਬੈਠਾ ਸਾਂ! ਮੇਰੇ ਬਾਰੇ ਕਿਸੇ ਨੇ ਵੀ ਨਾ ਪੁੱਛਿਆ। ਦੋਂਹ-ਚਹੁੰ ਦਿਨਾਂ ਪਿੱਛੋਂ ਅਸੀਂ ਆਪਣੇ ਘਰ ਵਾਪਸ ਆ ਗਏ।

ਮੈਂ ਐਵੇਂ ਸੋਚੀ ਜਾ ਰਿਹਾ ਸਾਂ। ਮੈਂ ਕੀਤਾ ਵੀ ਕੀ ਸੀ ਜੋ ਪੁਲਿਸ ਮੈਨੂੰ ਫੜਣ ਆਉਂਦੀ! ਮੈਂ ਨਿਸਚਿੰਤ ਹੋ ਗਿਆ। ਜੂਨ, ਜੁਲਾਈ, ਅਗਸਤ ਤੇ ਸਤੰਬਰ ਵੀ 'ਸੁਖ-ਸੁਖਾਂ' ਨਾਲ ਲੰਘ ਗਏ।

ਕੋਈ ਅੰਤ ਦਾ ਭੁੱਖਾ ਜਾਨਵਰ ਜਦੋਂ ਆਪਣੇ ਅੱਗੇ ਪਿਆ 'ਮੁੱਖ ਭੋਜਨ' ਹੜੱਪ ਲੈਂਦਾ ਹੈ ਅਤੇ ਅਜੇ ਵੀ ਉਸਦਾ ਹਾੜਬਾ ਮੁੱਕਿਆ ਨਹੀਂ ਹੁੰਦਾ ਤਾਂ ਉਹ ਆਸੇ ਪਾਸੇ ਪਏ 'ਕੱਖ-ਕਾਨ' ਨੂੰ ਵੀ ਬੁਰਕ ਮਾਰਨ ਲੱਗ ਪੈਂਦਾ ਹੈ। ਇਹੋ ਹੀ ਹਾਲ ਹੋਇਆ ਪਿਆ ਸੀ ਉਸ ਵੇਲੇ ਦੀ ਪ੍ਰਧਾਨ ਮੰਤਰੀ ਇੰਦਰਾ ਗਾਂਧੀ ਦਾ। ਆਪਣੇ ਖ਼ਿਲਾਫ਼ ਹਾਈ ਕੋਰਟ ਦੇ ਹੋਏ ਫ਼ੈਸਲੇ ਨੂੰ ਨਜ਼ਰ-ਅੰਦਾਜ਼ ਕਰਦਿਆਂ ਉਸਨੇ ਆਪਣੇ ਅੰਦਰਲੀ ਹਠੀ ਆਵਾਜ਼ ਅਤੇ ਚਮਚਾ-ਸਲਾਹਕਾਰਾਂ ਦੀ ਰਾਇ ਸੁਣ ਕੇ ਆਪਣੀ ਸੀਟ ਛੱਡ ਦੇਣ ਦਾ ਨੈਤਿਕ ਪੈਂਤੜਾ ਅਪਨਾਉਣ ਤੋਂ ਇਨਕਾਰ ਕਰ ਦਿੱਤਾ। ਸਾਰੇ ਮੁਲਕ ਵਿਚੋਂ ਉਸਦੇ ਧੱਕੜ ਅਤੇ ਗ਼ੈਰ-ਜਮਹੂਰੀ ਪੈਂਤੜੇ ਦੇ ਖ਼ਿਲਾਫ਼ ਉੱਠੀ ਰੋਹ ਅਤੇ ਵਿਦਰੋਹ ਦੀ ਆਵਾਜ਼ ਨੂੰ ਕੁਚਲਣ ਲਈ ਉਸ ਨੇ ਜੂਨ 1975 ਵਿਚ ਐਮਰਜੈਂਸੀ ਲਾਉਣ ਦਾ ਐਲਾਨ ਕਰ ਦਿੱਤਾ। ਪਹਿਲੇ ਹੱਲੇ ਸਭ ਵੱਡੇ ਵੱਡੇ ਸਿਆਸੀ ਆਗੂਆਂ ਨੂੰ ਗ੍ਰਿਫ਼ਤਾਰ ਕਰਕੇ ਦੇਸ ਦੀਆਂ ਦੂਰ-ਦੁਰੇਡੀਆਂ ਜੇਲ੍ਹਾਂ ਵਿਚ ਸੁੱਟ ਦਿੱਤਾ ਗਿਆ। ਫਿਰ ਹੌਲੀ ਹੌਲੀ ਵਾਰੀ ਆਈ ਸਾਡੇ ਵਰਗੇ 'ਕੱਖ-ਕਾਨ' ਦੀ।

ਮੇਰੀ ਪਤਨੀ ਛਿਲੇ ਵਿਚ ਸੀ। ਬੱਚੀ ਰੂਪ ਨੇ ਕੁਝ ਦਿਨ ਹੀ ਪਹਿਲਾਂ ਜਨਮ ਲਿਆ ਸੀ। ਮੇਰੀ ਮਾਂ ਮੇਰੇ ਛੋਟੇ ਭਰਾ ਕੋਲ ਬਾਹਰ ਖੇਤਾਂ ਵਿਚ ਬਹਿਕ 'ਤੇ ਰਹਿੰਦੀ ਸੀ। ਇਹਨਾਂ ਦਿਨਾਂ ਵਿਚ ਮੇਰੀ ਬਜ਼ੁਰਗ ਨਾਨੀ ਕੁਦਰਤੀ ਸਾਨੂੰ ਮਿਲਣ-ਗਿਲਣ ਆਈ ਹੋਈ ਸੀ ਅਤੇ ਸਾਡੀ ਲੋੜ ਸਮਝਦਿਆਂ ਹੋਇਆਂ ਕੁਝ ਦਿਨਾਂ ਲਈ ਸਾਡੇ ਕੋਲ ਠਹਿਰ ਗਈ ਸੀ। ਬਾਪੂ ਹਕੀਕਤ ਸਿੰਘ ਕਿਤੇ ਬਾਹਰ-ਅੰਦਰ ਗਿਆ ਹੋਇਆ ਸੀ। ਮੈਂ ਵੀ ਸੋਚਿਆ ਕਿ ਘਰ ਕੀ ਦੱਸਣਾ ਹੈ! ਐਵੇਂ ਪੁਲਿਸ ਦਾ ਨਾਂ ਸੁਣ ਕੇ 'ਤੀਵੀਆਂ-ਮਾਨੀਆਂ' ਫ਼ਿਕਰ ਕਰਨਗੀਆਂ! ਉਹਨਾਂ ਨੂੰ ਸਿਰਫ਼ ਏਨਾ ਕਿਹਾ ਕਿ ਜ਼ਰਾ ਬਜ਼ਾਰ ਵਿਚੋਂ ਹੋ ਕੇ ਹੁਣੇ ਆਇਆ!

ਪੁਲਿਸ ਚੌਕੀ ਦੇ ਇਨਚਾਰਜ ਨੂੰ ਸੱਦੇ ਜਾਣ ਦਾ ਕਾਰਨ ਪੁੱਛਿਆ ਤਾਂ ਕਹਿੰਦਾ, "ਭਿੱਖੀਵਿੰਡ ਵਾਲੇ ਸਰਦਾਰ ਨੇ ਬੁਲਾਇਆ ਹੈ।"

ਭਿੱਖੀਵਿੰਡ ਸਾਡੇ ਪਿੰਡ ਨੂੰ ਪੈਂਦਾ ਪੁਲਿਸ ਥਾਣਾ ਸੀ। ਥਾਣੇਦਾਰ ਨੂੰ ਪੁੱਛਿਆ ਤਾਂ ਕਹਿੰਦਾ, "ਡੀ ਐਸ ਪੀ ਸਾਹਿਬ ਹੁਣੇ ਆਉਣ ਵਾਲੇ ਨੇ। ਦੱਸਦੇ ਆਂ।"

ਏਨੇ ਚਿਰ ਨੂੰ ਇੱਕ ਹੋਰ ਪੁਲਿਸ ਪਾਰਟੀ 'ਨੌਜਵਾਨ ਭਾਰਤ ਸਭਾ' ਦੇ ਆਗੂ ਅਤੇ ਮੇਰੇ ਸ਼ਾਗਿਰਦਾਂ ਵਰਗੇ ਦੋਸਤ ਰਘਬੀਰ ਪੂਹਲਾ ਨੂੰ ਵੀ ਥਾਣੇ ਲੈ ਆਈ। ਖੁੜਕ ਤਾਂ ਮੈਨੂੰ ਪਹਿਲਾਂ ਹੀ ਗਈ ਸੀ ਪਰ ਰਘਬੀਰ ਦੇ ਆਉਣ ਨਾਲ ਯਕੀਨ ਹੋ ਗਿਆ ਕਿ ਹੁਣ ਜੇਲ੍ਹ ਦੀ ਦਾਲ ਖਾਣੀ ਹੀ ਪੈਣੀ ਹੈ।

ਰਘਬੀਰ ਨਕਸਲੀਆਂ ਦੇ 'ਨਾਗਾ ਰੈਡੀ' ਗਰੁੱਪ ਨਾਲ ਸੰਬੰਧਿਤ ਸੀ। ਕੁਝ ਸਾਲ ਪਹਿਲਾਂ ਮੈਂ ਵੀ ਇਸੇ ਗਰੁੱਪ ਨਾਲ ਸੰਬੰਧਿਤ ਸਾਂ ਸਗੋਂ ਇਸ ਇਲਾਕੇ ਵਿਚ ਇਸ ਗਰੁੱਪ ਦੀ ਵੱਡੀ ਧਿਰ ਵੀ ਸਾਂ। ਉਹਨਾਂ ਨੂੰ ਰੋਟੀ ਪਾਣੀ ਛਕਾਉਣ, ਰਾਤਾਂ ਕਟਾਉਣ, ਮੀਟਿੰਗਾਂ ਕਰਵਾਉਣ, ਨਵੇਂ ਪੜ੍ਹੇ-ਲਿਖੇ, ਖ਼ਾਸ ਤੌਰ 'ਤੇ ਅਧਿਆਪਕ ਵਰਗ ਵਿਚੋਂ, ਕਾਂਟੈਕਟ ਦੇਣ, ਪਾਰਟੀ ਪ੍ਰੋਗਰਾਮਾਂ ਦੇ ਇਸ਼ਤਿਹਾਰ ਰਾਤ-ਬਰਾਤੇ ਕੰਧਾਂ ਉਤੇ ਲਗਵਾ ਦੇਣ ਤੋਂ ਵੱਧ ਇਸ ਪਾਸੇ ਮੇਰਾ ਕੋਈ 'ਵੱਡਾ ਯੋਗਦਾਨ' ਨਹੀਂ ਸੀ।

ਅਸਲ ਵਿੱਚ ਮੈਂ ਤਾਂ ਇਸ ਪਾਸੇ ਹਰਭਜਨ ਹਲਵਾਰਵੀ ਅਤੇ ਅਮਰਜੀਤ ਚੰਦਨ ਜਿਹੇ ਸਾਹਿਤਕਾਰਾਂ ਦਾ ਖਿੱਚਿਆ ਆਇਆ ਸਾਂ। ਆਪਣੇ ਸੁਪਨਿਆਂ ਦੇ ਹਾਣ ਦਾ ਰਾਜ ਅਤੇ ਸਮਾਜ ਸਿਰਜਣ ਦੀ ਤੀਬਰ ਤਾਂਘ, ਕਾਹਲ ਅਤੇ ਜਵਾਨੀ ਦੇ ਜੋਸ਼ ਨੇ ਮੇਰੀਆਂ ਲਿਖਤਾਂ ਵਿਚ ਅਜਿਹਾ ਰੋਹ ਅਤੇ ਰੰਗ ਭਰ ਦਿੱਤਾ ਸੀ, ਜਿਸ ਨੂੰ ਵੇਖ ਕੇ ਇਹ ਦੋਵੇਂ ਸਾਹਿਤਕਾਰ ਮੈਨੂੰ ਆਣ ਮਿਲੇ। ਲਿਖਤ ਤੋਂ ਬਾਹਰ ਨਿਕਲ ਕੇ ਵੀ ਕੁਝ ਕਰਨ ਦੀ ਮੇਰੀ ਚਾਹਤ ਨੇ ਮੈਨੂੰ ਉਹਨਾਂ ਨਾਲ ਜੋੜ ਦਿੱਤਾ। ਫਿਰ ਉਹਨਾਂ ਤੋਂ ਇਲਾਵਾ ਸਿਆਸੀ ਕਾਰਕੁਨ ਵੀ ਮੇਰੇ ਕੋਲ ਆਉਣ ਲੱਗੇ। ਛੇਤੀ ਹੀ ਆਉਣ ਵਾਲਿਆਂ ਵਿਚ ਵੀ ਨਵੀਂ ਸਫ਼-ਬੰਦੀ ਹੋ ਗਈ। ਹਲਵਾਰਵੀ ਹੋਰੀਂ ਪਹਿਲੇ ਗਰੁੱਪ ਨੂੰ ਛੱਡ ਕੇ 'ਨਾਗਾ-ਰੈਡੀ' ਗਰੁੱਪ ਨਾਲ ਚਲੇ ਗਏ।

ਗਰੁੱਪ ਬਦਲ ਜਾਣ ਨਾਲ ਪਹਿਲਾਂ ਬਣੇ ਇਨਸਾਨੀ ਰਿਸ਼ਤੇ ਤੁਰਤ ਤਿਆਗ ਦੇਣਾ ਮੇਰੇ ਵੱਸ ਵਿਚ ਨਹੀਂ ਸੀ। ਮੇਰੇ ਕੋਲ ਦੋਵੇਂ ਧਿਰਾਂ ਆਉਂਦੀਆਂ। ਆਪਣੇ ਆਪ ਨੂੰ 'ਸੱਚਾ' ਆਖਦੀਆਂ। ਦੂਜੀ ਧਿਰ ਦੇ ਨੁਕਸ ਛਾਂਟਦੀਆਂ। ਮੈਨੂੰ ਚੰਗਾ ਨਾ ਲੱਗਦਾ। ਹੌਲੀ ਹੌਲੀ ਮੈਂ ਉਹਨਾਂ ਦੇ ਇਸ 'ਨਿੰਦਕ' ਵਿਹਾਰ ਤੋਂ ਖਿਝਣ ਲੱਗਾ। ਨਾਗਾ ਰੈਡੀ ਵਾਲੇ ਵਿਚਾਰਧਾਰਕ ਤੌਰ 'ਤੇ ਮੈਨੂੰ ਵਧੇਰੇ ਠੀਕ ਲੱਗਦੇ ਸਨ। ਮੈਂ ਉਹਨਾਂ ਦੀ 'ਲੋਕ ਜਥੇਬੰਦੀਆਂ' ਬਣਾ ਕੇ ਲੋਕਾਂ ਵਿੱਚ ਵਿਚਰਨ ਅਤੇ ਉਹਨਾਂ ਨੂੰ ਆਪਣੇ ਨਾਲ ਜੋੜਨ ਦੀ ਲਾਈਨ ਨਾਲ ਸਹਿਮਤ ਸਾਂ ਅਤੇ ਇਸ ਮਕਸਦ ਦੀ ਪੂਰਤੀ ਲਈ ਗੌਰਮਿੰਟ ਟੀਚਰਜ਼ ਯੂਨੀਅਨ ਵਿੱਚ ਅਤੇ ਨੌਜਵਾਨ ਭਾਰਤ ਸਭਾ ਵਿੱਚ ਕਾਰਜਸ਼ੀਲ ਹੋਣ ਤੋਂ ਇਲਾਵਾ ਸਾਹਿਤਕ ਫ਼ਰੰਟ 'ਤੇ ਵੀ ਕੰਮ ਕਰ ਰਿਹਾ ਸਾਂ।

ਰੋਜ਼ਾਨਾ ਅਮਲ ਵਿਚੋਂ ਗੁਜ਼ਰਦਿਆਂ ਤੇ ਆਪਣੇ ਅਧਿਅਨ ਦੀ ਰੌਸ਼ਨੀ ਵਿਚ ਮੈਨੂੰ ਇਸ ਲਹਿਰ ਦੇ ਆਗੂਆਂ ਅਤੇ ਲਹਿਰ ਦੀਆਂ ਸੀਮਾਵਾਂ ਵੀ ਦਿਸਣ ਲੱਗੀਆਂ। ਮੈਂ ਲਹਿਰ ਤੋਂ ਸੁਚੇਤ ਤੌਰ 'ਤੇ ਕਿਨਾਰਾ-ਕਸ਼ੀ ਸ਼ੁਰੂ ਕਰ ਦਿੱਤੀ। ਹਲਵਾਰਵੀ ਨਾਲ ਸ਼ੰਕੇ ਸਾਂਝੇ ਕੀਤੇ। ਉਹ ਵੀ ਮੇਰੇ ਨਾਲ ਸਹਿਮਤ ਸੀ। ਉਹ ਛੇਤੀ ਹੀ ਪੁਲਿਸ ਅੱਗੇ ਪੇਸ਼ ਹੋ ਗਿਆ। ਭਾਵੇਂ ਮੇਰੇ ਅੰਦਰਲੇ ਅਗਾਂਹਵਧੂ ਬੰਦੇ ਨੇ ਅਗਾਂਹਵਧੂ ਸਰਗਰਮੀਆਂ ਵਿਚ ਭਾਗ ਲੈਣਾ ਤਾਂ ਨਾ ਛੱਡਿਆ ਪਰ ਨਕਸਲੀਆਂ ਨਾਲੋਂ ਅੰਦਰੋਂ ਅੰਦਰੀ ਮੇਰੀ ਇੱਕ ਦੂਰੀ ਬਣ ਚੁੱਕੀ ਸੀ।

ਰਘਬੀਰ ਮੇਰਾ ਦੋਸਤ ਤੇ ਸਨੇਹੀ ਸੀ। ਮੈਂ ਉਹਨਾਂ ਦੇ ਪਿੰਡ ਪੜ੍ਹਾਉਂਦਾ ਸਾਂ। ਸਾਡਾ ਸਕੂਲ ਉਹਨਾਂ ਦੇ ਖੇਤਾਂ ਦੇ ਐਨ ਨਾਲ ਲੱਗਦਾ ਸੀ। ਉਸਦੇ ਪਰਿਵਾਰ ਨਾਲ ਵੀ ਮੇਰੀ ਸਾਂਝ ਸੀ। ਅਸੀਂ ਇਕੱਠੇ ਕੰਮ


NamdhariElibrary NamdhariElibrary@gmail

ਕਰਦੇ ਰਹੇ ਸਾਂ। ਉਹ ਅੱਜ ਵੀ 'ਨਾਗਾ ਰੈਡੀਆਂ' ਨਾਲ ਸਰਗਰਮ ਸੀ ਜਦ ਕਿ ਮੈਂ ਉਹਨਾਂ ਤੋਂ ਇੱਕ ਵਿਥ ਸਿਰਜ ਲਈ ਹੋਈ ਸੀ। ਮੈਂ ਇਸ ਤਰੀਕੇ ਨਾਲ ਖਿਚ ਕੇ ਇਨਕਲਾਬ ਨੂੰ ਨੇੜੇ ਲਿਆ ਸਕਣ ਦੇ ਉਲਾਰ ਉਤਸ਼ਾਹ ਤੋਂ ਮੁਕਤ ਹੋ ਗਿਆ ਸਾਂ ਜਦ ਕਿ ਰਘਬੀਰ ਦਾ ਇਹ ਉਤਸ਼ਾਹ, ਉਹਨੂੰ ਮੇਰੇ 'ਸਮਝਾਉਣ' ਦੇ ਬਾਵਜੂਦ, ਬਣਿਆਂ ਹੋਇਆ ਸੀ। ਵਿਚਾਰਧਾਰਕ ਤੌਰ 'ਤੇ ਦੂਰ ਹੋਣ ਦੇ ਬਾਵਜੂਦ ਅਸੀਂ ਨਿੱਜੀ ਤੌਰ 'ਤੇ ਨੇੜੇ ਹੀ ਸਾਂ। ਇੱਕ ਦੂਜੇ ਨੂੰ ਹਾਸਾ ਠੱਠਾ ਵੀ ਕਰ ਲੈਂਦੇ। ਅਸੀਂ ਇੱਕ ਦੂਜੇ ਦੀ 'ਪ੍ਰਤਿਭਾ' ਅਤੇ 'ਸਮਰੱਥਾ' ਬਾਰੇ ਜਾਣਦੇ ਸਾਂ। ਉਹ 'ਨੌਜਵਾਨ ਭਾਰਤ ਸਭਾ' ਦਾ ਸੂਬਾ ਸਕੱਤਰ ਬਣਾ ਦਿੱਤਾ ਗਿਆ ਸੀ। ਅਸੀਂ ਸਾਂਝੇ ਦੋਸਤਾਂ ਦੀ ਮਹਿਫਲ ਵਿਚ ਇੱਕ ਦੂਜੇ ਬਾਰੇ ਅੰਦਰੋਂ ਗੰਭੀਰ ਪਰ ਉਤੋਂ ਮਜ਼ਾਹੀਆ ਟਿੱਪਣੀਆਂ ਕਰਦੇ। ਮੈਂ ਉਹਨੂੰ ਹਾਸੇ ਨਾਲ ਕਾਮਰੇਡਾਂ ਵੱਲੋਂ 'ਵਰਤੇ ਜਾਣ ਵਾਲੀ ਸ਼ੈਅ' ਆਖਦਾ। ਉਹ ਮੇਰੇ ਪਿੱਛੇ ਹਟ ਜਾਣ ਨੂੰ ਮੇਰੀ 'ਚਮੜੀ ਬਚਾਉਣ' ਦੀ ਮੱਧ-ਵਰਗੀ ਭਾਵਨਾ ਨਾਲ ਜੋੜਦਾ।

ਪੁਲਸੀਆਂ ਦੀ ਆਮਦ ਤੋਂ ਅਨੁਮਾਨ ਲਾ ਕੇ ਮੈਂ ਹੁਣ ਤੱਕ 'ਚਮੜੀ ਖਿਚਵਾਉਣ' ਲਈ ਤਿਆਰ ਹੋ ਚੁੱਕਾ ਸਾਂ ਭਾਵੇਂ ਮੈਨੂੰ 'ਇਕੱਲੀ' ਪਤਨੀ ਅਤੇ ਨਵ-ਜਨਮੀਂ ਨੰਨ੍ਹੀ ਧੀ ਦਾ ਖ਼ਿਆਲ ਵੀ ਆ ਰਿਹਾ ਸੀ। ਨਾਨੀ ਤਾਂ ਇੱਕ ਅੱਧੇ ਦਿਨ ਤੱਕ ਵਾਪਸ ਜਾਣ ਵਾਲੀ ਸੀ। ਪਿੱਛੋਂ ਪਤਨੀ ਦਾ ਆਸਰਾ ਕੌਣ ਬਣੇਗਾ! ਉਹ ਆਪਣੇ ਆਪ ਨੂੰ ਅਤੇ ਬੱਚੀ ਨੂੰ ਸਾਂਭੇਗੀ ਜਾਂ ਮੇਰੇ ਪਿੱਛੇ ਹਵਾਲਾਤਾਂ ਅਤੇ ਜੇਲ੍ਹਾਂ ਵਿੱਚ ਇਸ ਕਮਜ਼ੋਰੀ ਅਤੇ ਲਾਚਾਰਗੀ ਦੀ ਅਵਸਥਾ ਵਿੱਚ ਮੇਰਾ ਪਤਾ-ਸੁਰ ਕਰਦੀ ਫਿਰੇਗੀ!

ਰਘਬੀਰ ਦਾ ਸਾਥ ਮਿਲ ਜਾਣ 'ਤੇ ਖ਼ੁਸ਼ ਸਾਂ। ਸਾਥ ਵਿੱਚ ਮੁਸ਼ਕਲ ਪੈਂਡਾ ਵੀ ਕੱਟਿਆ ਜਾ ਸਕਦਾ ਹੈ। ਅਸੀਂ ਥਾਣੇਦਾਰ ਨੂੰ ਆਪਣਾ ਕਸੂਰ ਪੁੱਛਿਆ ਤਾਂ ਉਹ ਐਵੇਂ ਆਲਾ-ਟਾਲਾ ਕਰਨ ਲੱਗਾ। ਸਾਨੂੰ ਇੱਕ ਹਮਦਰਦ ਹਵਾਲਦਾਰ ਨੇ ਦੱਸਿਆ ਕਿ ਇਹ ਡੀ ਐਸ ਪੀ ਨੂੰ ਉਡੀਕ ਰਿਹਾ ਹੈ ਤਾਕਿ ਉਸਦੀ ਸਲਾਹ ਨਾਲ ਤੁਹਾਡੇ ਉਤੇ ਕੇਸ ਪਾਇਆ ਜਾ ਸਕੇ।

ਅਸੀਂ ਥਾਣੇਦਾਰ ਨੂੰ ਆਪਣੇ ਉਤੇ ਬਣਦਾ ਕੇਸ ਪਾ ਕੇ ਅਦਾਲਤ ਵਿੱਚ ਪੇਸ਼ ਕਰਨ ਜਾਂ ਹੁਣੇ ਰਿਹਾਅ ਕਰਨ ਲਈ ਕਿਹਾ। ਉਸਨੇ ਹਵਾਲਦਾਰ ਵਾਲੀ ਗੱਲ ਦੀ ਪੁਸ਼ਟੀ ਕਰਦਿਆਂ ਸੱਚੀ ਗੱਲ ਦੱਸੀ, "ਉਪਰੋਂ ਹੁਕਮ ਆਇਆ ਹੈ ਕਿ ਤੁਹਾਨੂੰ ਫੜ ਲਿਆ ਜਾਵੇ। ਛੱਡਣਾ ਤਾਂ ਤੁਹਾਨੂੰ ਹੈ ਨਹੀਂ। ਤੁਸੀਂ ਅੰਦਰ ਔਹ ਮੰਜਿਆਂ 'ਤੇ ਆਰਾਮ ਕਰੋ। ਡੀ ਐਸ ਪੀ ਸਾਹਿਬ ਆ ਲੈਣ ਦਿਓ। ਕਰਦੇ ਆਂ ਤੁਹਾਡਾ ਕੁਛ!"

ਅਸੀਂ ਮਾਨਸਿਕ ਤੌਰ 'ਤੇ ਤਿਆਰ ਹੋ ਕੇ ਸਿਪਾਹੀਆਂ ਦੀ ਰਿਹਾਇਸ਼ ਵਾਲੇ ਕਮਰੇ ਵਿੱਚ ਮੰਜਿਆਂ 'ਤੇ ਜਾ ਬੈਠੇ। 'ਨਕਸਲੀ' ਹੋਣ ਕਰਕੇ ਅਤੇ ਉਂਜ ਵੀ ਇਲਾਕੇ ਵਿੱਚ ਸਰਗਰਮ ਰਹਿਣ ਕਰਕੇ ਸਾਡੀ ਥੋੜ੍ਹੀ ਬਹੁਤੀ ਪੈਂਠ ਬਣੀ ਹੋਈ ਸੀ। ਪੁਲਿਸ ਕਰਮਚਾਰੀ ਸਾਡੇ ਨਾਲ ਹਮਦਰਦੀ ਅਤੇ ਅਦਬ ਨਾਲ ਪੇਸ਼ ਆ ਰਹੇ ਸਨ। ਅਸੀਂ ਉਹਨਾਂ ਨਾਲ ਹਾਸੇ ਠੱਠੇ ਵਿੱਚ ਰੁੱਝ ਗਏ। ਇੱਕ ਮੋਟੀ ਗੋਗੜ ਵਾਲਾ ਸਿਪਾਹੀ ਫ਼ਿਲਮੀ ਕਲਾਕਾਰ 'ਸੁੰਦਰ' ਵਰਗਾ ਲੱਗਦਾ ਸੀ। ਅਸੀਂ ਉਸਦਾ ਨਾਮ 'ਸੁੰਦਰ' ਰੱਖ ਲਿਆ ਅਤੇ ਉਹਨੂੰ ਗੁੱਝੀਆਂ ਮਸ਼ਕਰੀਆਂ ਕਰਦੇ।

ਜ਼ਾਹਿਰ ਸੀ ਕਿ ਹੁਣ ਸਾਨੂੰ ਅਗਲੇ ਦਿਨ ਹੀ ਅਦਾਲਤ ਵਿੱਚ ਪੇਸ਼ ਕੀਤਾ ਜਾ ਸਕਣਾ ਸੀ।

## ਸਭ ਤੋਂ ਵੱਡਾ ਦਾਨੀ

ਇਕ ਬਹੁਤ ਵੱਡੇ ਦਾਨਵੀਰ ਹੋਏ ਹਨ ਰਹੀਮ। ਉਹਨਾਂ ਦੀ ਖ਼ਾਸੀਅਤ ਇਹ ਸੀ ਉਹ ਜਦ ਵੀ ਦਾਨ ਦੇਣ ਲਈ ਆਪਣਾ ਹੱਥ ਅਗੇ ਕਰਦੇ ਤਾਂ ਆਪਣੀਆਂ ਨਜ਼ਰਾਂ ਝੁਕਾ ਲੈਂਦੇ। ਇਹ ਗੱਲ ਸਾਰਿਆਂ ਨੂੰ ਬਹੁਤ ਅਜੀਬ ਲਗਦੀ ਕਿ ਰਹੀਮ ਕਿਸ ਤਰ੍ਹਾਂ ਦੇ ਦਾਨਵੀਰ ਹਨ ਇਹ ਦਾਨ ਵੀ ਦਿੰਦੇ ਹਨ ਤੇ ਇਹਨਾਂ ਨੂੰ ਸ਼ਰਮ ਵੀ ਆਉਂਦੀ ਹੈ।

ਇਹ ਗੱਲ ਜਦੋਂ ਭਗਤ ਕਬੀਰ ਜੀ ਤਕ ਪਹੁੰਚੀ ਤਾਂ ਉਹਨਾਂ ਨੇ ਰਹੀਮ ਨੂੰ ਚਾਰ ਪੰਗਤੀਆਂ ਲਿਖ ਕੇ ਭੇਜੀਆਂ, ਜਿਸ ਵਿਚ ਲਿਖਿਆ ਸੀ :-

ਐਸੀ ਦੇਨੀ ਦੇਣ ਜੁ,
ਕਿਤ ਸੀਖੇ ਹੋ ਸੈਨ।
ਜਿਓਂ ਜਿਓਂ ਕਰ ਉਚੋਂ ਕਰੋ,
ਤਿਓਂ ਤਿਓਂ ਨੀਚੇ ਨੈਨ।

ਇਸ ਦਾ ਮਤਲਬ ਸੀ ਕਿ ਰਹੀਮ ਤੁਸੀਂ ਐਸਾ ਦਾਨ ਕਰਨਾ ਕਿਥੋਂ ਸਿਖੇ ਹੋ? ਜਿਦਾਂ ਜਿਦਾਂ ਤੁਹਾਡੇ ਹੱਥ ਉਪਰ ਉਠਦੇ ਨੇ ਉਦਾਂ-ਉਦਾਂ ਤੁਹਾਡੀਆਂ ਨਜ਼ਰਾਂ ਤੁਹਾਡੇ ਨੈਣ ਨੀਵੇਂ ਕਿਉਂ ਝੁਕ ਜਾਂਦੇ ਨੇ?

ਰਹੀਮ ਨੇ ਇਸ ਦਾ ਜੋ ਜਵਾਬ ਦਿਤਾ ਉਹ ਐਨਾ ਗਜ਼ਬ ਦਾ ਸੀ ਕਿ ਜਿਸਨੇ ਵੀ ਸੁਣਿਆ ਉਹ ਰਹੀਮ ਦਾ ਭਗਤ ਹੋ ਗਿਆ ਐਨਾ ਪਿਆਰਾ ਜਵਾਬ ਅੱਜ ਤਕ ਕਿਸੇ ਨੇ ਕਿਸੇ ਨੂੰ ਨਹੀਂ ਦਿਤਾ। ਰਹੀਮ ਨੇ ਜਵਾਬ ਵਿਚ ਲਿਖਿਆ ਹੈ :-

ਦੇਨਹਾਰ ਕੋਈ ਔਰ ਹੈ,
ਭੇਜਤ ਜੋ ਦਿਨ ਰੈਨ।
ਲੋਗ ਭਰਮ ਹਮ ਪਰ ਕਰੇਂ,
ਤਾਸੋਂ ਨੀਚੇ ਨੈਨ।

ਮਤਲਬ ਦੇਣ ਵਾਲਾ ਤਾਂ ਕੋਈ ਹੋਰ ਹੈ ਤੇ ਉਹ ਹੈ— ਉਹ ਮਾਲਿਕ, ਉਹ ਪ੍ਰਮਾਤਮਾ— ਉਹ ਦਿਨ ਰਾਤ ਭੇਜ ਰਿਹਾ ਹੈ। ਪਰ ਲੋਕ ਇਹ ਸਮਝਦੇ ਹਨ ਕਿ ਮੈਂ ਦੇ ਰਿਹਾ ਹਾਂ, ਰਹੀਮ ਦੇ ਰਿਹਾ ਹੈ। ਇਹ ਸੋਚ ਕੇ ਮੈਨੂੰ ਸ਼ਰਮ ਆਉਂਦੀ ਹੈ ਤੇ ਮੇਰੀਆਂ ਨਜ਼ਰਾਂ ਨੀਚੇ ਝੁਕ ਜਾਂਦੀਆਂ ਹਨ।

—ਪੇਸ਼ਕਸ਼ : ਨਰੈਣ ਸਿੰਘ


NamdhariElibrary NamdhariElibrary@gm

# ਮਰਦਾਂ ਦੀ ਕਮਜ਼ੋਰੀ ਦੇ ਕਾਰਣ



—ਡਾ. ਹਰਸ਼ਿੰਦਰ ਕੌਰ, ਐਮ. ਡੀ.

ਚਾਲੀ ਸਾਲ ਤੋਂ ਵੱਧ ਉਮਰ ਦੇ ਲਗਭਗ 50 ਪ੍ਰਤੀਸ਼ਤ ਮਰਦ ਇਸੇ ਕਮਜ਼ੋਰੀ ਸਦਕਾ ਹਕੀਮਾਂ ਜਾਂ ਡਾਕਟਰਾਂ ਦੇ ਗੇੜੇ ਕੱਢਦੇ ਰਹਿੰਦੇ ਹਨ। ਜਰਨਲ ਆਫ ਸੈਕਸੁਅਲ ਮੈਡੀਸਨ ਅਨੁਸਾਰ 40 ਸਾਲਾਂ ਤੋਂ ਘੱਟ ਉਮਰ ਦੇ ਲਗਭਗ 26 ਪ੍ਰਤੀਸ਼ਤ ਮਰਦ ਵੀ ਇਸੇ ਕਮਜ਼ੋਰੀ ਤੋਂ ਪੀੜਤ ਲੱਭੇ ਗਏ ਹਨ। ਇਸੇ ਖੋਜ ਨੂੰ ਆਧਾਰ ਬਣਾ ਕੇ ਵਿਆਗਰਾ ਗੋਲੀ ਬਣਾਉਣ ਵਾਲੀ ਕੰਪਨੀ ਖ਼ਰਬਾਂ ਡਾਲਰਾਂ ਦੀ ਕਮਾਈ ਕਰ ਚੁੱਕੀ ਹੈ ਜੋ ਹਾਲੇ ਤਕ ਜਾਰੀ ਹੈ।

ਸ਼ੁਰੂ-ਸ਼ੁਰੂ ਵਿਚ ਦੁਨੀਆਂ ਭਰ ਵਿਚ ਮਰਦਾਨਾ ਕਮਜ਼ੋਰੀ ਦਾ ਕਾਰਣ ਸਿਰਫ਼ ਮਾਨਸਿਕ ਤਣਾਓ ਹੀ ਮੰਨਿਆ ਗਿਆ ਸੀ ਜਿਸ ਦਾ ਫ਼ਾਇਦਾ ਚੁੱਕ ਕੇ ਨੀਮ ਹਕੀਮਾਂ ਨੇ ਸੜਕਾਂ ਕਿਨਾਰੇ ਸ਼ਿਲਾਜੀਤ ਵੇਚਣ ਦਾ ਧੰਦਾ ਹੀ ਬਣਾ ਲਿਆ ਤੇ ਅਨੇਕ ਨੌਜਵਾਨ ਸ਼ਰਮ ਦੇ ਮਾਰੇ, ਓਹਲਾ ਰੱਖਣ ਸਦਕਾ ਸਪੈਸ਼ਲਿਸਟ ਡਾਕਟਰਾਂ ਕੋਲ ਜਾਣ ਦੀ ਬਜਾਏ ਇਨ੍ਹਾਂ ਸੜਕ ਛਾਪ ਡਾਕਟਰਾਂ ਦੇ ਗੇੜੇ ਕੱਢਦੇ ਰਹੇ! ਅਫ਼ਸੋਸ ਕਿ ਹੁਣ ਤੱਕ ਇਹ ਜਾਰੀ ਹੈ।

ਸਟੇਨਫੋਰਡ ਮੈਡੀਕਲ ਸੈਂਟਰ ਦੇ ਡਾਕਟਰ ਮਾਈਕਲ ਨੇ ਅਨੇਕ ਮਰੀਜ਼ਾਂ ਦਾ ਚੈੱਕਅਪ ਕਰਕੇ ਜਿਹੜੇ ਕਾਰਣ ਲੱਭੇ, ਉਨ੍ਹਾਂ ਵਿਚ ਸਿਗਰਟ ਪੀਣਾ, ਕੋਲੈਸਟਰੋਲ ਦਾ ਵਾਧਾ ਆਦਿ ਤੋਂ ਲੈ ਕੇ ਅੰਗ ਦੀ ਬਣਤਰ ਵਿਚ ਜਮਾਂਦਰੂ ਨੁਕਸ ਤਕ ਸ਼ਾਮਲ ਸਨ।

ਆਓ ਇਨ੍ਹਾਂ ਕਾਰਣਾਂ ਦਾ ਵਿਸਤਾਰ ਸਹਿਤ ਵਿਸ਼ਲੇਸ਼ਣ ਕਰੀਏ।

**1. ਤਣਾਓ :-**

ਵੀਹ ਤੋਂ ਤੀਹ ਸਾਲ ਦੇ ਨੌਜਵਾਨਾਂ ਵਿਚ ਅੰਗ ਦੀ ਲੰਬਾਈ ਨੂੰ ਲੈ ਕੇ ਏਨਾ ਗੰਭੀਰ ਤਣਾਓ ਵੇਖਣ ਵਿਚ ਆਇਆ ਕਿ ਉਹ ਸ਼ਰਮਿੰਦਗੀ ਮਹਿਸੂਸ ਕਰਦੇ ਹੋਏ, ਬਿਨਾਂ ਰੋਗ ਦੇ ਵੀ ਮਰਦਾਨਾ ਕਮਜ਼ੋਰੀ ਦੇ ਸ਼ਿਕਾਰ ਹੋਏ ਲੱਭੇ। ਬਹੁਤ ਸਾਰੇ ਗਭਰੂ ਹਸਤਮੈਥੁਨ ਨੂੰ ਬੀਮਾਰੀ ਮੰਨ ਕੇ ਆਪੇ ਹੀ ਕਮਜ਼ੋਰ ਬਣ ਬੈਠੇ। ਇਹ ਸਭ ਮਾਨਸਿਕ ਤਣਾਓ ਹੀ ਹੈ ਹੋਰ ਕੁੱਝ ਨਹੀਂ ਕਿਉਂਕਿ ਲੰਬਾਈ ਜਾਂ ਹਸਤਮੈਥੁਨ ਦਾ ਮਰਦਾਨਾ ਕਮਜ਼ੋਰੀ ਨਾਲ ਕੋਈ ਲੈਣਾ ਦੇਣਾ ਨਹੀਂ ਹੈ। ਯੂਰੋਲੋਜੀ ਦੇ ਸਹਾਇਕ ਪ੍ਰੋਫੈਸਰ ਜੋਜ਼ਫ ਨੇ ਪੈਨੀਸਿਲਵੇਨੀਆ ਦੀ ਯੂਨੀਵਰਸਿਟੀ ਵਿਖੇ ਬਹੁਤ ਸਾਰੇ ਨੌਜਵਾਨ ਮਰੀਜ਼ਾਂ ਵਿਚ ਇਹੋ ਕਾਰਣ ਲੱਭਿਆ ਜਿੱਥੇ ਪਹਿਲੀ ਵਾਰ ਸੰਬੰਧ ਬਣਾਉਣ ਦੀ ਘਬਰਾਹਟ ਸਦਕਾ ਮਜ਼ਾਕ ਉੱਡ ਜਾਣ ਨਾਲ ਆਪਣੇ ਆਪ ਨੂੰ ਸਦੀਵੀ ਤੌਰ ਉੱਤੇ ਨਾਮਰਦ ਮੰਨ ਕੇ ਬਹਿ ਗਏ।

ਕਈ ਇਸ ਤਰ੍ਹਾਂ ਦੇ ਮਰੀਜ਼ ਸਿਰਫ਼ ਆਪਣੀ ਮਰਦਾਨਗੀ ਦਾ ਟੈੱਸਟ ਕਰਨ ਲਈ ਨਾਬਾਲਗ ਬੱਚੀਆਂ ਦਾ ਜਬਰਜ਼ਨਾਹ ਕਰਨ ਦੀ ਧੁਨ ਪਾਲ ਬੈਠੇ। ਕਈ ਨੌਜਵਾਨ ਬਲਾਤਕਾਰੀਏ ਮਨੋਵਿਗਿਆਨੀਆਂ ਸਾਹਮਣੇ ਮੰਨੇ ਕਿ ਅੰਗ ਦੀ ਲੰਬਾਈ ਘੱਟ ਹੋਣ ਅਤੇ ਦੋਸਤਾਂ ਸਾਹਮਣੇ ਮਜ਼ਾਕ ਉੱਡ ਜਾਣ ਨਾਲ ਉਹ ਆਪਣੇ ਅੰਦਰ ਭਰੇ 'ਨਾਮਰਦ' ਲਫ਼ਜ਼ ਦੇ ਗੁੱਸੇ ਨੂੰ ਬਾਲੜੀਆਂ ਉੱਤੇ ਜਬਰ ਕਰ ਕੇ ਲਾਹ ਰਹੇ ਸਨ ਅਤੇ ਇੰਜ ਉਹ ਆਪਣੇ ਆਪ ਨੂੰ 'ਮਰਦ' ਕਹਾਏ ਜਾਣ ਦਾ ਅਨੰਦ ਮਾਣ ਸਕੇ ਸਨ। ਦਰਅਸਲ ਘਬਰਾਹਟ ਹੁੰਦੇ ਸਾਰ ਸਰੀਰ ਅੰਦਰ ਐਡਰੀਨਾਲੀਨ ਨਿਕਲ ਪੈਂਦੀ ਹੈ ਜੋ ਅੰਗ ਦੀ ਸੁਡੌਲਤਾ ਖ਼ਤਮ ਕਰ ਦਿੰਦੀ ਹੈ।

**2. ਬਹੁਤ ਜ਼ਿਆਦਾ ਸਾਈਕਲ ਚਲਾਉਣ ਨਾਲ :-**

ਹਰ ਸਾਈਕਲ ਚਲਾਉਣ ਵਾਲੇ ਨਾਲ ਅਜਿਹਾ ਨਹੀਂ ਹੁੰਦਾ ਪਰ ਜੇ ਕੁੱਝ ਮੀਲ ਸਾਈਕਲ ਚਲਾਉਣ ਬਾਅਦ ਅੰਗ ਜਾਂ ਉਸ ਦੇ ਦੁਆਲੇ ਦਾ ਹਿੱਸਾ ਸੁੰਨ ਜਿਹਾ ਹੁੰਦਾ ਜਾਪੇ ਤਾਂ ਇਹ ਸਮਝ ਲੈਣਾ ਚਾਹੀਦਾ ਹੈ ਕਿ ਅੰਗ ਦੀ ਨਸ ਉੱਤੇ ਦਬਾਓ ਪੈ ਰਿਹਾ ਹੈ। ਅਜਿਹੇ ਕੇਸਾਂ ਵਿਚ ਗਦੂਦ ਹੇਠੋਂ ਲੰਘ ਰਹੀਆਂ ਨਸਾਂ ਸਾਈਕਲ ਦੀ ਸੀਟ ਨਾਲ ਘਿਸ ਕੇ ਹਿੱਸੇ ਨੂੰ ਸੁੰਨ ਕਰ ਦਿੰਦੀਆਂ ਹਨ।

ਸਾਈਕਲ ਦੀ ਸੀਟ ਬਦਲਣ ਨਾਲ ਵੀ ਜੇ ਆਰਾਮ ਨਾ ਜਾਪੇ ਤਾਂ ਸਾਈਕਲ ਚਲਾਉਣਾ ਛੱਡਣ ਵਿਚ ਹੀ ਭਲਾਈ ਹੈ।

**3 ਸ਼ਰਾਬ ਅਤੇ ਨਸ਼ਾ:-**

ਬਹੁਤ ਜਣੇ ਪੱਕਾ ਭਰਮ ਪਾਲੀ ਬੈਠੇ ਹਨ ਕਿ ਉਨ੍ਹਾਂ ਨੂੰ ਸ਼ਰਾਬ ਪੀਣ ਨਾਲ ਚੰਗਾ ਮਹਿਸੂਸ ਹੁੰਦਾ ਹੈ ਤੇ ਸਰੀਰਕ ਤਾਕਤ ਵਧੀ ਹੋਈ ਲੱਗਦੀ ਹੈ। ਅੰਗ ਦੀ ਸੁਡੌਲਤਾ ਉੱਤੇ ਇਸ ਦਾ ਉੱਕਾ ਕੋਈ ਅਸਰ ਨਹੀਂ ਹੁੰਦਾ। ਨਸ਼ਾ ਜਾਂ ਸ਼ਰਾਬ ਦਿਮਾਗ਼ ਉੱਤੇ ਜ਼ਰੂਰ ਵਕਤੀ ਅਸਰ ਪਾਉਂਦੇ ਹਨ ਜਿਵੇਂ ਬੰਦਾ ਸੁਰਖ਼ਰੂ ਹੋ ਕੇ ਉੱਚੀ ਉਡਾਣ ਭਰ ਰਿਹਾ ਹੋਵੇ। ਮਰਦਾਨਗੀ ਨਾਲ ਇਸ ਦਾ ਉੱਕਾ ਕੋਈ ਸੰਬੰਧ ਨਹੀਂ ਹੈ। ਸ਼ਰਾਬ ਤਾਂ ਸਗੋਂ ਬੰਦੇ ਨੂੰ ਢਹਿੰਦੀ ਕਲਾ ਵਲ ਲੈ

NamdhariElibrary NamdhariElibrary@gmail

ਜਾਂਦੀ ਹੈ। ਦੋ ਪੈੱਗ ਤੋਂ ਵੱਧ ਲੈ ਚੁੱਕੇ ਅਨੇਕ ਮਰਦਾਂ ਦੀ ਇਹੋ ਸ਼ਿਕਾਇਤ ਰਹੀ ਹੈ ਕਿ ਉਨ੍ਹਾਂ ਤੋਂ ਸਰੀਰਕ ਸੰਬੰਧ ਬਣਾਏ ਨਹੀਂ ਜਾਂਦੇ।

ਕੋਕੀਨ ਲੈਣ ਦੇ ਸ਼ੌਕੀਨ ਇਹ ਸਮਝ ਲੈਣ ਕਿ ਉਨ੍ਹਾਂ ਦੇ ਸਰੀਰ ਅੰਦਰਲੀ ਟੈਸਟੋਸਟੀਰੋਨ ਦੀ ਮਾਤਰਾ ਘੱਟ ਜਾਂਦੀ ਹੈ ਜਿਸ ਨਾਲ ਸਰੀਰਕ ਕਮਜ਼ੋਰੀ ਆਉਣੀ ਸੁਭਾਵਕ ਹੈ। ਇਸ ਦੀ ਵਰਤੋਂ ਨਾਲ ਉਹ ਨਪੁੰਸਕ ਵੀ ਬਣ ਸਕਦੇ ਹਨ। ਇਹੋ ਕਾਰਣ ਹੈ ਕਿ ਪੰਜਾਬ ਅੰਦਰ ਨਸ਼ੇ ਦੀ ਵਧਦੀ ਵਰਤੋਂ ਸਦਕਾ ਢੇਰਾਂ ਦੇ ਢੇਰ ਨੌਜਵਾਨ ਨਪੁੰਸਕ ਬਣਦੇ ਜਾ ਰਹੇ ਹਨ।

**4.ਜ਼ੁਕਾਮ ਦੀ ਦਵਾਈ :-**

ਜ਼ੁਕਾਮ ਲਈ ਆਮ ਵਰਤੀ ਜਾਂਦੀ ਦਵਾਈ ਵਿਚ ਸੂਡੋਫੈਡਰੀਨ ਹੁੰਦੀ ਹੈ, ਜੋ ਸਰੀਰ ਅੰਦਰ ਐਪੀਨੈਫਰੀਨ ਵਧਾ ਦਿੰਦੀ ਹੈ। ਇਸ ਨਾਲ 'ਕਰੋ ਜਾਂ ਮਰੋ' ਵਰਗਾ ਇਹਸਾਸ ਹੁੰਦਾ ਹੈ। ਮਸਲਨ ਸਾਹਮਣੇ ਸ਼ੇਰ ਵੇਖ ਕੇ ਜਾਂ ਤਾਂ ਉਸ ਉੱਤੇ ਟੁੱਟ ਪਵੋ, ਜਾਂ ਭੱਜ ਕੇ ਜਾਨ ਬਚਾ ਲਵੋ। ਸਰੀਰ ਅੰਦਰਲੇ ਅਜਿਹੇ ਹਾਲਾਤ ਵਿਚ ਕੋਈ ਕਿਵੇਂ ਸਰੀਰਕ ਸੰਬੰਧ ਬਣਾਉਣ ਬਾਰੇ ਸੋਚ ਸਕਦਾ ਹੈ। ਇਸੇ ਲਈ ਕਮਜ਼ੋਰੀ ਮਹਿਸੂਸ ਹੋ ਸਕਦੀ ਹੈ ਜੋ ਵਕਤੀ ਹੁੰਦੀ ਹੈ। ਕਈ ਲੋਕ ਅਜਿਹੀ ਵਕਤੀ ਗੜਬੜੀ ਕਾਰਨ ਵੀ ਝੱਟਪਟ ਢਹਿੰਦੀ ਕਲਾ ਵੱਲ ਤੁਰ ਜਾਂਦੇ ਹਨ ਤੇ ਗੋਲੀਆਂ ਖਾਣੀਆਂ ਸ਼ੁਰੂ ਕਰ ਦਿੰਦੇ ਹਨ। ਸੂਡੋਫੈਡਰੀਨ ਤੋਂ ਅੱਗੋਂ ਕਈ ਲੈਬਾਰਟਰੀਆਂ ਵਿਚ 'ਚਿੱਟਾ' ਬਣਾਇਆ ਜਾਂਦਾ ਹੈ ਜਿਸ ਦੀ ਵਰਤੋਂ ਨਾਲ ਸਦੀਵੀ ਨੁਕਸਾਨ ਹੋ ਸਕਦਾ ਹੈ।

**5.ਸ਼ੱਕਰ ਰੋਗ :-**

ਸ਼ੱਕਰ ਰੋਗ ਦੇ ਮਰੀਜ਼ਾਂ ਦੀ ਗਿਣਤੀ ਲਗਾਤਾਰ ਵੱਧਦੀ ਜਾ ਰਹੀ ਹੈ। ਸ਼ੱਕਰ ਰੋਗ ਦਾ ਠੀਕ ਤਰ੍ਹਾਂ ਇਲਾਜ ਨਾ ਕਰਵਾਉਣ ਸਦਕਾ ਬਥੇਰੇ ਰੋਗੀ ਹੌਲੀ-ਹੌਲੀ ਨਾਮਰਦ ਬਣਦੇ ਜਾ ਰਹੇ ਹਨ। ਇਸੇ ਲਈ ਸ਼ੱਕਰ ਰੋਗੀਆਂ ਨੂੰ ਲਹੂ ਵਿਚ ਨਿਰਣੇ ਕਾਲਜੇ ਸ਼ੱਕਰ ਦੀ ਮਾਤਰਾ ਨੂੰ 110 ਤੱਕ ਰੱਖਣ ਦੀ ਸਲਾਹ ਦਿੱਤੀ ਗਈ ਹੈ। ਜੇ ਗੋਲੀਆਂ ਨਾਲ ਸ਼ੂਗਰ 110 ਤੋਂ ਉੱਪਰ ਹੋਵੇ ਤਾਂ ਝਟਪਟ ਇਨਸੂਲਿਨ ਦੇ ਟੀਕਿਆਂ ਨੂੰ ਸ਼ੁਰੂ ਕਰ ਲੈਣਾ ਚਾਹੀਦਾ ਹੈ। ਇੰਜ ਬਥੇਰੇ ਮਰੀਜ਼ ਆਪਣੀ ਮਰਦਾਨਗੀ ਬਰਕਰਾਰ ਰਖ ਸਕਦੇ ਹਨ।

ਸ਼ੂਗਰ ਦੀ ਬੀਮਾਰੀ ਵਿਚ ਸਰੀਰ ਅੰਦਰ ਨਾਈਟਰਿਕ ਏਸਿਡ ਘੱਟ ਬਣਨ ਲੱਗ ਪੈਂਦਾ ਹੈ। ਨਾਈਟਰਿਕ ਏਸਿਡ ਦਾ ਕੰਮ ਹੁੰਦਾ ਹੈ ਸਕਿੰਟਾਂ ਵਿਚ ਅੰਗ ਨੂੰ ਲਹੂ ਪਹੁੰਚਾਉਣਾ ਜਿਸ ਨਾਲ ਅੰਗ ਆਕਾਰ ਵਿਚ ਵੱਡਾ ਅਤੇ ਸੁਡੌਲ ਹੋਣ ਲੱਗ ਪੈਂਦਾ ਹੈ। ਇਸੇ ਲਈ ਸ਼ੂਗਰ ਦੀ ਬੀਮਾਰੀ ਦਾ ਸਹੀ ਇਲਾਜ ਹੋਣਾ ਜ਼ਰੂਰੀ ਹੈ ਤੇ ਲਹੂ ਵਿਚ ਸ਼ੱਕਰ ਦੀ ਮਾਤਰਾ 110 ਤੋਂ ਉੱਪਰ ਕਿਸੇ ਹਾਲ ਵਿਚ ਨਹੀਂ ਜਾਣ ਦੇਣੀ ਚਾਹੀਦੀ।

**6.ਬਲੱਡ ਪ੍ਰੈਸ਼ਰ ਦਾ ਵਾਧਾ :-**

ਬਲੱਡ ਪ੍ਰੈਸ਼ਰ ਦੀ ਬੀਮਾਰੀ ਨੂੰ ਜੇ ਛੇਤੀ ਕਾਬੂ ਵਿਚ ਨਾ ਕੀਤਾ ਜਾਵੇ ਤਾਂ ਇਹ 20 ਸਾਲਾਂ ਦੇ ਬੰਦੇ ਦੇ ਸਰੀਰ ਨੂੰ ਵੀ 60 ਸਾਲ ਦੀ ਉਮਰ ਵਾਂਗ ਕਰ ਦਿੰਦੀ ਹੈ। ਸਰੀਰ ਢਿੱਲਾ, ਥੱਕਿਆ, ਸਿਰ ਪੀੜ ਆਦਿ ਨਾਲ ਮੂਡ ਦਾ ਸੱਤਿਆਨਾਸ ਵੱਜ ਜਾਂਦਾ ਹੈ।

**7.ਕੈਂਸਰ :-**

ਕੀਮੋਥੈਰੇਪੀ ਟੈਸਟੋਸਟੀਰੋਨ ਘਟਾ ਦਿੰਦੀ ਹੈ, ਜਿਸ ਨਾਲ ਅੰਗ ਨੂੰ ਜਾਂਦਾ ਲਹੂ ਘਟ ਜਾਂਦਾ ਹੈ। ਕਿਰਨਾਂ ਨਾਲ ਕੀਤੇ ਇਲਾਜ ਵਿਚ ਅੰਗ ਨੂੰ ਜਾਂਦੀਆਂ ਲਹੂ ਦੀਆਂ ਨਾੜੀਆਂ ਦੀ ਪਰਤ ਜਾਂ ਨਸਾਂ ਵੀ ਖ਼ਰਾਬ ਹੋ ਸਕਦੀਆਂ ਹਨ। ਸਾਇੰਸ ਦੀ ਤਰੱਕੀ ਸਦਕਾ ਮਰਦਾਨਾ ਤਾਕਤ ਵਧਾਉਣ ਦੀਆਂ ਦਵਾਈਆਂ ਖਾਣ ਨਾਲ ਕੈਂਸਰ ਦੇ ਇਲਾਜ ਦੌਰਾਨ ਵੀ ਵਧੀਆ ਅਸਰ ਵੇਖਿਆ ਗਿਆ ਹੈ।

**8. ਸਿਗਰਟਨੋਸ਼ੀ ਵੀ ਹੌਲੀ-ਹੌਲੀ ਮਰਦਾਨਾ ਤਾਕਤ ਘਟਾ ਦਿੰਦੀ ਹੈ।**

**9.ਜਮਾਂਦਰੂ ਨੁਕਸ :-**

ਅੰਗ ਦੀ ਬਣਤਰ ਵਿਚ ਜਮਾਂਦਰੂ ਨੁਕਸ ਦਾ ਅਪਰੇਸ਼ਨ ਨਾਲ ਇਲਾਜ ਹੋ ਸਕਦਾ ਹੈ।

**10.ਮੋਟਾਪਾ :-**

ਮੋਟੇ ਤੌਰ ਉੱਤੇ ਇਕ ਗੱਲ ਯਾਦ ਰੱਖਣੀ ਜ਼ਰੂਰੀ ਹੈ ਕਿ ਹਰ ਉਹ ਨੁਕਸ ਜੋ ਦਿਲ ਲਈ ਹਾਨੀਕਾਰਕ ਹੈ, ਮਰਦਾਨਾ ਤਾਕਤ ਉੱਤੇ ਵੀ ਸੱਟ ਮਾਰਦਾ ਹੈ। ਜੇ ਸਰੀਰ ਦੀਆਂ ਹੋਰ ਨਸਾਂ ਵਿਚ ਰੋਕੇ ਦੀ ਬੀਮਾਰੀ ਹੈ ਅਤੇ ਥਿੰਦਾ ਜੰਮ ਚੁੱਕਿਆ ਹੈ ਤਾਂ ਇਸ ਦਾ ਮਤਲਬ ਹੈ ਮਰਦਾਨਾ ਤਾਕਤ ਵੀ ਘਟ ਜਾਣੀ ਹੋਈ। ਲਹੂ ਦਾ ਤੇਜ਼ ਵਹਾਓ ਅਤੇ ਇੱਕੋ ਥਾਂ ਕੁੱਝ ਸਮੇਂ ਲਈ ਇਕੱਠਾ ਹੋਣਾ ਹੀ ਸੁਖੜ ਅੰਗ ਦਾ ਕਾਰਣ ਹੁੰਦਾ ਹੈ।

ਖੋਜਾਂ ਰਾਹੀਂ ਸਾਬਤ ਹੋ ਚੁੱਕਿਆ ਹੈ ਕਿ ਤੰਦਰੁਸਤ ਸਰੀਰ, ਤਣਾਓ ਰਹਿਤ ਦਿਮਾਗ਼, ਨਸ਼ੇ ਤੋਂ ਤੋਬਾ, ਸੰਤੁਲਿਤ ਖ਼ੁਰਾਕ, ਘਰੇਲੂ ਝਗੜਿਆਂ ਤੋਂ ਰਾਹਤ, ਸੁਖਾਵਾਂ ਮਾਹੌਲ, ਉਸਾਰੂ ਸੋਚ, ਇੱਕੋ ਪ੍ਰਤੀ ਨਿਸ਼ਠਾ, ਰੋਜ਼ਾਨਾ ਕਸਰਤ, ਮਧੁਰ ਸੰਗੀਤ, ਹਲਕੀ ਮਾਲਿਸ਼, ਬੀਮਾਰੀਆਂ ਦਾ ਛੇਤੀ ਅਤੇ ਸਹੀ ਇਲਾਜ ਹੀ ਮਰਦਾਨਾ ਤਾਕਤ ਬਰਕਰਾਰ ਰੱਖਣ ਵਿਚ ਸਹਾਈ ਸਾਬਤ ਹੋਏ ਹਨ।

Namdhari Elibrary namdhariElibrary@gm

# ਮੁਹੱਬਤੀ ਸ਼ਾਇਰ ਸੁਰਜੀਤ ਰਾਮਪੁਰੀ



ਸੁਰਜੀਤ ਰਾਮਪੁਰੀ ਨਾਲ ਮੇਰੀ ਮੁਢਲੀ ਜਾਣ-ਪਛਾਣ ਤਾਂ ਉਸ ਦੇ ਇਸ ਗੀਤ ਤੋਂ ਹੋਈ ਸੀ...'ਮੈਂ ਦਰਦ ਕਹਾਣੀ ਰਾਤਾਂ ਦੀ, ਇਹਨੂੰ ਕੋਈ ਸਵੇਰਾ ਕੀ ਜਾਣੇ।' ਇਹ ਗੀਤ ਅਕਾਸ਼ਬਾਣੀ ਜਲੰਧਰ ਤੋਂ ਸਵੇਰ ਦੀਆਂ ਖ਼ਬਰਾਂ ਜਾਂ ਸ਼ਾਮ ਦੇ ਕਿਸੇ ਪ੍ਰੋਗਰਾਮ ਵਿਚ ਅਕਸਰ ਆਉਂਦਾ। ਮੇਰੀ ਇਸ ਗੀਤ ਨਾਲ ਸਾਂਝ ਦਾ ਕਾਰਨ ਇਹ ਸੀ ਕਿ ਉਸ ਸਮੇਂ ਮੇਰੀ ਅੱਖਾਂ ਦੀ ਰੌਸ਼ਨੀ ਬੜੀ ਤੇਜ਼ੀ ਨਾਲ ਘਟ ਰਹੀ ਸੀ ਅਤੇ 1972 ਵਿਚ ਤਾਂ ਅੱਖਾਂ ਦੇ ਮਾਹਿਰ ਡਾਕਟਰ ਧਨਵੰਤ ਸਿੰਘ ਨੇ ਇਹ ਮੱਧਮ ਸੁਰ ਵਿਚ ਕਹਿ ਹੀ ਦਿੱਤਾ ਸੀ ਕਿ ਘਟਦੀ-ਘਟਦੀ ਇਹ ਰੌਸ਼ਨੀ ਖ਼ਤਮ ਹੋ ਜਾਵੇਗੀ। ਇਸ ਦੇ ਖ਼ਤਮ ਹੋਣ ਦੇ ਸਮੇਂ ਬਾਰੇ ਕੁਝ ਵੀ ਨਹੀਂ ਕਿਹਾ ਜਾ ਸਕਦਾ। ਗੱਲ ਉਹੀ ਹੋਈ ਕਿ ਬਚਪਨ ਤੋਂ ਰਾਤ ਨੂੰ ਘੱਟ ਦਿਸਣ ਦੀ ਮੇਰੀ ਇਹ ਸ਼ਿਕਾਇਤ ਪਹਿਲਾਂ 1966-67 ਵਿਚ ਦਿਨ ਸਮੇਂ ਵੀ ਨਾ ਪੜ੍ਹ ਸਕਣ ਦੇ ਰੂਪ ਵਿਚ ਸਾਹਮਣੇ ਆਈ ਅਤੇ 1976 ਵਿਚ ਇਹ ਘਟਦੀ-ਘਟਦੀ ਬਿਲਕੁਲ ਖ਼ਤਮ ਹੋ ਗਈ। ਇਸ ਲਈ ਇਸ ਗੀਤ ਦਾ ਮੁਖੜਾ ਮੈਨੂੰ ਆਪਣੀ ਹੀ ਦਰਦ ਕਹਾਣੀ ਜਾਪਦਾ। ਉਂਜ ਵੀ ਮੈਂ ਸਾਹਿਤ ਤੇ ਸਾਹਿਤ ਸਭਾਵਾਂ ਦੀਆਂ ਸਰਗਰਮੀਆਂ ਕਾਰਨ ਸੁਰਜੀਤ ਰਾਮਪੁਰੀ ਬਾਰੇ ਕਾਫ਼ੀ ਕੁਝ ਜਾਣ ਚੁੱਕਾ ਸੀ। ਇਸ ਤੋਂ ਇਲਾਵਾ ਸੁਰਜੀਤ ਰਾਮਪੁਰੀ ਦੇ ਸਰਕਾਰੀ ਹਾਈ ਸਕੂਲ ਜੋਗਾ ਵਿਚ ਮੁੱਖ ਅਧਿਆਪਕ ਲੱਗਣ ਕਾਰਨ ਅਤੇ ਮੇਰੀ ਨਿਯੁਕਤੀ ਸਰਕਾਰੀ ਹਾਈ ਸਕੂਲ ਧੌਲਾ ਤੇ ਸਰਕਾਰੀ ਮਿਡਲ ਸਕੂਲ ਰੂੜੇਕੇ ਕਲਾਂ ਤੇ ਫੇਰ ਮਹਿਤਾ ਹੋਣ ਕਾਰਨ ਮੈਂ ਨਿੱਜੀ ਤੌਰ 'ਤੇ ਵੀ ਸੁਰਜੀਤ ਰਾਮਪੁਰੀ ਦਾ ਵਾਕਫ਼ ਹੋ ਚੁੱਕਾ ਸੀ; ਕਿਉਂਕਿ ਧੌਲਾ ਤੇ ਰੂੜੇਕੇ ਕਲਾਂ ਜੋਗਾ ਤੋਂ ਸਿਰਫ਼ ਦਸ ਪੰਦਰਾਂ ਕਿਲੋਮੀਟਰ ਦੀ ਵਿੱਥ 'ਤੇ ਸਨ ਅਤੇ ਇਹ ਤਿੰਨੇ ਪਿੰਡ ਸਨ ਵੀ ਬਰਨਾਲਾ-ਮਾਨਸਾ ਸੜਕ ਉਤੇ ਸਥਿਤ। ਬਰਨਾਲਾ ਤੋਂ ਪਿੱਛੋਂ ਹੰਢਿਆਇਆ ਤੇ ਫਿਰ ਧੌਲਾ, ਰੂੜੇਕੇ ਕਲਾਂ, ਪੱਖੋ ਕਲਾਂ, ਰੱਲਾ ਤੇ ਫਿਰ ਜੋਗਾ। ਇਸ ਲਈ ਸਾਡੀ ਸਾਂਝ ਇੱਕੋ ਮਹਿਕਮੇ ਵਿਚ ਹੋਣ ਕਾਰਨ ਵੀ ਤੇ ਕਵਿਤਾ ਰਚਨ ਕਾਰਨ ਵੀ ਵਧਦੀ-ਵਧਦੀ ਦੋਸਤੀ ਵਿਚ ਬਦਲ ਗਈ ਸੀ। ਭਾਵੇਂ ਇਹ ਗੂੜ੍ਹੀ ਤੇ ਪੱਕੀ ਦੋਸਤੀ ਨਹੀਂ ਸੀ। ਉਹਦੀ ਇੱਕੋ ਗ਼ਜ਼ਲ ਦੇ ਸ਼ਿਅਰ ਨੇ ਵੀ ਮੇਰੇ ਨਾਲ ਉਹਦੀ ਪਕੀ ਪੀਡੀ ਸਾਂਝ ਬਣਾ ਦਿੱਤੀ ਸੀ।

ਮੇਰੇ ਮਨ 'ਤੇ ਇੱਕ ਵੀ ਚਿੱਟਾ ਵਾਲ ਨਹੀਂ ਹੈ,
ਤਨ ਦੀ ਉਮਰਾ, ਮਨ ਦੀ ਉਮਰਾ ਨਾਲ ਨਹੀਂ ਹੈ।

ਇਸ ਸ਼ਿਅਰ ਨੂੰ ਮੈਂ ਉਸ ਦੀ ਸਮੁੱਚੀ ਗ਼ਜ਼ਲਗੋਈ ਦਾ ਹਾਸਲ ਮੰਨਦਾ ਹਾਂ। ਉਸ ਦੇ ਗੀਤ ਤਾਂ ਇਕ ਤੋਂ ਵੱਧ ਲੋਕਾਂ ਦੇ ਯਾਦ ਹੋਣਗੇ ਪਰ ਗ਼ਜ਼ਲਾਂ ਨਹੀਂ। ਕਾਰਨ ਇਹ ਹੈ ਕਿ ਉਹ ਆਪਣੇ ਮੁਢਲੇ ਦੌਰ ਦੇ ਚੋਟੀ ਦੇ ਪੰਜਾਬੀ ਕਵੀਆਂ ਵਿਚੋਂ ਸੀ। ਕਵੀਆਂ ਵਿਚੋਂ ਵੀ ਮੈਂ ਉਸ ਨੂੰ ਇਕ ਯਾਦ ਰੱਖਣ ਯੋਗ ਗੀਤਕਾਰ ਮੰਨਦਾ ਹਾਂ। ਪਰ ਗ਼ਜ਼ਲ ਜਿਹੜੀ ਉਸ ਨੇ ਆਪਣੀ ਹਯਾਤੀ ਦੇ ਪਿਛਲੇ ਦੌਰ ਵਿਚ ਰਚਣੀ ਸ਼ੁਰੂ ਕੀਤੀ, ਉਸ ਵਿਚ ਗੀਤਾਂ ਵਰਗੀ ਪੁਖ਼ਤਗੀ ਨਹੀਂ ਹੈ। ਉਸ ਦੇ ਗੀਤਾਂ ਤੇ ਗ਼ਜ਼ਲਾਂ ਬਾਰੇ ਤਾਂ ਫੇਰ ਗੱਲ ਕਰਾਂਗੇ, ਪਹਿਲਾਂ ਉਸ ਦੇ ਜੀਵਨ ਦੇ ਮੁਢਲੇ ਦੌਰ 'ਤੇ ਸਰਸਰੀ ਝਾਤ ਮਾਰਦੇ ਹਾਂ।

*—ਡਾ. ਐਸ. ਤਰਸੇਮ*

ਸੁਰਜੀਤ ਰਾਮਪੁਰੀ ਦਾ ਜਨਮ ਰਾਮਪੁਰ, ਜ਼ਿਲ੍ਹਾ ਲੁਧਿਆਣਾ ਵਿਚ 12 ਜੂਨ 1926 ਨੂੰ ਸ੍ਰੀਮਤੀ ਨਿਰੰਜਣ ਕੌਰ ਦੀ ਕੁੱਖੋਂ ਹੋਇਆ। ਇਹਨਾਂ ਦਾ ਟੱਬਰ ਇਹਨਾਂ ਦੇ ਜਨਮ ਤੋਂ ਪੰਜ ਛੇ ਪੀੜ੍ਹੀਆਂ ਤੋਂ ਵੀ ਪਹਿਲਾਂ ਹੀ ਸੰਤਾਂ ਦਾ ਪਰਿਵਾਰ ਕਹਾਉਣ ਲੱਗ ਪਿਆ ਸੀ ਤੇ ਇਸ ਪਰਿਵਾਰ ਦਾ ਵਡੇਰਾ ਸ. ਹਾਕਮ ਸਿੰਘ, ਉਹਨਾਂ ਦਾ ਪੁੱਤਰ ਸੀ ਸ. ਬੀਰ ਸਿੰਘ ਤੇ ਬੀਰ ਸਿੰਘ ਦਾ ਪੁੱਤਰ ਸੀ ਸ. ਸੁੰਦਰ ਸਿੰਘ ਦਾ ਪੁੱਤਰ ਸੀ ਸ. ਬਚਨ ਸਿੰਘ ਦਾ ਹੀ ਨੂਰੇ-ਚਸ਼ਮ ਸੀ ਸੁਰਜੀਤ ਸਿੰਘ। ਇਸ ਤਰ੍ਹਾਂ ਸੁੰਦਰ ਸਿੰਘ ਸੁਰਜੀਤ ਸਿੰਘ ਦਾ ਦਾਦਾ, ਸ.ਬੀਰ ਸਿੰਘ ਪੜਦਾਦਾ ਅਤੇ ਸ.ਹਾਕਮ ਸਿੰਘ ਉਸ ਦਾ ਨਕੜਦਾਦਾ ਹੋਇਆ। ਰਾਮਪੁਰ ਵਿਚ ਮਾਂਗਟ ਗੋਤ ਦੇ ਉਂਜ ਤਾਂ ਕਈ ਘਰ ਹਨ ਪਰ ਜੋ ਮਾਣ ਸੁਰਜੀਤ ਸਿੰਘ ਮਾਂਗਟ ਦੇ ਹਿੱਸੇ ਆਇਆ, ਉਹ ਕਿਸੇ ਮਾਂਗਟ ਜੱਟ ਤਾਂ ਕੀ, ਸਮੁੱਚੇ ਕਿਸੇ ਰਾਮਪੁਰੀ ਨੂੰ ਵੀ ਨਸੀਬ ਨਹੀਂ ਹੋਇਆ।

ਲਿਖਣ ਦਾ ਸ਼ੌਕ ਉਸ ਨੂੰ ਕਿਸ਼ੋਰ ਅਵਸਥਾ ਵਿਚ ਹੀ ਪੈ ਗਿਆ ਸੀ। ਪਹਿਲਾਂ ਉਹ ਆਪਣੇ ਜੱਦੀ ਪੁਸ਼ਤੀ ਨਾਂ ਸੁਰਜੀਤ ਸਿੰਘ ਮਾਂਗਟ ਵਜੋਂ ਜਾਣਿਆ ਗਿਆ। ਸ਼ਾਇਰਾਨਾ ਤਬੀਅਤ ਦੇ ਸੁਰਜੀਤ ਨੂੰ ਜਾਤ-ਗੋਤ ਦਾ ਮੋਹ ਬਹੁਤ ਸਮਾਂ ਆਪਣੇ ਵੱਲ ਖਿੱਚ ਨਾ ਸਕਿਆ। ਫਿਰ ਉਹ ਸੁਰਜੀਤ ਸਿੰਘ ਸੁਰਜੀਤ ਅਤੇ ਉਸ ਤੋਂ ਕੁਝ ਸਮਾਂ ਪਿੱਛੋਂ ਹੀ ਸੁਰਜੀਤ ਸਿੰਘ ਭੰਵਰਾ ਬਣ ਗਿਆ। ਪਰ ਉਸ ਨੂੰ ਸੁਰਜੀਤ ਸਿੰਘ ਭੰਵਰਾ ਦੇ ਤਖ਼ੱਲੁਸ ਵੀ ਜਚੇ ਨਹੀਂ ਹੋਣਗੇ। ਸ਼ਾਇਦ ਉਸ ਨੂੰ ਆਪਣੇ ਪਿੰਡ ਦੇ ਲਗਾਉ ਨੇ ਹੀ ਏਨਾ ਮੋਹ ਲਿਆ ਹੋਵੇ ਕਿ 1945 ਵਿਚ ਉਸ ਨੇ ਆਪਣੇ ਆਪ ਨੂੰ ਸੁਰਜੀਤ


NamdhariElibrary NamdhariElibrary@gmail.com

ਰਾਮਪੁਰੀ ਵਜੋਂ ਅਜਿਹਾ ਨਾਮਿਆ ਕਿ ਆਪਣੇ ਆਖਰੀ ਸਾਹਾਂ ਤਕ ਉਹ ਸੁਰਜੀਤ ਰਾਮਪੁਰੀ ਵਜੋਂ ਏਨਾ ਪ੍ਰਸਿੱਧ ਹੋਇਆ ਕਿ ਨਾ ਸਿਰਫ਼ ਪੰਜਾਬ, ਸਗੋਂ ਸਾਰੇ ਭਾਰਤ ਭਰ ਵਿਚ ਉਸ ਦੀ ਐਸੀ ਗੁੱਡੀ ਚੜ੍ਹੀ ਕਿ ਇਕ ਕਵੀ ਵਜੋਂ ਉਹ ਪੰਜਾਬੀ ਦੇ ਸਿਰਮੌਰ ਕਲਮਕਾਰਾਂ ਵਿਚ ਗਿਣਿਆ ਜਾਣ ਲੱਗ ਪਿਆ। ਇਸ ਦਾ ਸਪਸ਼ਟ ਪ੍ਰਮਾਣ ਇਹ ਹੈ ਕਿ ਦੂਰਦਰਸ਼ਨ ਵੱਲੋਂ ਸੁਰਜੀਤ ਰਾਮਪੁਰੀ ਦੇ ਜੀਵਨ ਤੇ ਰਚਨਾ ਬਾਰੇ ਜਿਹੜੀ ਫਿਲਮ ਬਣੀ ਉਹ ਨੈਸ਼ਨਲ ਨੈਟਵਰਕ 'ਤੇ ਆਉਣ ਕਾਰਨ ਉਸ਼ ਦੀ ਪ੍ਰਸਿੱਧੀ ਭਾਰਤ ਤਾਂ ਕੀ ਕੌਮਾਂਤਰੀ ਹੱਦਾਂ ਨੂੰ ਛੋਹ ਗਈ। ਪੰਜਾਬ ਦੀ ਕੋਇਲ ਸੁਰਿੰਦਰ ਕੌਰ ਦੀ ਬੇਟੀ ਡੌਲੀ ਗੁਲੇਰੀਆ ਅਤੇ ਕੌਮੀ ਪ੍ਰਸਿੱਧੀ ਦੇ ਗਾਇਕ ਜਗਜੀਤ ਜ਼ੀਰਵੀ ਨੇ ਸੁਰਜੀਤ ਰਾਮਪੁਰੀ ਦੇ ਚੋਣਵੇਂ ਗੀਤਾਂ ਨੂੰ ਗਾ ਕੇ ਜਿਹੜੀ ਕੈਸਿਟ ਤਿਆਰ ਕੀਤੀ: ਉਹ ਵੀ ਅੱਜ ਕੌਮਾਂਤਰੀ ਪੰਜਾਬੀ ਗਾਇਕੀ ਦਾ ਅੰਗ ਬਣੀ ਹੋਈ ਹੈ।

ਸੁਰਜੀਤ ਰਾਮਪੁਰੀ ਦੀ ਕਵਿਤਾ ਦੇ ਪੂਰੇ ਸਫ਼ਰ ਦੀ ਗੱਲ ਤਾਂ ਪਿੱਛੋਂ ਕਰਾਂਗੇ, ਪਹਿਲਾਂ ਉਸ ਦੀ ਪੜ੍ਹਾਈ ਅਤੇ ਰੋਟੀ-ਰੋਜ਼ੀ ਲਈ ਕੀਤੇ ਕਾਰਜ ਦੀ ਕਹਾਣੀ ਪਾਠਕਾਂ ਨਾਲ ਸਾਂਝੀ ਕਰ ਲਈਏ। ਪ੍ਰਾਇਮਰੀ ਦੇ ਪਹਿਲੇ ਤਿੰਨ ਸਾਲ ਆਪਣੇ ਹ ਪਿੰਡ ਰਾਮਪੁਰ ਵਿਚ ਮੁਢਲੇ ਗਿਆਨ ਪਿੱਛੋਂ ਪਿਤਾ ਦੀ ਕਾਰੋਬਾਰੀ ਭੱਜ-ਦੌੜ ਕਾਰਨ ਅਗਲੇ ਸਾਲ ਬੰਗਾਲ ਦੇ ਮਹਾਨਗਰ ਕਲਕੱਤਾ ਵਿਚ ਗਿਆਨ ਹਾਸਲ ਕੀਤਾ ਪਰ ਮੈਟ੍ਰਿਕ ਆਖ਼ਰ ਆਪਣੇ ਹੀ ਇਲਾਕੇ ਦੇ ਸਰਕਾਰੀ ਹਾਈ ਸਕੂਲ ਜਸਪਾਲੋਂ ਤੋਂ ਪਾਸ ਕੀਤੀ। ਐਫ.ਐਸ.ਸੀ. ਮੈਡੀਕਲ ਤਾਂ ਕਰ ਲਈ ਪਰ ਉਸ ਨੂੰ ਡਾਕਟਰੀ ਵਿਚ ਉਂ ਹੀ ਰੁਚੀ ਨਹੀਂ ਸੀ, ਜਿਸ ਕਾਰਨ ਉਸ ਨੇ ਸਾਹਿਤ ਤੇ ਭਾਸ਼ਾਵਾਂ ਵੀ ਰੁਚੀ ਕਾਰਨ ਪਹਿਲਾ ਐਮ.ਏ. ਪੰਜਾਬੀ 1952 ਵਿਚ ਅਤੇ ਫੇਰ ਐਮ.ਏ. ਅੰਗਰੇਜ਼ੀ 1966 ਵਿਚ ਪੰਜਾਬ ਯੂਨੀਵਰਸਿਟੀ, ਚੰਡੀਗੜ੍ਹ ਤੋਂ ਪਾਸ ਕਰਨ ਉਪਰੰਤ 1973 ਵਿਚ ਹਿਮਾਚਲ ਪ੍ਰਦੇਸ਼ ਯੂਨੀਵਰਸਿਟੀ ਤੋਂ ਐਮ.ਐੱਡ. ਦੀ ਡਿਗਰੀ ਵੀ ਪ੍ਰਾਪਤ ਕਰ ਲਈ।

ਸਿੱਖਿਆ ਵਿਭਾਗ ਵਿਚ ਮਾਸਟਰ ਤੋਂ ਮੁੱਖ ਅਧਿਆਪਕ ਅਤੇ ਮੁੱਖ ਅਧਿਆਪ ਤੋਂ ਜ਼ਿਲ੍ਹਾ ਸਿੱਖਿਆ ਅਫ਼ਸਰ ਤਕ ਦੀ ਸੇਵਾ ਉਪਰੰਤ ਜੂਨ 1984 ਵਿਚ ਸੇਵਾ ਮੁਕਤੀ ਪਿੱਠੋਂ ਕਵਿਤਾ ਲਿਖਣ ਦਾ ਪ੍ਰਵਾਹ ਪਹਿਲਾਂ ਵਾਂਗ ਜਾਰੀ ਰਿਹਾ।

ਸੁਰਜੀਤ ਰਾਮਪੁਰੀ ਪੰਜਾਬੀ ਦਾ ਉਹ ਸਥਾਪਤ ਕਵੀ ਹੈ, ਜਿਸ ਦੀਆਂ ਕਾਵਿ ਰਚਨਾਵਾਂ ਅਤੇ ਕਿਤਾਬਾਂ ਦੀ ਗਿਣਤੀ ਉਸ ਦੀ ਉਮਰ ਨਾਲੋਂ ਵੀ ਵੱਧ ਹੈ। 1978 ਵਿਚ ਛਪੇ ਕਾਵਿ-ਸੰਗ੍ਰਹਿ 'ਬੁੱਢਾ ਦਰਿਆ' ਵਿਚ ਉਸ ਦਾ ਆਤਮ ਕਥਨ ਹੈ, "ਇਸ ਕਲਮ ਨੇ ਛੇ ਹਜ਼ਾਰ ਗੀਤ, ਗ਼ਜ਼ਲਾਂ ਤੇ ਕਵਿਤਾਵਾਂ ਲਿਖੀਆਂ ਹਨ।" ਭਾਵੇਂ ਇੰਨੀ ਵੱਡੀ ਗਿਣਤੀ ਵਿਚ ਗੀਤ, ਕਵਿਤਾਵਾਂ ਤੇ ਗ਼ਜ਼ਲਾਂ ਉਸ ਦੁਆਰਾ ਪ੍ਰਕਾਸ਼ਤ ਨਹੀਂ ਕਰਵਾਈਆਂ ਗਈਆਂ। ਇਹਨਾਂ ਪੁਸਤਕਾਂ ਅਰਥਾਤ ਗੀਤਾਂ ਭਰੀ ਸਵੇਰ (1956), ਠਰੀ ਚਾਨਣੀ (1959), ਇੱਛਾ ਦਾ ਜਨਮ (1968), ਸੁਪਨਿਆਂ ਨੇ ਪਰਛਾਵੇਂ (1973), ਦਰਦ ਕਹਾਣੀ ਰਾਤਾਂ ਦੀ (1977), ਬੁੱਢਾ ਦਰਿਆ (1978), ਮੈਂ ਸਿਰਫ਼ ਆਵਾਜ਼ ਹਾਂ (1980), ਗਾਉਂਦੀ ਹੈ ਤਨਹਾਈ (1981), ਪੀੜਾਂ ਦੀ ਖ਼ੁਸ਼ਬੋ (1984), ਪਿਛਲਾ ਪਹਿਰ (1987), ਆਦਿ ਵਿਚ ਤਾਂ ਨਹੀਂ ਲਭਦੀਆਂ ਪਰ ਸੰਭਵ ਹੈ ਕਿ ਕੁਝ ਰਚਨਾਵਾਂ ਉਸ ਨੇ ਛਪਵਾਉਣ ਤੋਂ ਗੁਰੇਜ਼ ਕੀਤਾ ਹੈ। ਉਂਜ ਕੰਮ ਉਸ ਨੇ ਬਾਲ ਸਾਹਿਤ ਦਾ ਵੀ ਕੀਤਾ, ਸੰਪਾਦਨ ਦਾ ਵੀ ਅਤੇ ਲੇਖਕਾਂ ਨੂੰ ਅਗਵਾਈ ਦਾ ਵੀ।

ਪਹਿਲਾਂ ਉਹ ਗੀਤ ਲਿਖਦਾ ਹੁੰਦਾ ਸੀ। ਨਾਲ ਹੀ ਕਵਿਤਾਵਾਂ ਲਿਖਣ ਲੱਗ ਪਿਆ। ਜਦੋਂ ਪੰਜਾਬੀ ਵਿਚ ਗ਼ਜ਼ਲ ਲਹਿਰ ਚੱਲੀ, ਉਸ ਨੇ ਵੀ ਗ਼ਜ਼ਲ ਰਚਨਾ ਵੱਲ ਮੂੰਹ ਕਰ ਲਿਆ। ਇਸ ਗ਼ਜ਼ਲ ਦੇ ਸ਼ੌਕ ਕਾਰਨ ਉਸ ਨੇ ਆਪਣੀਆਂ ਗ਼ਜ਼ਲਾਂ ਇਸਲਾਹ ਲਈ ਦੀਪਕ ਜੈਤੋਈ ਕੋਲ ਭੇਜਣੀਆਂ ਸ਼ੁਰੂ ਕਰ ਦਿੱਤੀਆਂ। ਦੀਪਕ ਹੁਰਾਂ ਨਾਲ ਮੇਰੀ ਗੂੜ੍ਹੀ ਦੋਸਤੀ ਗ਼ਜ਼ਲਗੋਈ ਕਾਰਨ ਸੀ। ਇਸ ਲਈ ਉਸ ਨੇ ਰਾਮਪੁਰੀ ਨੂੰ ਸਲਾਹ ਦਿੱਤੀ ਕਿ ਉਹ ਇਸ ਕੰਮ ਲਈ ਐੱਸ. ਤਰਸੇਮ ਦਾ ਮਸ਼ਵਰਾ ਲਿਆ ਕਰਨ ਪਰ ਮੈਨੂੰ ਦੋ ਗੱਲਾਂ ਕਾਰਨ ਇਸ ਉਸਤਾਦੀ-ਸ਼ਾਗਿਰਦੀ ਦੇ ਰਿਸ਼ਤੇ ਵਿਚ ਬੱਝਣ ਦੀ ਝਿਜਕ ਸੀ। ਇਕ ਤਾਂ ਇਹ ਕਿ ਸ਼ਾਇਰੀ ਵਿਚ ਉਹ ਮੈਥੋਂ ਬਹੁਤ ਸੀਨੀਅਰ ਸੀ। ਦੂਜੇ ਇਹ ਕਿ ਉਹ ਜ਼ਿਲ੍ਹਾ ਸਿੱਖਿਆ ਅਫ਼ਸਰ ਦੀ ਕੁਰਸੀ ਉਤੇ ਬੈਠਾ ਹੋਣ ਕਾਰਨ ਮੈਨੂੰ ਇਕ ਸਕੂ ਮਾਸਟਰ ਵਜੋਂ ਉਸ ਦੀਆਂ ਗ਼ਜ਼ਲਾਂ ਦੀ ਇਸਲਾਹ ਕਰਨ ਦੀ ਝਿਜਕ ਸੀ। ਭਾਵੇਂ ਸੁਰਜੀਤ ਰਾਮਪੁਰੀ ਹੁਰਾਂ ਮੈਨੂੰ ਖ਼ੁਦ ਮਿਲ ਕੇ ਵੀ ਇਹ ਕਿਹਾ ਤੇ ਫੋਨ ਕਰਕੇ ਵੀ ਕਿ ਇਸ ਕੰਮ ਵਿਚ ਅਫ਼ਸਰੀ-ਮਤਾਹਤੀ ਦਾ ਕੋਈ ਖ਼ਿਆਲ ਨਾ ਕਰਾਂ। ਉਸ ਨੇ ਤਾਂ ਇਥੋਂ ਤਕ ਕਿਹਾ ਸੀ ਕਿ ਮੈਂ ਛੁੱਟੀ ਵਾਲੇ ਦਿਨ ਸ਼ਾਮ ਨੂੰ ਰਾਮਪੁਰ ਆ ਜਾਇਆ ਕਰਾਂ। ਰਾਮਪੁਰ ਨਹਿਰ ਕਿਨਾਰੇ ਬੈਠਿਆ ਕਰਾਂਗੇ ਤੇ ਮਹਿਫ਼ਲ ਸਜਿਆ ਕਰੇਗੀ। ਉਸ ਦੀ ਫ਼ਰਾਖਦਿਲੀ ਦੇ ਮਹਿਮਾਨ ਨਵਾਜ਼ੀ ਦੀ ਮੈਥੋਂ ਦੋ ਗੱਲਾਂ ਕਾਰਨ ਕਦਰ ਨਾ ਹੋ ਸਕੀ। ਇਕ ਤਾਂ ਇਹ ਕਿ ਮੇਰੇ ਅੱਖਾਂ ਦੇ ਦੀਵੇ ਪੂਰੀ ਤਰ੍ਹਾਂ ਬੁਝ ਚੁੱਕੇ ਸਨ। ਇਸ ਤੋਂ ਵੀ ਵੱਡੀ ਗੱਲ ਇਹ ਸੀ ਕਿ ਮੈਂ ਸ਼ਰਾਬ ਨਹੀਂ ਸੀ ਪੀਂਦਾ। ਸੱਚ ਤਾਂ ਇਹ ਹੈ ਕਿ ਮੈ ਉਹਨਾਂ ਦਿਨਾਂ ਵਿਚ ਅਜਿਹੇ ਕਿਸੇ ਮਾਹੌਲ ਵਿਚ ਰਾਤ ਕਿਤੇ


NamdhariElibrary NamdhariElibrary@gmail.com

ਕੱਟੀ ਹੀ ਨਹੀਂ ਸੀ। ਹਾਂ, ਜਦੋਂ ਵੀ ਸੁਰਜੀਤ ਰਾਮਪੁਰੀ ਮੈਨੂੰ ਮਿਲਦਾ, ਮੈਂ ਗ਼ਜ਼ਲ ਕਹਿਣ ਦੇ ਨੁਕਤੇ ਉਸ ਨਾਲ ਸਾਂਝੇ ਕਰਦਾ। ਉਹ ਆਪਣੀਆਂ ਕੁਝ ਗ਼ਜ਼ਲਾਂ ਮੇਰੇ ਬਿਨਾਂ ਚਾਹੇ ਵੀ ਸੁਣਾ ਜਾਂਦਾ। ਪਰ ਮੈਂ ਸਲਾਹ ਦੇ ਮਾਮਲੇ ਵਿਚ ਸਦਾ ਉਸ ਪ੍ਰਤੀ ਸਤਿਕਾਰ ਦਾ ਪੱਲਾ ਨਹੀਂ ਸੀ ਛੱਡਿਆ। ਉਹ ਵੱਕਰ ਲੋਕ ਚਾਹੁੰਦਾ ਸੀ ਕਿ ਮੈਂ ਗ਼ਜ਼ਲ ਰਚਨਾ ਦੀਆਂ ਬਾਰੀਕੀਆਂ ਉਹਨਾਂ ਸ਼ਿਅਰਾਂ 'ਤੇ ਲਾਗੂ ਕਰਕੇ ਉਹਨਾਂ ਨੂੰ ਸਜਾਵਾਂ-ਸੰਵਾਰਾਂ ਪਰ ਮੇਰੀ ਝਿਜਕ ਨੇ ਕਦੇ ਵੀ ਮੈਨੂੰ ਅਜਿਹੀ ਆਗਿਆ ਨਹੀਂ ਸੀ ਦਿੱਤੀ। ਇਹ ਉਸ ਦੀ ਅਜ਼ਮਤ ਸੀ ਕਿ ਮੇਰੇ ਵਰਗੇ ਸਰੀਰਕ ਅਤੇ ਰੁਤਬੇ ਪੱਖੋਂ ਊਣੇ ਆਦਮੀ ਨੂੰ ਵੀ ਏਨਾ ਮਾਣ ਦਿੰਦਾ ਸੀ। ਜਿਸ ਮਹਿਫ਼ਲ ਵਿਚ ਵੀ ਮੈਂ ਹਾਜ਼ਰ ਹੁੰਦਾ, ਉਥੇ ਵੀ ਉਹ ਮੈਨੂੰ ਹੀ ਮੁਖ਼ਾਤਬ ਹੋ ਕੇ ਸ਼ਿਅਰ ਪੜ੍ਹਦਾ। ਇਸ ਤਰ੍ਹਾਂ ਦੀ ਨਿਮਰਤਾ ਤੇ ਸਤਿਕਾਰ ਲਈ ਅੱਜ ਵੀ ਮੈਂ ਉਸ ਪ੍ਰਤੀ ਬੜਾ ਸਤਿਕਾਰ ਰਖਦਾ ਹਾਂ। ਜੱਟ ਤਾਂ ਸੁਹਾਗੇ 'ਤੇ ਬੈਠਾ ਹੀ ਮਾਨ ਨਹੀਂ ਹੁੰਦਾ ਤੇ ਸੁਰਜੀਤ ਰਾਮਪੁਰੀ ਜ਼ਿਲ੍ਹੇ ਦੀ ਅਫ਼ਸਰੀ ਵਾਲੀ ਉਸ ਕੁਰਸੀ 'ਤੇ ਬੈਠਾ ਸੀ, ਜਿਸ ਦੀ ਉਹਨਾਂ ਦਿਨਾਂ ਵਿਚ ਬੜੀ ਕਦਰ ਹੁੰਦੀ ਸੀ। ਪਰ ਉਸ ਨੇ ਮੇਰੇ ਪ੍ਰਤੀ ਇਸ ਤਰ੍ਹਾਂ ਦਾ ਕਦੇ ਵੀ ਕੋਈ ਸੰਕੇਤ ਨਹੀਂ ਸੀ ਦਿੱਤਾ ਕਿ ਉਹ ਇਕ ਅਫ਼ਸਰ ਹੈ।

ਜਦੋਂ ਉਹ ਅਜੇ ਜ਼ਿਲ੍ਹਾ ਸਿਖਿਆ ਅਫ਼ਸਰ ਵੀ ਨਹੀਂ ਸੀ ਬਣਿਆ, ਉਦੋਂ ਵੀ ਉਹ ਤਪਾ ਮੰਡੀ ਅਕਸਰ ਆਉਂਦਾ। ਉਥੇ ਉਸ ਦੇ ਨੇੜਲੇ ਸਬੰਧਾਂ ਵਿਚੋਂ ਲੁਧਿਆਣੇ ਦੇ ਕਿਸੇ ਪਿੰਡ ਦੀਆਂ ਦੋ ਸਕੀਆਂ ਭੈਣਾਂ ਰਹਿੰਦੀਆਂ ਸਨ ਤੇ ਦੋਵੇਂ ਸਕੇ ਭਰਾਵਾਂ ਨੂੰ ਵਿਆਹੀਆਂ ਹੋਈਆਂ ਸਨ। ਦੋਵੇਂ ਅਧਿਆਪਕਾਵਾਂ ਸਨ। ਉਹ ਉਹਨਾਂ ਦੇ ਘਰ ਜਾਣ ਤੋਂ ਪਹਿਲਾਂ ਮੇਰੇ ਕੋਲ ਵੀ ਆਉਂਦਾ। ਇਸ ਬਹਾਨੇ ਸ਼ਿਅਰੋ-ਸ਼ਾਇਰੀ ਦਾ ਦੌਰ ਵੀ ਹੋ ਜਾਂਦਾ ਅਤੇ ਕਿਸੇ ਨੂੰ ਉਸ਼ ਵੱਲ ਉਂਗਲ ਉਠਾਉਣ ਦੀ ਜੁਰੱਅਤ ਵੀ ਨਹੀਂ ਸੀ ਪੈਂਦੀ, ਕਿਉਂਕਿ ਉਹ ਕੁੜੀਆਂ ਵੀ ਖੱਬੀ ਲਹਿਰ ਨਾਲ ਜੁੜੀਆਂ ਹੋਈਆਂ ਸਨ ਅਤੇ ਵੱਡੀ ਕੁੜੀ ਤਾਂ ਪੰਜਾਬ ਇਸਤਰੀ ਸਭਾ ਦੀ ਸਰਗਰਮ ਆਗੂ ਵੀ ਸੀ। ਮੇਰੀ ਪਤਨੀ ਵੀ ਇਸਤਰੀ ਸਭਾ ਵਿਚ ਕੰਮ ਕਰਦੀ ਸੀ, ਜਿਸ ਕਾਰਨ ਰਾਮਪੁਰੀ ਨਾਲ ਉਹਨਾਂ ਕੁੜੀਆਂ ਤੇ ਮਰੇ ਪਰਿਵਾਰ ਦੇ ਸਬੰਧ ਬਹੁਤੇ ਰੜਕਦੇ ਨਹੀਂ ਸਨ। ਉਂਜ ਲੋਕਾਂ ਨੂੰ ਵੰਘਾਂ ਤੋਂ ਡਾਰਾਂ ਬਣਾਉਣ ਦੀ ਆਦਤ ਏ, ਪਰ ਨਾ ਅਸੀਂ ਅਤੇ ਨਾ ਉਹਨਾਂ ਕੁੜੀਆਂ ਨੇ ਇਸ ਗੱਲ ਦੀ ਕੋਈ ਪ੍ਰਵਾਹ ਕੀਤੀ ਸੀ। ਸੁਰਜੀਤ ਰਾਮਪੁਰੀ ਤਾਂ ਸੀ ਹੀ ਸ਼ੋਖ ਤਬੀਅਤ ਦਾ ਮਾਲਕ ਸ਼ਾਇਰ ਤੇ ਆਪਣਾ ਵਡੱਪਣ ਅਤੇ ਅਫ਼ਸਰੀ ਉਹ ਸਾਡੇ ਮੇਲ-ਜੋਲ ਤੋਂ ਬਹੁਤ ਦੂਰ ਹੀ ਰਖਦਾ ਸੀ।

ਸੁਰਜੀਤ ਰਾਮਪੁਰੀ ਦੀ ਸਭ ਤੋਂ ਵੱਡੀ ਗੱਲ ਇਹ ਹੈ ਕਿ ਉਹ ਸਟੇਜ 'ਤੇ ਕਵਿਤਾ ਤੇ ਗੀਤ ਜਦੋਂ ਗਾਉਂਦਾ, ਸਮਝੋ ਰੰਗ ਬੰਨ੍ਹ ਦਿੰਦਾ। ਸ਼ਿਵ ਕੁਮਾਰ ਦੀ ਮੌਤ ਤੋਂ ਪਿੱਛੋਂ ਉਹ ਕਵੀ ਦਰਬਾਰਾਂ ਵਿਚ ਗਾ ਕੇ ਕਵੀ ਦਰਬਾਰ ਨੂੰ ਸਮਝੋ ਲੁੱਟ ਹੀ ਲੈਂਦਾ। ਉਦੋਂ ਅਜੇ ਸੁਰਜੀਤ ਪਾਤਰ ਦੀ ਗਾਇਕੀ ਦੀ ਗੁੱਡੀ ਨਹੀਂ ਸੀ ਚੜ੍ਹੀ। ਸੁਰਜੀਤ ਰਾਮਪੁਰੀ ਦੀ ਸ਼ਖ਼ਸੀਅਤ ਵੀ ਮਨ ਨੂੰ ਮੋਹ ਲੈਣ ਵਾਲੀ ਸੀ। ਸ਼ਾਇਰੀ ਵੀ ਤੇ ਗਾਇਕੀ ਵੀ ਇਸ ਲਈ ਭਾਵੇਂ ਉਹ ਕਿਸੇ ਕਵੀ ਦਰਬਾਰ ਵਿਚ ਤਰੰਨੁਮ ਨਾਲ ਰੰਗ ਬੰਨ੍ਹਦਾ ਜਾਂ ਕਿਸੇ ਨਿੱਜੀ ਕਿਸਮ ਦੀ ਮਹਿਫ਼ਲ ਵਿਚ, ਉਹਦਾ ਕੱਦ-ਕਾਠ, ਉਹਦਾ ਰੰਗ ਰੂਪ, ਉਹਦੀ ਸ਼ਬਾਬੀ ਰੰਗ ਵਿਚ ਗੜੁੱਚ ਤਰੱਕੀ ਪਸੰਦ ਸ਼ਾਇਰੀ ਦਾ ਜਾਦੂ ਸਿਰ ਚੜ੍ਹ ਬੋਲਦਾ। ਸਟੇਜ 'ਤੇ ਗੀਤ ਗਾਉਣ ਸਮੇਂ ਉਹ ਆਪਣੇ ਰੁਤਬੇ ਤੇ ਕੁਰਸੀ ਨੂੰ ਜਿਵੇਂ ਦਫ਼ਤਰ ਵਿਚ ਹੀ ਰੱਖ ਆਇਆ ਹੋਵੇ। ਇਥੇ ਮੈਂ ਉਸ ਦੀ ਗੀਤਾਂ ਦੇ ਕੁਝ ਉਹ ਮੁਖੜੇ ਜਾਂ ਬੰਦ ਦੇ ਰਿਹਾ ਹਾਂ, ਜਿਨ੍ਹਾਂ ਨਾਲ ਉਹ ਸਦਾ-ਸਦਾ ਪੰਜਾਬੀ ਸਟੇਜੀ ਸ਼ਾਇਰੀ ਦਾ ਮਾਣ ਗਿਣਿਆ ਜਾਇਆ ਕਰੇਗਾ।

ਮੈਂ ਦਰਦ ਕਹਾਣੀ ਰਾਤਾਂ ਦੀ, ਇਹਨੂੰ ਕੋਈ ਸਵੇਰਾ ਕੀ ਜਾਣੇ।

ਜੋ ਰਾਤ ਪਈ ਸੌਂ ਜਾਂਦਾ ਹੈ, ਉਹ ਪੰਧ ਲੰਮੇਰਾ ਕੀ ਜਾਣੇ।<br>
ਮੈਂ ਹਿਜਰ ਦੀ ਧੁੱਪ ਦੀ ਅਗਨੀ ਹਾਂ,<br>
ਇਹਨੂੰ ਕੋਈ ਵਿਯੋਗੀ ਹੀ ਸਮਝੇ।<br>
ਸੱਧਰਾਂ ਦੀ ਰਾਖ ਦੀ ਢੇਰੀ ਹਾਂ,<br>
ਇਹਨੂੰ ਪਿਆਰ ਦਾ ਜੋਗੀ ਹੀ ਸਮਝੇ।<br>
ਮੇਰੀ ਮੰਜ਼ਿਲ ਹੀਰ ਸਿਆਲਾਂ ਦੀ,<br>
ਗੋਰਖ ਦਾ ਡੇਰੀ ਕੀ ਜਾਣੇ।<br>
ਬੁੱਲ੍ਹ ਜਿਉਂਦੇ ਨੇ ਚੁੰਮਣ ਜਿਵੇਂ ਮਰ ਗਏ,<br>
ਜਿਉਂਦੀ ਆਵਾਜ਼ ਹੈ ਗੀਤ ਕਿਧਰ ਗਏ।<br>
ਇੱਕ ਸੁਰ ਦੇ ਬਿਨਾਂ ਬੇਸੁਰਾ ਸਾਜ਼ ਹੈ,<br>
ਪਹਿਲੇ ਵਾਂਗਰ ਕਦੀ ਵੀ ਫਰਕਦਾ ਨਹੀਂ।<br>
ਇਹ ਗਰਾਂ ਦੋਸਤਾ ਸਾਨੂੰ ਤੇਰੇ ਬਿਨਾਂ,<br>
ਮੂਲ ਫਬਦਾ ਨਹੀਂ, ਸੋਹਣਾ ਲੱਗਦਾ ਨਹੀਂ।<br>
ਇਹ ਠਰੀ ਚਾਨਣੀ ਤਿਲ੍ਹਕਦੀ ਰੌਸ਼ਨੀ,<br>
ਤੇਰੀ ਹਾਰੀ ਵਫ਼ਾ ਦੀ ਨਿਸ਼ਾਨੀ ਤਾਂ ਹੈ।

ਜਦੋਂ ਸੁਰਜੀਤ ਰਾਮਪੁਰੀ ਨੇ ਕਵਿਤਾ ਲਿਖਣੀ ਸ਼ੁਰੂ ਕੀਤੀ, ਉਦੋਂ ਤਰੱਕੀ ਪਸੰਦ ਤਹਿਰੀਕ ਸਿਖਰ 'ਤੇ ਸੀ। ਦਰਅਸਲ ਇਸ


NamdhariElibrary NamdhariElibrary@gmail.com

ਤਹਿਰੀਕ ਦੇ ਆਗਾਜ਼ ਨਾਲ ਹੀ ਇਸਦਾ ਸਿਖਰ ਸ਼ੁਰੂ ਹੋ ਗਿਆ ਸੀ। ਪੰਜਾਬੀ ਕਵਿਤਾ ਵਿਚ ਬਾਬਾ ਬਲਵੰਤ ਅਤੇ ਮੋਹਨ ਸਿੰਘ ਤਰੱਕੀ ਪੰਸਦ ਸ਼ਾਇਰੀ ਆਪਣੀ ਸਿਖਰ ਹੰਢਾ ਚੁੱਕੀ ਸੀ। ਬਾਵਾ ਬਲਵੰਤ ਪੰਜਾਬੀ ਦੀ ਆਗਾਂਹਵਧੂ ਕਵਿਤਾ ਦਾ ਹੀ ਨਹੀਂ, ਸਮੁੱਚੀ ਭਾਰਤੀ ਪ੍ਰਗਤੀਵਾਦੀ ਕਵਿਤਾ ਦਾ ਸ਼ਾਹ-ਸਵਾਰ ਮੰਨਿਆ ਜਾ ਚੁੱਕਿਆ ਸੀ। ਇਸ ਲਈ ਉਸ ਦੇ ਕੱਦ ਕਾਠ ਦੀ ਵਿਚਾਰਧਾਰਕ ਸ਼ਾਇਰੀ ਤਾਂ ਸੰਭਵ ਹੀ ਨਹੀਂ ਸੀ। ਹਾਂ, ਅੰਮ੍ਰਿਤਾ-ਮੋਹਨ ਸਿੰਘ ਦੇ ਰੰਗ ਨੂੰ ਹੋਰ ਗੂੜ੍ਹਾ ਕੀਤਾ ਜਾ ਸਕਦਾ ਸੀ। ਇਸ ਰੰਗ ਨੂੰ ਗੂੜ੍ਹਾ ਕਰਨ ਵਿਚ ਸੁਰਜੀਤ ਰਾਮਪੁਰੀ ਆਪਣੇ ਦੌਰ ਦੇ ਕਵੀਆਂ ਵਿਚੋਂ ਪਹਿਲ-ਪ੍ਰਥਮ ਮੰਨਿਆ ਜਾ ਸਕਦਾ ਹੈ। ਇਹ ਵੀ ਠੀਕ ਹੈ ਕਿ ਗਾਉਣ ਦੇ ਹੁਨਰ ਕਾਰਨ ਵੀ ਉਹ ਪਾਠਕਾਂ ਵਿਚ ਹੀ ਨਹੀਂ, ਸਰੋਤਿਆਂ ਵਿਚ ਵੀ ਚੰਗਾ ਨਾਉਂ ਬਣਾ ਗਿਆ ਸੀ। ਭਾਰਤ ਦੇ ਹਰ ਸਾਲ ਗਣਤੰਤਰ ਦਿਵਸ ਦੀ ਪੂਰਵ ਸੰਧਿਆ 'ਤੇ ਜਿਹੜੇ ਕਵੀਆਂ ਨੂੰ ਜਾਣ ਦਾ ਮੌਕਾ ਮਿਲਿਆ, ਉਹਨਾਂ ਵਿਚ ਵੀ ਸੁਰਜੀਤ ਰਾਮਪੁਰੀ ਇਕ ਤੋਂ ਵੱਧ ਵਾਰ ਆਪਣੀ ਹਾਜ਼ਰੀ ਨੂੰ ਆਪਣੇ ਗੀਤ ਦੇ ਵਸਤੂ ਵਿਧਾਨ ਅਤੇ ਆਪਣੀ ਆਵਾਜ਼ ਦੇ ਜਾਦੂ ਕਾਰਨ ਏਨਾ ਯਾਦਗਾਰੀ ਬਣਾ ਚੁੱਕਿਆ ਸੀ ਕਿ ਦੂਜੀਆਂ ਭਾਸ਼ਾਵਾਂ ਦੇ ਸਾਹਿਤਕਾਰ ਵੀ ਉਸ ਦਾ ਹੋਰਾਂ ਭਾਸ਼ਾਵਾਂ ਵਿਚ ਅਨੁਵਾਦ ਹੋ ਕੇ ਪੜ੍ਹਿਆ ਜਾਣਾ ਕਿਸੇ ਪੰਜਾਬੀ ਕਵੀ ਦੀ ਕੋਈ ਘੱਟ ਪ੍ਰਾਪਤੀ ਨਹੀਂ ਕਹੀ ਜਾ ਸਕਦੀ।

ਸੁਰਜੀਤ ਰਾਮਪੁਰੀ ਦਾ ਪਹਿਲਾ ਵੱਡਾ ਕਵੀ ਸੀ। ਜਸਵੰਤ ਸਿੰਘ ਕੰਵਲ, ਸੰਤੋਖ ਸਿੰਘ ਧੀਰ, ਆਜਾਇਬ ਚਿੱਤਰਕਾਰ ਤੇ ਸੁਰਜੀਤ ਰਾਮਪੁਰੀ 'ਅੰਜੁਮਨ-ਇ-ਤਰੱਕੀ' ਲੁਧਿਆਣੇ ਵਿਚ ਹੋਣ ਵਾਲੀਆਂ ਮੀਟਿੰਗਾਂ ਵਿਚ ਸ਼ਾਮਲ ਹੁੰਦੇ। ਹੋਰ ਅਦੀਬਾਂ ਦੀਆਂ ਰਚਨਾਵਾਂ ਤੇ ਤਰੱਕੀ ਪਸੰਦ ਅਦਬ ਬਾਰੇ ਵਿਚਾਰਾਂ ਹੁੰਦੀਆਂ। ਇਹਨਾਂ ਬੈਠਕਾਂ ਦੀ ਸ਼ਮੂਲੀਅਤ ਨੇ ਸੁਰਜੀਤ ਰਾਮਪੁਰੀ ਵਿਚ ਆਪਣੇ ਹੀ ਪਿੰਡ ਰਾਮਪੁਰ ਵਿਚ ਸਭਾ ਬਣਾਉਣ ਦੀ ਜਾਗ ਲਈ। ਇਲਾਕੇ ਦੇ ਹੋਰਾਂ ਲੇਖਕਾਂ ਅਤੇ ਸਥਾਨਕ ਸਾਥੀਆਂ ਨਾਲ ਸਲਾਹ ਮਸ਼ਵਰੇ ਪਿੱਛੋਂ 7 ਅਗਸਤ 1953 ਨੂੰ ਰਾਮਪੁਰ ਵਿਚ ਲੇਖਕਾਂ ਦੀ ਜਿਹੜੀ ਮੀਟਿੰਗ ਹੋਈ, ਸਮਝੋ ਉਸ ਨਾਲ ਪੰਜਾਬੀ ਲਿਖਾਰੀ ਸਭਾ ਰਾਮਪੁਰ ਦੀ ਨੀਂਹ ਰੱਖੀ ਗਈ। ਸੁਰਜੀਤ ਰਾਮਪੁਰੀ ਇਸ ਸਭਾ ਦਾ ਪਹਿਲਾ ਪ੍ਰਧਾਨ ਚੁਣਿਆ ਗਿਆ। 8 ਮਾਰਚ 1990 ਨੂੰ ਜਦੋਂ ਸੁਰਜੀਤ ਰਾਮਪੁਰੀ ਨੇ ਆਖਰੀ ਸਵਾਸ ਲਏ, ਉਸ ਸਮੇਂ ਵੀ ਉਹ ਇਸ ਸਭਾ ਦਾ ਪ੍ਰਧਾਨ ਸੀ। ਉਸ ਨੇ ਆਪ ਉੱਤਮ ਸ਼ਾਇਰੀ ਦੀ ਸਿਰਜਣਾ ਕੀਤੀ ਅਤੇ ਰਾਮਪੁਰ ਤੇ ਇਸ ਇਲਾਕੇ ਦੇ ਹੋਰ ਅਦਬੀ ਸ਼ੌਕ ਰੱਖਣ ਵਾਲਿਆਂ ਨੂੰ ਉਤਸ਼ਾਹਿਤ ਕਰਕੇ ਸਾਹਿਤ ਰਚਨਾ ਦੇ ਚਮਨ ਨੂੰ ਏਨਾ ਬਹੁਰੰਗਾ ਕਰ ਦਿੱਤਾ ਕਿ ਉਸ ਪਿੱਛੋਂ ਸ਼ਾਇਰਾਂ ਦੀ ਤਾਂ ਇਕ ਚੰਗੀ ਖਾਸੀ ਪੌਦ ਤਿਆਰ ਹੋਣੀ ਹੀ ਸੀ, ਹੋਰ ਸਿਨਫ਼ਾਂ ਵਿਚ ਮੁਹਾਰਤ ਰੱਖਣ ਦੇ ਚਾਹਵਾਨ ਲੇਖਕ ਵੀ ਪੈਦਾ ਹੋ ਗਏ। ਕੇਵਲ ਰਾਮਪੁਰੀਆਂ ਵਿਚੋਂ ਹੀ ਗੁਰਚਰਨ ਰਾਮਪੁਰੀ, ਸੁਖਮਿੰਦਰ ਰਾਮਪੁਰੀ, ਸੁਰਿੰਦਰ ਰਾਮਪੁਰੀ, ਮੱਲ ਸਿੰਘ ਰਾਮਪੁਰੀ, ਮਹਿੰਦਰ ਰਾਮਪੁਰੀ ਆਦਿ ਸ਼ਾਇਰ ਤੇ ਕਥਾਕਾਰ ਤਾਂ ਰਾਮਪੁਰ ਦੇ ਜੰਮਪਲ ਹਨ ਹੀ, ਜਿਨ੍ਹਾਂ ਨੂੰ ਪੰਜਾਬੀ ਲਿਖਾਰੀ ਸਭਾ ਰਾਮਪੁਰ ਦੀ ਸਰਪ੍ਰਸਤੀ ਹਾਸਲ ਰਹੀ ਹੈ। ਕੁਝ ਹੋਰ ਲੇਖਕ ਵੀ ਹਨ ਜੋ ਜਾਂ ਤਾਂ ਇਸ ਸਭਾ ਦੇ ਮੈਂਬਰ ਬਣ ਕੇ ਇਸ ਦੀਆਂ ਮਾਸਿਕ ਇਕੱਤਰਤਾਵਾਂ ਵਿਚ ਆਉਂਦੇ ਰਹੇ ਤੇ ਇਸ ਨੂੰ ਸਾਹਿਤਕ ਸਕੂਲ ਸਮਝ ਕੇ ਇਸ ਵਿਚ ਜਿਸ ਤਰ੍ਹਾਂ ਦਾ ਯੋਗਦਾਨ ਪਾਉਂਦੇ ਰਹੇ, ਉਹਨਾਂ ਵਿਚੋਂ ਕੁਝ ਦਾ ਯੋਗਦਾਨ ਸਰਪ੍ਰਸਤਾਂ ਤੇ ਆਗੂਆਂ ਵਾਲਾ ਵੀ ਹੈ ਅਤੇ ਕੁਝ ਦਾ ਸਿੱਖਿਆਰਥੀਆਂ ਵਾਲਾ ਵੀ। ਇਹਨਾਂ ਨਾਮੀ ਵਿਅਕਤੀਆਂ ਵਿਚ ਸੰਤੋਖ ਸਿੰਘ ਧੀਰ, ਅਜਾਇਬ ਚਿੱਤਰਕਾਰ ਆਦਿ ਦੇ ਨਾਂ ਵਰਣਨਯੋਗ ਹਨ।

ਭਾਵੇਂ ਸੁਰਜੀਤ ਰਾਮਪੁਰੀ ਅੱਜ ਇਸ ਸੰਸਾਰ ਵਿਚ ਨਹੀਂ ਹੈ ਪਰ ਉਸ ਦਾ ਸਾਹਿਤਕ ਯੋਗਦਾਨ ਇਕ ਸ਼ਾਇਰ ਵਜੋਂ ਵੀ, ਆਗੂ ਵਜੋਂ ਵੀ ਅਤੇ ਸਰਪ੍ਰਸਤ ਵਜੋਂ ਵੀ ਹਮੇਸ਼ਾ ਕਾਇਮ ਦਾਇਮ ਰਹੇਗਾ। ਸੁਰਿੰਦਰ ਰਾਮਪੁਰੀ ਨੇ 'ਚੰਦਨ ਦੇ ਰੁੱਖ' ਨਾਂ ਦੀ ਜਿਹੜੀ ਰੇਖਾ ਚਿੱਤਰਾਂ ਦੀ ਪੁਸਤਕ ਲਿਖੀ ਹੈ, ਉਹਨਾਂ ਵਿਚ ਸੁਰਜੀਤ ਰਾਮਪੁਰੀ, ਰਾਮਪੁਰ ਦਾ ਸਭ ਤੋਂ ਪਹਿਲਾ ਅਤੇ ਸਭ ਤੋਂ ਵੱਡਾ ਚੰਦਨ ਦਾ ਰੁੱਖ ਹੈ ਅਤੇ ਸੁਖਮਿੰਦਰ ਰਾਮਪੁਰੀ ਵੀ ਉਸ ਦੇ ਬਰਾਬਰ ਕੱਦ ਕਢਦਾ ਚੰਦਨ ਦਾ ਰੁੱਖ ਹੈ, ਜਿਸ ਦੇ ਗੀਤਾਂ ਦੀ ਮਹਿਕ ਸੁਰਜੀਤ ਰਾਮਪੁਰੀ ਦੇ ਗੀਤਾਂ ਨਾਲ ਮਿਲ ਕੇ ਰਾਮਪੁਰ ਨੂੰ ਇਕ ਗੌਲਣ ਯੋਗ ਚੰਦਨ ਦਾ ਮਹਿਕਦਾ ਬਾਗ਼ ਸਿੱਧ ਕਰਦੀ ਹੈ। ਸੁਰਿੰਦਰ ਰਾਮਪੁਰੀ ਦੀਆਂ ਕਹਾਣੀਆਂ ਕਾਰਨ ਇਸ ਚੰਦਨ ਦੇ ਉਪਵਣ ਵਿਚ ਜਿਹੜੀ ਵੰਨ-ਸੁਵੰਨਤਾ ਆਈ ਹੈ, ਉਹ ਵੀ ਸ਼ਾਇਦ ਸੁਰਜੀਤ ਰਾਮਪੁਰੀ ਦੀਆਂ ਅਸੀਸਾਂ ਦਾ ਸਿੱਟਾ ਹੀ ਹੋਵੇ।

ਦਿੱਲੀ ਲੌਬ, ਸਾਹਮਣੇ ਸਿਵਲ ਹਸਪਤਾਲ, ਰੇਲਵੇ ਰੋਡ,
ਮਾਲੇਰਕੋਟਲਾ-148023
ਫੋਨ: 95015-36644


NamdhariElibrary NamdhariElibrary@gmail.com



# ਦਰਦ ਭਰੀ ਦਾਸਤਾਂ

*—ਭੁਪਿੰਦਰ ਉਸਤਾਦ*

ਦੂਜੀ ਸੰਸਾਰ ਜੰਗ ਦੇ ਬੱਦਲ ਗੜ੍ਹਗੜਾ ਰਹੇ ਸਨ। ਮੁਲਕ ਵਿਚ ਅਫਰਾ-ਤਫ਼ਰੀ ਦਾ ਮਾਹੌਲ ਚਲ ਰਿਹਾ ਸੀ। ਭਾਰਤਵਾਸੀ ਅੰਗਰੇਜ਼ਾਂ ਦੀ ਗੁਲਾਮੀ ਵਿਚੋਂ ਨਿਕਲਣ ਦੇ ਉਪਰਾਲੇ ਕਰ ਰਹੇ ਸਨ। ਜਦੋਂ ਸਰਕਾਰੀ ਲਿਖਤਾਂ ਅਨੁਸਾਰ ਦਾਦਾ ਰਿਖੀ ਰਾਮ ਦੇ ਫ਼ੌਜ ਦੀ ਨੌਕਰੀ ਕਰਦੇ, ਦਰਜ਼ੀ ਪੁੱਤਰ ਤਰਲੋਕ ਸਿੰਘ ਅਤੇ ਮਾਤਾ ਨੰਦ ਕੌਰ ਦੇ ਘਰ ਡੰਗਰਾਂ ਵਾਲੀ ਕੋਠੜੀ ਅੰਦਰ ਬਚਿੰਤ ਦਾ ਜਨਮ 8 ਫਰਵਰੀ 1940 ਪਿੰਡ 'ਭੜੋ' ਸੰਗਰੂਰ ਵਿਚ ਹੋਇਆ।



*ਬਚਿੰਤ ਕੌਰ*

ਉਹ ਆਪਣੀ ਸਵੈ-ਜੀਵਨੀ ਵਿਚ ਲਿਖਦੇ ਹਨ ਕਿ ਜਦੋਂ ਦਾਈ ਨੇ ਦੱਸਿਆ ਕਿ ਹੋਰ ਕੁੜੀ ਆ ਗਈ ਹੈ ਤਾਂ ਘਰ ਵਿਚ ਦਾਦੀ ਨੇ ਪਿੱਟ-ਸਿਆਪਾ ਪਾ ਦਿੱਤਾ। ਇਹੋ ਨਹੀਂ ਦਾਦੀ ਨੇ ਤਾਂ ਉਸ ਕੋਠੇ ਦੇ ਬਾਰੀਆਂ ਦਰਵਾਜ਼ੇ ਵੀ ਬੰਦ ਕਰ ਦਿੱਤੇ, ਜਿਸ ਵਿਚ ਮੈਂ ਤੇ ਮੇਰੀ ਮਾਂ ਦਾ ਮੰਜਾ ਸੀ। ਨਾਲ ਲਗਦਾ ਦਾਦੀ ਨੇ ਮਾਂ ਦਾ ਰੋਟੀ ਪਾਣੀ ਵੀ ਬੰਦ ਕਰ ਦਿੱਤਾ। ਤਾਂਕਿ ਅਸੀਂ ਮਾਂ ਧੀ ਦੋਵੇਂ ਭੁੱਖੇ ਤੇ ਹਵਾ ਖੁਣੋ ਸਾਹ ਘੁੱਟ ਹੋਕੇ ਮਰ ਜਾਈਏ, ਅਤੇ ਮੌਤ ਦਾ ਦੋਸ਼ੀ ਕੋਈ ਨਾ ਮਿਲੇ। ਪਰ ਜਦੋਂ ਦਾਦੀ ਦੀ ਇਸ ਕਰਤੂਤ ਦਾ ਪਤਾ ਦਾਦੇ ਨੂੰ ਲੱਗਾ ਤਾਂ ਉਹ ਖੂੰਡਾ ਲੈਕੇ ਦਾਦੀ ਦੁਆਲੇ ਹੋ ਗਿਆ। ਬਚਿੰਤ ਇਸ ਪਰਿਵਾਰ ਵਿਚ ਤੀਜੀ ਕੁੜੀ ਜਨਮੀ ਸੀ। ਇਸ ਤੋਂ ਵੱਡੀ ਕੁੜੀ ਦਾ ਨਾਮ ਵੀ ਬਚਿੰਤ ਸੀ। ਉਹ ਬਾਲ ਉਮਰੇ ਹੀ ਮਰ ਗਈ ਸੀ, ਇਸ ਕਰਕੇ ਦਾਦੀ ਨੇ ਇਸਦਾ ਨਾਮ ਵੀ ਬਚਿੰਤ ਹੀ ਰੱਖ ਦਿੱਤਾ ਕਿ ਸ਼ਾਇਦ ਇਹ ਵੀ ਛੇਤੀ ਹੀ ਮਰਕੇ ਉਨ੍ਹਾਂ ਦਾ ਪਿੱਛਾ ਛੱਡ ਜਾਵੇ। ਦੇਖੋ ਕਿਸੇ ਇਨਸਾਨ ਦੀ ਸੋਚ ਕਿਹੋ ਜਿਹੀ ਹੁੰਦੀ ਹੈ। ਉਹ ਆਪਣੇ ਆਪ ਨੂੰ ਕੁਦਰਤ ਨਾਲੋਂ ਵੱਡਾ ਸਮਝਣ ਲਗ ਪੈਂਦਾ ਹੈ। ਪਰ ਕੁਦਰਤ ਨੇ ਉਸਦੇ ਮਨ ਦੀ ਇੱਛਾ ਪੂਰੀ ਨਹੀਂ ਕੀਤੀ। ਤਰਲੋਕ ਸਿੰਘ ਮਹਾਰਾਜਾ ਭੂਪਿੰਦਰ ਸਿੰਘ ਦੀ ਫ਼ੌਜ ਵਿਚ ਨੌਕਰ ਸੀ। ਉਦੋਂ ਦੂਜੀ ਆਲਮੀ ਜੰਗ ਸ਼ੁਰੂ ਹੋਣ ਕਰਕੇ ਉਨ੍ਹਾਂ ਦੀ ਪਲਟਨ ਪੰਜਾਬ ਤੋਂ ਬਾਹਰ ਸੀ। ਹੌਲੀ ਹੌਲੀ ਦਾਦੀ ਨੇ ਬਚਿੰਤ ਨੂੰ ਸਵੀਕਾਰ ਕਰ ਲਿਆ। ਕਿਉਂਕਿ ਬਚਿੰਤ ਤੋਂ ਪਿੱਛੋਂ ਦਾਦੀ ਨੂੰ ਪੋਤਾ ਵੀ ਮਿਲ ਗਿਆ ਸੀ। ਜਿਸ ਨਾਲ ਬਚਿੰਤ ਦੀ ਮਾਂ ਲਈ ਵੀ ਦਾਦੀ ਦੇ ਦਿਲ ਵਿਚ ਆਦਰ ਪੈਦਾ ਹੋ ਗਿਆ ਸੀ।

ਬਚਿੰਤ ਜਦੋਂ ਚਾਰ ਕੁ ਸਾਲਾਂ ਦੀ ਹੋਈ ਤਾਂ ਦਾਦੀ ਉਸਨੂੰ ਵਿਆਹਾਂ ਸ਼ਾਦੀਆਂ ਵਿਚ ਕੋਰ ਵਿਛਾਉਣ ਲਈ ਆਪਣੇ ਨਾਲ ਲੈ ਜਾਂਦੀ। ਉਸ ਜ਼ਮਾਨੇ ਵਿਚ ਵਿਆਹਾਂ ਸ਼ਾਦੀਆਂ, ਜਾਂ ਮਰਗ ਦੇ ਇਕੱਠਾਂ ਵਿਚ ਆਏ ਰਿਸ਼ਤੇਦਾਰਾਂ ਨੂੰ ਜ਼ਮੀਨ ਉੱਤੇ ਟਾਟ, ਜੋ ਸਣ ਦੇ ਸੇਬਿਆਂ ਨਾਲ ਦੋ ਕੁ ਫੁੱਟ ਚੌੜਾ ਤੇ ਕਈ ਗਜ਼ ਲੰਬਾ ਬੁਣਿਆਂ ਹੁੰਦਾ ਸੀ, ਜਾਂ ਖੱਦਰ ਦਾ ਨਵਾਂ ਕੱਪੜਾ ਜੋ ਖਾਸ ਇਸ ਕੰਮ ਲਈ ਬਣਾਇਆ ਹੁੰਦਾ ਸੀ। ਨਵੇਂ ਹੋਣ ਕਰਕੇ ਇਨ੍ਹਾਂ ਨੂੰ ਕੋਰੇ ਕਿਹਾ ਜਾਂਦਾ ਸੀ। ਇਨ੍ਹਾਂ ਨੂੰ ਜ਼ਮੀਨ ਉੱਤੇ ਵਿਛਾ ਦਿੱਤਾ ਜਾਂਦਾ ਸੀ, ਤੇ ਇਨ੍ਹਾਂ ਉੱਤੇ ਬਿਠਾਕੇ ਇਕੱਠ ਨੂੰ ਰੋਟੀ ਖਵਾਈ ਜਾਂਦੀ ਸੀ। ਸਕੂਲਾਂ ਵਿਚ ਸਣ ਦੇ ਟਾਟ ਨੂੰ ਤੱਪੜ ਵੀ ਕਿਹਾ ਜਾਂਦਾ ਸੀ। ਸਕੂਲ ਵਿਚ ਇਨ੍ਹਾਂ ਉੱਤੇ ਬੈਠਕੇ ਬੱਚੇ ਵਿੱਦਿਆ ਹਾਸਲ ਕਰਦੇ ਸਨ।

ਬਚਿੰਤ ਅਜੇ ਛੇ ਸੱਤ ਸਾਲ ਦੀ ਹੀ ਸੀ ਜਦੋਂ ਉਸਦੀ ਮੰਗਣੀ ਦਿੱਲੀ ਰਹਿੰਦੇ ਆਪਣੀ ਬਰਾਦਰੀ ਦੇ ਇਕ ਪਰਿਵਾਰ ਵਿਚ ਸਾਧੂ ਸਿੰਘ ਨਾਮ ਦੇ ਲੜਕੇ ਨਾਲ ਕਰ ਦਿੱਤੀ ਗਈ। ਉਹ 1947 ਦੇ ਫ਼ਸਾਦਾਂ ਦੇ ਦਿਨ ਸਨ। ਪਾਕਿਸਤਾਨ ਤੋਂ ਉੱਜੜ ਕੇ ਆਏ ਲੋਕਾਂ ਦੀ ਆਰਜ਼ੀ ਰਿਹਾਇਸ਼ ਲਈ ਸਾਰੇ ਸਕੂਲ-ਕਾਲਜ ਬੰਦ ਕਰਕੇ, ਉੱਥੇ ਸ਼ਰਨਾਰਥੀਆਂ ਦੇ ਰਹਿਣ ਦਾ ਪ੍ਰਬੰਧ ਕੀਤਾ ਗਿਆ। ਗੁਰਦੁਆਰੇ ਤੇ ਹੋਰ ਵੱਡੀਆਂ ਇਮਾਰਤਾਂ ਵੀ ਇਸ ਕੰਮ ਲਈ ਵਰਤੀਆਂ ਗਈਆਂ। ਜਿਸ ਕਰਕੇ ਪੜ੍ਹਾਈ ਰੁਕ ਗਈ। ਉਸ ਵੇਲੇ ਲੋਕਾਂ ਵਲੋਂ ਕੀਤੀ ਲੁੱਟ ਦਾ ਅਸਰ ਬਚਿੰਤ ਦੇ ਬਾਲ ਮਨ ਉੱਤੇ ਬਹੁਤ ਡੂੰਘਾ ਹੋਇਆ। ਜਿਸਦਾ ਵਰਨਣ ਬਚਿੰਤ ਹੁਰਾਂ ਬੜੇ ਦੁਖਈ ਹਿਰਦੇ ਨਾਲ ਆਪਣੀਆਂ ਰਚਨਾਵਾਂ ਵਿਚ ਕੀਤਾ ਹੈ।

ਬਚਿੰਤ ਪੰਜਵੀਂ ਛੇਵੀਂ 'ਚ ਪੜ੍ਹਦੀ ਸੀ ਜਦੋਂ ਉਸਦੀ ਸ਼ਾਦੀ ਹੋ ਗਈ। ਇਸਦੇ ਨਾਲ ਹੀ ਬਚਿੰਤ ਦਾ ਜੀਵਨ ਸੰਘਰਸ਼ ਸ਼ੁਰੂ ਹੋ ਗਿਆ। ਉਸਨੇ ਆਪਣੇ ਮਾਤਾ ਪਿਤਾ ਦੇ ਘਰ ਸਿੱਧ ਪੱਧਰੇ ਰਾਹ ਚਲਦਿਆਂ ਜੋ ਸੁੱਖ ਹੰਢਾਇਆ ਸੀ, ਸਹੁਰੇ ਘਰ ਆਕੇ ਉਸਨੂੰ ਉੱਨਾ ਹੀ ਉੱਚੀ ਆਂਨੀ ਵੀਆਂ ਤੇ ਬੇਤਰਤੀਬ ਪਗਡੰਡੀਆਂ ਉੱਤੇ


NamdhariElibrary NamdhariElibrary@gmail.com

ਤੁਰਨਾ ਪਿਆ। ਕਿਉਂਕਿ ਸਾਧੂ ਸਿੰਘ ਇਕਦਮ ਲਾਪਰਵਾਹ ਬੰਦਾ ਨਿਕਲਿਆ। ਉਸ ਕੋਲ ਪੱਕਾ ਕੰਮ ਨਾ ਹੋਣ ਕਰਕੇ ਸ਼ਾਇਦ ਉਸਦੇ ਮਨ ਨੂੰ ਕੋਈ ਭਟਕਣਾ ਲੱਗੀ ਹੋਈ ਸੀ। ਉਹ ਕਈ ਵਾਰੀ ਦੋ-ਦੋ ਤਿੰਨ-ਤਿੰਨ ਦਿਨ ਘਰ ਵੀ ਨਹੀਂ ਸੀ ਵੜਦਾ। ਉਸਨੂੰ ਕਿਸੇ ਦਾ ਵੀ ਫਿਕਰ ਨਹੀਂ ਸੀ, ਉਸਦੇ ਮਾਤਾ-ਪਿਤਾ ਇਨ੍ਹਾਂ ਨੂੰ ਇਸ ਲਈ ਇਕੱਲੇ ਛੱਡਕੇ ਪਿੰਡ ਚਲੇ ਗਏ ਕਿ ਸ਼ਾਇਦ ਪੁੱਤਰ ਕੋਈ ਜ਼ੁਮੇਂਵਾਰੀ ਸਮਝ ਲਏ ਤੇ ਕੰਮਕਾਰ ਕਰਕੇ ਆਪਣੀ ਤੇ ਘਰ ਵਾਲੀ ਦੀ ਪਾਲਣਾ ਕਰ ਸਕੇ। ਉਨ੍ਹਾਂ ਦੇ ਜਾਣ ਨਾਲ ਬਚਿੰਤ ਇਕੱਲਿਆਂ ਵਰਗੀ ਹੋ ਗਈ। ਮਾਤਾ ਪਿਤਾ ਨੇ ਥੋੜ੍ਹਾ ਚਿਰ ਦੇਖਿਆ, ਪਰ ਸਾਧੂ ਸਿੰਘ 'ਤੇ ਕੋਈ ਅਸਰ ਨਾ ਪਿਆ, ਤਾਂ ਉਹ ਵਾਪਸ ਦਿੱਲੀ ਆ ਗਏ। ਇਹ ਬਚਿੰਤ ਦਾ ਸਿਦਕ ਸੀ ਜਾਂ ਉਸਨੂੰ ਆਪਣੇ ਮਾਪਿਆਂ ਦੀ ਇੱਜ਼ਤ ਦਾ ਖਿਆਲ ਕਿ ਉਸਨੇ ਤੰਗੀਆਂ ਤੁਰਸ਼ੀਆਂ ਬਰਦਾਸ਼ਤ ਕਰਦਿਆਂ ਹੋਇਆਂ ਵੀ ਸਾਧੂ ਸਿੰਘ ਵਾਰੇ ਆਪਣੀ ਕਲਮ 'ਚੋ ਇਕ ਵੀ ਮਾੜਾ ਸ਼ਬਦ ਨਹੀਂ ਨਿਕਲਣ ਦਿੱਤਾ। ਏਹੋ ਗੱਲ ਉਨ੍ਹਾਂ ਮੈਨੂੰ ਵੀ ਕਹੀ ਕਿ ਮੈਂ ਇਸ ਰਚਨਾ ਵਿਚ ਸਾਧੂ ਸਿੰਘ ਵਾਰੇ ਕੋਈ ਮਾੜਾ ਸ਼ਬਦ ਨਾ ਵਰਤਾਂ। ਇਹੋ ਸਾਡੀ ਪੁਰਾਣੀ ਪੀੜ੍ਹੀ ਦੀ ਔਰਤ ਦਾ ਜਿਗਰਾ ਸੀ। ਅਜੇ ਉਸਦੇ ਗੁੱਡੀਆਂ ਪਟੋਲਿਆਂ ਨਾਲ ਖੇਡਣ ਦੇ ਦਿਨ ਸਨ ਕਿ ਉਹ ਇਕ ਬੱਚੀ ਦੀ ਮਾਂ ਬਣ ਗਈ ਸੀ। ਦਾਦੀ ਨੇ ਪੋਤੀ ਨੂੰ ਸੰਭਾਲਣ ਦੀ ਜ਼ੁਮੇਂਵਾਰੀ ਲੈਕੇ, ਬਚਿੰਤ ਨੂੰ ਸਕੂਲ ਜਾਕੇ ਅੱਗੇ ਪੜ੍ਹਨ ਲਈ ਹੌਂਸਲਾ ਦਿੱਤਾ।

ਅੱਠਵੀਂ ਪਾਸ ਕਰਕੇ ਉਸਨੇ ਦਸਵੀਂ ਦਾ ਦਾਖਲਾ ਭੇਜ ਦਿੱਤਾ। ਪਰ ਫੇਲ੍ਹ ਹੋ ਗਈ। ਫੇਲ੍ਹ ਹੋਣ ਦਾ ਬਚਿੰਤ ਦੇ ਨਾਲ ਨਾਲ ਸੱਸ ਸੌਹਰੇ ਨੂੰ ਵੀ ਬਹੁਤ ਦੁੱਖ ਹੋਯਾ। ਸੱਸ ਸੋਹੇ ਨੇ ਹੌਸਲਾ ਦੇਕੇ ਫਿਰ ਦਾਖਲਾ ਭਿਜਵਾ ਦਿੱਤਾ। ਇਸਦੇ ਨਾਲ ਹੀ ਖਰਚੇ ਵਾਸਤੇ 'ਦਿੱਲੀ ਮਿਲਕ ਸਕੀਮ' ਦੇ ਬੂਥ 'ਤੇ ਦੁੱਧ ਵੰਡਣ ਦਾ ਕੰਮ ਵੀ ਬਚਿੰਤ ਤੜਕੇ ਜਾ ਕੇ ਕਰਦੀ। ਉੱਥੋਂ ਅੱਠ ਵਜੇ ਆਉਂਦੀ ਤੇ ਸਕੂਲ ਜਾਂਦੀ। ਅੱਧੀ ਛੁੱਟੀ ਵੇਲੇ ਘਰ ਆਕੇ ਨਾਲੇ ਬੱਚੀ ਨੂੰ ਦੇਖਦੀ ਤੇ ਨਾਲੇ ਦੁਪੋਹਰ ਦੀ ਰੋਟੀ ਪਕਾ ਕੇ ਸੱਸ ਸੌਹਰੇ ਨੂੰ ਦਿੰਦੀ। ਫਿਰ ਸ਼ਾਮੀਂ ਚਾਰ ਵਜੇ ਸਕੂਲੋਂ ਮੁੜਦੀ ਤੇ ਸਕੂਲ ਦੇ ਕੰਮ ਦੇ ਨਾਲ ਨਾਲ ਘਰ ਦਾ ਕੰਮ ਵੀ ਨਿਬੇੜਦੀ। ਇੰਝ ਕਰਦਿਆਂ ਉਸਨੂੰ ਰਾਤ ਪੈ ਜਾਂਦੀ। ਐਤਕੀਂ ਉਸਨੇ ਦਸਵੀਂ ਪਾਸ ਕਰ ਲਈ। ਕੋਈ ਨਾ ਕੋਈ ਕੰਮ ਵੀ ਨਾਲ ਨਾਲ ਚਲਦਾ-ਰਿਹਾ, ਜਿਸ ਨਾਲ ਘਰ ਦੇ ਖਰਚੇ ਵਿਚ ਸੱਸ ਸੌਹਰੇ ਦੀ ਕੁਝ ਮੱਦਦ ਹੋ ਜਾਂਦੀ।

ਦਸਵੀਂ ਤੋਂ ਬਾਅਦ 1962 ਵਿਚ ਇਕ ਸ਼ੋਅ-ਰੂਮ ਵਿਚ ਸੇਲਜ਼ ਗਰਲ ਦਾ ਕੰਮ ਕਰਦਿਆਂ ਨਾਟਕਕਾਰ ਡਾ. ਹਰਚਰਨ ਸਿੰਘ ਦੇ ਈਸਟਰਨ ਪੰਜਾਬ ਕਾਲਜ ਰਾਹੀਂ ਗਿਆਨੀ ਕੀਤੀ। ਫਿਰ 1968 ਵਿਚ ਬੀ.ਏ. ਕੀਤੀ। ਉਦੋਂ ਬਚਿੰਤ ਹੁਰੀਂ ਜਿਸ ਘਰ ਵਿਚ ਕਿਰਾਏ 'ਤੇ ਰਹਿੰਦੇ ਸਨ, ਓਥੇ ਬਿਜਲੀ ਵੀ ਨਹੀਂ ਸੀ ਆਈ। ਜਿਸ ਸ਼ੋਅ-ਰੂਮ ਵਿਚ ਬਚਿੰਤ ਕੰਮ ਕਰਦੀ ਸੀ, ਉੱਥੇ ਬਰੇਜ਼ੀਅਰ ਬਗੈਰਾ ਜ਼ਨਾਨਾ ਰੇਡੀਮੇਡ ਕੱਪੜੇ ਵਿਕਦੇ ਸਨ। ਕਿਸੇ ਮਜ਼ਬੂਰੀ ਕਰਕੇ ਉੱਥੋਂ ਕੰਮ ਛੱਡਣਾ ਪਿਆ। ਇਸ ਨੌਕਰੀ ਦੇ ਖੁੱਸਣ ਨਾਲ ਮਹੀਨੇ ਦਾ ਸੌ ਰੁਪੱਈਆ ਔਣਾ ਬੰਦ ਹੋ ਗਿਆ। ਦੁੱਧ ਦੀ ਸਕੀਮ ਤੋਂ ਪੰਜਾਹ ਰੁਪਏ ਹੀ ਮਿਲਦੇ ਸਨ। ਦੋ ਮੀਲ ਪੈਦਲ ਜਾਣਾ ਤੇ ਦੋ ਮੀਲ ਪੈਦਲ ਔਣਾ ਤਾਂਕਿ ਚਾਰ ਆਨੇ ਕਿਰਾਏ ਦੇ ਵੀ ਬਚ ਜਾਣ। ਘਰ ਦਾ ਗੁਜ਼ਾਰਾ ਬਹੁਤ ਔਖਾ ਹੋ ਗਿਆ ਸੀ। ਪਤੀ ਨੂੰ ਕੁਝ ਨਹੀਂ ਸੀ ਪਤਾ ਕਿ ਘਰ ਕਿਵੇਂ ਚਲਦਾ ਹੈ, ਇਸਦੀ ਉਸ ਨੂੰ ਕੋਈ ਪਰਵਾਹ ਨਹੀਂ ਸੀ। ਇਕ ਵੇਲਾ ਐਸਾ ਆਇਆ ਕਿ ਬਚਿੰਤ ਖੁਦਕੁਸ਼ੀ ਕਰਨ ਲਈ ਸੋਚ ਬੈਠੀ। 'ਸਵੈਜੀਵਨੀ' 'ਚ ਮੈਂ ਇਹ ਪੜ੍ਹਦਿਆਂ ਸੋਚ ਰਿਹਾ ਸੀ ਕਿ ਜੇ ਉਸ ਵੇਲੇ ਸੱਸ ਸੋਹਰਾ ਹੌਂਸਲਾ ਨਾ ਦਿੰਦੇ ਤਾਂ ਅਸੀਂ ਬਚਿੰਤ ਕੌਰ ਦੀ ਰਚਨਾ ਕਲਾ ਤੋਂ ਮਹਿਰੂਮ ਰਹਿ ਜਾਂਦੇ। ਇਸਦਾ ਪੰਜਾਬੀ ਸਾਹਿਤ ਨੂੰ ਕਿੰਨਾ ਵੱਡਾ ਘਾਟਾ ਪੈਂਦਾ। ਮਜ਼ਬੂਰੀ 'ਚ ਬਚਿੰਤ ਨੂੰ ਫਿਰ ਵਰਾਈਟਵੇ ਵਾਲਿਆਂ ਕੋਲ ਨੌਕਰੀ ਕਰਨੀ ਪਈ। ਘਰ ਦੀ ਗੱਡੀ ਕੁਝ ਰਿੜ੍ਹਨ ਲੱਗੀ। ਇਸੇ ਦੌਰਾਨ ਬਚਿੰਤ ਨੇ ਪਹਿਲੀ ਕਹਾਣੀ ਲਿਖੀ, 'ਦੀਵਿਆਂ ਵਾਲੀ ਰਾਤ'। ਜੋ ਉਸ ਵਕਤ ਨਿਕਲਦੇ ਸਪਤਾਹਿਕ "ਲੋਕ ਦਰਸ਼ਣ" ਪਰਚੇ ਵਿਚ ਛਪੀ। ਲੋਕਾਂ ਵਲੋਂ ਪ੍ਰਸੰਸਾ ਹੋਈ ਤਾਂ ਅੱਗੋਂ ਲਿਖਣ ਦਾ ਹੌਸਲਾ ਵਧਿਆ।

ਸੌਹਰਾ ਗੁਜ਼ਰ ਗਿਆ ਸੀ ਜੋ ਸਿਲਾਈ ਕਰਕੇ ਚਾਰ ਪੈਸੇ ਕਮਾ ਲੈਂਦਾ ਸੀ। ਸੱਸ ਨੂੰ ਅਧਰੰਗ ਨੇ ਆਪਣੀ ਲਪੇਟ ਵਿਚ ਲੈ ਲਿਆ ਸੀ। ਉੱਤੋਂ ਸਿਤਮ ਇਹ ਹੋਯਾ ਕਿ ਬਚਿੰਤ ਦੇ ਦੋਵੇਂ ਕੰਮ ਵੀ ਛੁੱਟ ਗਏ। ਚਾਰ ਪੰਜ ਜੀਆਂ ਦੀ ਇਕ ਵੇਲੇ ਦੀ ਰੋਟੀ ਦੇ ਵੀ ਲਾਲੇ ਪੈ ਗਏ। ਉੱਤੋਂ ਦਿੱਲੀ ਕਾਰਪੋਰੇਸ਼ਨ ਨੇ ਉਨ੍ਹਾਂ ਦੀ ਝੌਂਪੜੀ ਢਾਅ ਕੇ, ਸਿਰ ਤੋਂ ਛੱਤ ਵੀ ਖੋਹ ਲਈ। ਲਾਚਾਰ ਪਰਿਵਾਰ ਕੋਲ ਸਿਰ ਲੁਕੋਣ ਦੀ ਥਾਂ ਵੀ ਨਾ ਰਹੀ। ਝੌਂਪੜੀ ਪੱਥਰਾਂ ਦਾ ਢੇਰ ਹੋਈ ਪਈ ਸੀ। ਅਧਰੰਗ ਮਾਰੀ ਸੱਸ ਅਤੇ ਬੱਚਿਆਂ ਨੂੰ ਗਵਾਂਢੀ ਆਪਣੇ ਘਰ ਲੈ ਗਏ ਸਨ। ਗਵਾਂਢੀਆਂ ਨੇ ਦੱਸਿਆ ਕਿ ਕਮੇਟੀ ਵਾਲੇ ਆਏ ਸਨ। "ਇਹ ਕਹਿਕੇ ਝੌਂਪੜੀ ਢਾਅ ਗਏ ਕਿ ਇਹ ਗੈਰ ਕਾਨੂੰਨੀ ਬਣੀ ਹੈ।" ਜਿਨ੍ਹਾਂ ਲੋਕਾਂ ਨੇ ਉਨ੍ਹਾਂ ਨੂੰ ਪੈਸੇ ਦੇ ਦਿੱਤੇ ਉਨ੍ਹਾਂ ਦੀਆਂ ਝੌਂਪੜੀਆਂ ਨਹੀਂ ਢਾਈਆਂ।

ਉਸੇ ਰਾਤ ਸਾਧੂ ਵੀ ਨਸ਼ੇ ਵਿਚ ਗੁੱਟ ਹੋਇਆ ਆ ਗਿਆ। ਉਸਨੇ ਝੌਂਪੜੀ ਢੱਠੀ ਦੇਖੀ ਤਾਂ ਗੁੱਸੇ ਵਿਚ ਬਚਿੰਤ ਨੂੰ ਹੀ ਕੁੱਟ ਦਿੱਤਾ। ਉਸਨੇ ਜਦੋਂ ਦੇਖਿਆ ਕਿ ਏਥੋਂ ਅੱਜ ਰੋਟੀ ਮਿਲਣ ਦੀ ਉਮੀਦ ਨਹੀਂ ਹੈ, ਉਸਨੇ ਨਾ ਬਿਮਾਰ ਮਾਂ ਤੇ ਨਾ ਹੀ ਬੱਚਿਆਂ ਦਾ, ਕਿਸੇ ਦਾ ਵੀ ਫ਼ਿਕਰ ਨਹੀਂ ਕੀਤਾ ਤੇ ਉਨ੍ਹਾਂ ਪੈਰੀ ਵਾਪਸ ਚਲੇ ਗਿਆ।

ਬਚਿੰਤ ਦਾ ਕੁੱਟ ਨਾਲ ਮੂੰਹ ਸਿਰ ਸੁੱਜ ਗਿਆ ਸੀ। ਸਵੇਰੇ ਉਸਨੇ ਨੌਕਰੀ ਲਈ ਇੰਟਰਵਿਊ ਦੇਣ ਜਾਣਾ ਸੀ। ਉਹ ਖੁਦ ਨੂੰ


NamdhariElibrary NamdhariElibrary@gmail.com

ਬੜੀ ਕਸੂਤੀ ਫਸੀ ਮਹਿਸੂਸ ਕਰ ਰਹੀ ਸੀ। ਅਗਰ ਉਥੇ ਕਿਸੇ ਨੇ ਸੁੱਜੇ ਮੂੰਹ ਬਾਰੇ ਪੁੱਛ ਲਿਆ ਤਾਂ ਕੀ ਜੁਆਬ ਦੇਵੇਗੀ। ਮਸਲਾ ਨੌਕਰੀ ਦਾ ਸੀ ਇਸ ਕਰਕੇ ਜਾਣਾ ਤਾਂ ਪੈਣਾ ਹੀ ਸੀ। ਸੋ ਦਿਲ ਕਰੜਾ ਕਰਕੇ ਤੇ ਮੂੰਹ ਸਿਰ ਲਪੇਟ ਕੇ ਚਲੇ ਗਈ। ਪਰ ਮਾੜੀ ਕਿਸਮਤ ਉਸਨੂੰ ਉਹ ਨੌਕਰੀ ਮਿਲ ਨਾ ਸਕੀ। ਆਪਣੇ ਆਪਨੂੰ ਝੂਰਦੀ ਉਹ ਘਰ ਆ ਗਈ। ਲਾਚਾਰ ਹੋਕੇ ਦੂਸਰੇ ਦਿਨ ਉਹ ਫਿਰ ਵਰਾਈਟਵੇ ਵਾਲਿਆਂ ਕੋਲ ਨੌਕਰੀ ਲਈ ਗਈ। ਪਰ ਉਨ੍ਹਾਂ ਵੀ ਹੁਣ ਨਾਂਹ ਕਰ ਦਿੱਤੀ। ਕਿਉਂਕਿ ਉੱਥੋਂ ਦੋ ਵਾਰ ਮਜ਼ਬੂਰਨ ਆਪ ਹੀ ਨੌਕਰੀ ਛੱਡੀ ਸੀ। ਟੁੱਟੇ ਦਿਲ ਨਾਲ ਘਰ ਆਕੇ ਝੌਂਪੜੀ ਦੇ ਪੱਥਰ ਚਿਣਨ ਲੱਗੀ। ਓਦਣ ਵੀ ਸਾਰਿਆਂ ਨੂੰ ਰੋਟੀ ਗਵਾਂਢੀਆਂ ਨੇ ਹੀ ਖਵਾਈ ਤੇ ਓਥੇ ਹੀ ਸੁਲਾ ਲਏ। ਬਚਿੰਤ ਦੇਰ ਰਾਤ ਤੱਕ ਝੌਂਪੜੀ ਦੇ ਪੱਥਰ ਚਿਣਦੀ ਰਹੀ, ਜਿਵੇਂ ਆਪਣੀ ਕਿਸਮਤ ਬਣਾਉ ਦਾ ਯਤਨ ਕਰ ਰਹੀ ਹੋਵੇ। ਜਦੋਂ ਥੱਕੀ ਹਾਰੀ ਨੂੰ ਨੀਂਦ ਨੇ ਘੇਰਿਆ ਤਾਂ ਓਥੇ ਝੌਂਪੜੀ ਕੋਲ ਹੀ ਬੋਰੀ ਵਿਛਾਕੇ ਲੰਮੀ ਪੈ ਗਈ।

ਇਸ ਤਰ੍ਹਾਂ ਧੱਕੇ ਖਾਂਦਿਆਂ ਆਖਰ ਇਕ ਦਿਨ ਉਸਦੀ ਕਿਸਮਤ ਜਾਗੀ। ਧਰਮ ਭਰਾ ਧਨੀਰਾਮ ਦੀਆਂ ਕੋਸ਼ਿਸ਼ਾਂ ਅਤੇ ਹਿੰਮਤ ਨਾਲ ਸਰਕਾਰੀ ਨੌਕਰੀ ਮਿਲ ਗਈ। ਪਰਮਾਤਮਾ ਦਾ ਧੰਨਵਾਦ ਕਰਦਿਆਂ ਬਚਿੰਤ ਨੇ ਕਈ ਸਾਲਾਂ ਤੋਂ ਇਕ ਇਕ, ਦੋ ਦੋ ਕਰਕੇ ਜੋੜੇ ਰੁਪੱਈਆਂ, ਅਤੇ ਜੁਲਾਈ 1965 ਨੂੰ ਮਿਲੀ 198 ਰੁਪਏ ਪਹਿਲੀ ਤਨਖਾਹ ਨਾਲ ਪਹਿਲਾਂ ਝੌਂਪੜੀ ਨੂੰ ਸੁਆਰਿਆ, ਤੇ ਫਿਰ ਝੌਂਪੜੀ ਵਿਚ ਅਖੰਡਪਾਠ ਕਰਵਾਇਆ। ਫਿਰ ਨੌਕਰੀ ਜਦੋਂ ਪੱਕੀ ਹੋ ਗਈ ਤਾਂ ਬਚਿੰਤ ਨੇ ਆਪਣੇ ਤਨ ਮਨ ਉੱਤੇ ਹੰਢਾਈਆਂ ਪੀੜਾਂ ਨੂੰ, ਕਲਮ ਰਾਹੀਂ ਆਪਣੇ ਪਾਠਕਾਂ ਨਾਲ ਸਾਂਝਾ ਕੀਤਾ। ਨੌਕਰੀ ਦੇ ਨਾਲ ਨਾਲ ਉਨ੍ਹਾਂ ਪੜ੍ਹਾਈ ਵੀ ਚਾਲੂ ਰੱਖੀ, ਜੋ ਐੱਮ.ਏ, ਐੱਮ.ਫਿੱਲ ਤੱਕ ਗਈ।

ਪਤਾ ਨਹੀਂ ਕਿਉਂ ਬਚਿੰਤ ਹੁਰਾਂ ਨੇ ਸਵੈਜੀਵਨੀ 1965 ਤੱਕ ਲਿਖਕੇ ਹੀ ਛੱਡ ਦਿੱਤੀ। ਸ਼ਾਇਦ ਇਸ ਕਰਕੇ ਕਿ ਉਨ੍ਹਾਂ ਨੂੰ ਅੱਗੇ ਰਾਹ ਪੱਧਰਾ ਦਿਸਣ ਲੱਗਾ ਹੋਵੇ। ਆਪਣੀਆਂ ਰਚਨਾਵਾਂ ਦੇ ਸਿਰ 'ਤੇ ਹੀ ਉਨ੍ਹਾਂ ਕਈ ਦੇਸ਼ਾਂ ਦੀ ਯਾਤਰਾ ਕੀਤੀ। ਆਪਣੀ ਐਮਸਡੈਮ ਦੀ ਯਾਤਰਾ ਸਮੇਂ ਅੰਡਰ ਗਰਾਊਂਡ ਰੇਲ ਗੱਡੀ ਦੀ ਖੂਬਸੂਰਤੀ ਨੂੰ ਜਿਵੇਂ ਸ਼ਬਦਾਂ ਵਿਚ ਬਿਆਨ ਕੀਤਾ ਹੈ, ਸਭ ਕੁਝ ਅੱਖਾਂ ਅੱਗੇ ਨਜ਼ਰ ਆਉਣ ਲੱਗ ਪੈਂਦਾ ਹੈ। ਯੂਰਪ ਦੀਆਂ ਗੱਡੀਆਂ ਬੱਸਾਂ ਦੀ ਹੀ ਨਹੀਂ, ਆਲੇ ਦੁਆਲੇ ਦੀ ਵੀ ਸਫ਼ਾਈ ਅਤੇ ਪ੍ਰਬੰਧ ਦੇਖਕੇ ਸਾਡੇ ਵਰਗੇ ਯਾਤਰੀ, ਹੈਰਾਨ ਰਹਿ ਜਾਂਦੇ ਹਨ। ਸੜਕਾਂ ਏਨੀਆਂ ਸਾਫ਼ ਹੁੰਦੀਆਂ ਹਨ ਜਿਵੇਂ ਹੁਣੀ ਹੁਣੇ ਧੋਤੀਆਂ ਹੋਣ। ਕਿਤੇ ਵੀ ਕੋਈ ਕੂੜਾ ਨਜ਼ਰ ਨਹੀਂ ਔਂਦਾ। ਅਗਰ ਮੀਂਹ ਪੈ ਜਾਵੇ ਤਾਂ ਦਸ ਮਿੰਟ ਦੇ ਅੰਦਰ ਅੰਦਰ ਸਾਰਾ ਪਾਣੀ ਨਿਕਲ ਜਾਂਦਾ ਹੈ। ਸੜਕਾਂ ਵਿਚ ਕਿਤੇ ਕੋਈ ਟੋਇਆ ਵਗੈਰਾ ਨਹੀਂ ਦਿਸਦਾ। ਜਿੱਥੇ ਕਿਤੇ ਸੜਕ ਦੀ ਰਿਪੇਅਰ ਹੁੰਦੀ ਹੋਵੇ, ਉੱਥੇ ਬਕਾਇਦਾ ਲੋਕਾਂ ਦੇ ਜਾਣਲਈ ਸਿਗਨਲ ਲੱਗੇ ਹੋਣਗੇ। ਜੋ ਦੂਰੋਂ ਦੱਸ ਦਿੰਦੇ ਹਨ ਕਿ ਅੱਗੇ ਸੜਕ ਟ ਰਹੀ ਹੈ, ਸੰਭਲਕੇ ਜਾਓ। ਭਾਰਤ ਵਾਂਗੂੰ ਨਹੀਂ ਕਿ ਸੜਕ ਦੀ ਮੁਰੰਮਤ ਲਈ ਜਾਂ ਸੀਵਰੇਜ ਲਈ ਟੋਇਆ ਕੱਢਿਆ ਹੋਇਆ, ਉਸਦਾ ਪਤਾ ਉਦੋਂ ਹੀ ਲੱਗਦਾ ਹੈ ਜਦੋਂ ਰਾਹੀ ਉਸ ਵਿਚ ਜਾ ਫਸਦਾ ਹੈ। ਉਹ ਲੋਕ ਆਪਣੇ ਮੁਲਕ ਦੀ ਬਿਹਤਰੀ ਲਈ ਸੋਚਦੇ ਹਨ। ਸਾਡੇ ਬਹੁਤੇ ਨੇਤਾ ਅਤੇ ਸਰਕਾਰੀ ਅਫ਼ਸਰ ਸਿਰਫ਼ ਆਪਣੀ ਬਿਹਤਰੀ ਲਈ ਹੀ ਸੋਚਦੇ ਹਨ। ਇਸ ਕਰਕੇ ਏਥੇ ਵੱਡੇ ਵੱਡੇ ਹੀ ਘੁਟਾਲੇ ਨਹੀਂ ਹੁੰਦੇ, ਸਗੋਂ ਟਕੇ ਟਕੇ ਦੇ ਵੀ ਬਹੁਤ ਘੁਟਾਲੇ ਹੁੰਦੇ ਹਨ।

ਬਚਿੰਤ ਕੌਰ ਹੁਰਾਂ ਅਮਰੀਕਨ ਕਲਚਰ ਬਾਰੇ ਵੀ ਕਾਫ਼ੀ ਕੁਝ ਸਾਂਝਾ ਕੀਤਾ ਹੈ। ਉਨ੍ਹਾਂ ਉੱਥੋਂ ਦੇ ਵੈਕਸ ਮਿਊਜ਼ੀਅਮ ਦੀ ਵੀ ਜਾਣਕਾਰੀ ਦਿੱਤੀ ਹੈ ਕਿ ਓਥੇ ਕਿਨ੍ਹਾਂ ਕਿਨ੍ਹਾ ਲੋਕਾਂ ਦੇ ਬੁੱਤ ਲੱਗੇ ਹੋਏ ਹਨ। ਉਨ੍ਹਾਂ ਉਹ ਗੈਲਰੀ ਵੀ ਦੇਖੀ ਜਿੱਥੇ ਬੁੱਤ ਬੋਲਦੇ ਵੀ ਹਨ। ਇਹ ਗੈਲਰੀ ਸ਼ਾਇਦ ਅਮਰੀਕਾ ਵਿਚ ਹੀ ਹੈ। ਲੰਡਨ ਦੇ ਵੈਕਸ ਮਿਊਜ਼ੀਅਮ ਵਿਚ ਅਜੇਹੀ ਗੈਲਰੀ ਦੇਖਣ ਨੂੰ ਨਹੀਂ ਮਿਲੀ। ਬਚਿੰਤ ਕੌਰ ਹੁਰਾਂ ਲਾਸ-ਵੇਲਾਗ ਦੇ ਇਕ ਕਸੀਨੋ ਵਿਚ ਜਾਕੇ ਉੱਥੋਂ ਦਾ ਅਨੰਦ ਵੀ ਲਿਆ। ਇਸ ਸ਼ਹਿਰ ਦੀ ਖਾਸ ਗੱਲ ਜੋ ਉਨ੍ਹਾਂ ਦੱਸੀ, ਕਿ ਓਥੇ ਦੂਰੋਂ ਦੂਰੋਂ ਲੋਕ ਤਲਾਕ ਲੈਣ ਲਈ ਔਂਦੇ ਹਨ। ਉਥੇ ਚੌਵੀ ਘੰਟੇ ਦੇ ਵਿਚ ਵਿਚ ਤਲਾਕ ਮਿਲ ਜਾਂਦਾ ਹੈ। ਜਦਕਿ ਹੋਰ ਥਾਵਾਂ 'ਤੇ ਤਲਾਕ ਲੈਣ ਲਈ ਕਈ ਕਈ ਮਹੀਨੇ ਲੱਗ ਜਾਂਦੇ ਹਨ। ਇਸਦੇ ਨਾਲ ਹੀ ਉਨ੍ਹਾਂ ਉੱਥੋਂ ਦੇ ਪੈਰਾਡਾਈਜ਼ ਥੀਏਟਰ ਦਾ ਹਾਲ ਵੀ ਬੜੀ ਖ਼ੂਬਸੂਰਤੀ ਨਾਲ ਬਿਆਨ ਕੀਤਾ ਹੈ। ਜਿੱਥੇ ਉਹ ਆਪਣੀ ਰਾਹਗੀਰ ਸਹੇਲੀ ਸੁਧਾ ਨਾਲ ਗਏ। ਪੈਰਾਡਾਈਜ਼ ਉਹ ਥੀਏਟਰ ਹੈ ਜਿੱਥੇ ਕੱਪੜਿਆਂ ਤੋਂ ਬਾਹਰ ਹੋਕੇ ਸ਼ਬਾਬ ਨੱਚਦਾ, ਜਲਵਾ ਦਿਖੌਂਦਾ ਹੈ। ਸ਼ਰਾਬ ਦਾ ਵਰਤਾਓ ਤਾਂ ਹਰ ਥਾਂ ਹੁੰਦਾ ਹੈ। ਹੁਣ ਤਾਂ ਇਹ ਕਲਚਰ ਭਾਰਤ ਦੇ ਵੱਡੇ ਵੱਡੇ ਸ਼ਹਿਰਾ ਵਿਚ ਵੀ ਲੱਤਾਂ ਪਸਾਰ ਰਿਹਾ ਹੈ। ਬਚਿੰਤ ਹੁਰੀਂ ਆਪਣੀ 1995 ਦੀ ਫਰਮਾਂ ਫੇਰੀ ਨੂੰ ਯਾਦ ਕਰਦਿਆਂ, ਉਥੋਂਦੀ ਅੱਖ ਮਾਰਨ ਦੀ ਰੀਤ ਬਾਰੇ ਦਸਦੇ ਹਨ। ਉਥੇ ਉਹ ਆਪਣੀ ਸਹੇਲੀ ਜਿੰਦਰ ਨਾਲ ਬਜਾਰ ਵਿਚ ਘੁੰਮ ਰਹੇ ਸਨ ਕਿ ਕਿਸੇ ਮੋਰੇ ਨੇ ਉਨ੍ਹਾਂ ਨੂੰ ਅੱਖ ਮਾਰੀ। ਉਨ੍ਹਾਂ ਨੂੰ ਹੈਰਾਨੀ ਵੀ ਹੋਈ ਤੇ ਗੁੱਸਾ ਵੀ ਆਇਆ। ਪੰਜਾਬ ਵਿਚ ਹੁੰਦੇ ਤਾਂ ਇਸ ਮੌਕੇ ਕਈਆਂ ਦੇ ਸਿਰ ਪਾੜ ਜਾਂਦੇ। ਉਹ ਅੱਗੇ ਗਈਆਂ ਤਾਂ ਦੋ ਤਿੰਨ ਗੋਰਿਆਂ ਨੇ ਫਿਰ ਅੱਖਾਂ ਮਾਰੀ। ਇਨ੍ਹਾਂ ਨੂੰ ਗੁੱਸੇ ਵਿਚ ਦੇਖ ਕੇ ਇਕ ਗੋਰੇ ਨੇ ਸਮਝਾਇਆ ਕਿ ਸਾਡਾ ਤੁਹਾਨੂੰ ਅੱਖ ਮਾਰਨ ਦਾ ਕੋਈ ਬੁਰਾ ਇਰਾਦਾ ਨਹੀਂ ਹੈ। ਇਹ ਏਥੇ ਦੀ ਰੀਤ ਹੈ। ਅੱਖ ਮਾਰਕੇ ਤੁਹਾਡਾ ਦਿਲੋਂ ਸਤਿਕਾਰ ਕਰਦੇ ਹਾਂ ਕਿ ਤੁਸੀਂ ਸਾਡੇ ਮੁਲਕ ਵਿਚ ਆਏ।

ਸਾਧੂ ਸਿੰਘ ਆਪਣੀ ਉਮਰ ਭੋਗ ਕੇ 1996 ਵਿਚ ਇਸ ਦੁਨੀਆਂ ਤੋਂ ਚਲੇ ਗਿਆ। ਪਤੀ ਦੀ ਮੌਤ ਪਿੱਛੋਂ ਬਚਿੰਤ ਕੌਰ ਜੀ

ਅਮਰੀਕਾ ਛੱਡਕੇ ਦਿੱਲੀ ਰਹਿਣ ਲੱਗ ਪਏ। ਫਿਰ ਉਹ ਆਪਣੇ ਆਪ ਨੂੰ ਰੁਝੇਵੇਂ ਵਿਚ ਰੱਖਣ ਲਈ ਇਕ ਹਸਪਤਾਲ ਵਿਚ ਸੇਵਾ ਨਿਭਾਉਣ ਲੱਗ ਪਏ। ਉਨ੍ਹਾਂ ਦਾ ਬੇਟਾ ਅਮਰੀਕਾ ਵਿਚ ਸੈਟਲ ਹੈ, ਅਤੇ ਬੇਟੀਆਂ ਦਿੱਲੀ ਵਿਚ ਹੀ ਵਿਆਹੀਆਂ ਹੋਈਆਂ ਹਨ। ਉਨ੍ਹਾਂ ਦਾ ਆਪਣਾ ਘਰ ਵੀ ਦਿੱਲੀ ਵਿਚ ਹੀ ਹੈ। ਪਿਛਲੇ ਦਿਨੀਂ ਉਨ੍ਹਾਂ ਨੂੰ ਅਧਰੰਗ ਦਾ ਅਟੈਕ ਹੋ ਗਿਆ ਸੀ। ਭਾਵੇਂ ਉਹ ਡਿਊਟੀ ਉੱਤੇ ਆ ਗਏ ਸਨ, ਪਰ ਸਿਹਤ ਪੂਰੀ ਤਰ੍ਹਾਂ ਠੀਕ ਨਹੀਂ ਹੋਈ। ਉਨ੍ਹਾਂ ਦੇ ਹੁਣ ਤੱਕ ਅੱਠ ਕਹਾਣੀ ਸੰਗ੍ਰਹਿ, ਛਪ ਚੁੱਕੇ ਹਨ, ਜਿਨ੍ਹਾਂ ਵਿਚੋਂ ਕੁਝ ਨਾਮ ਇਹ ਹਨ— "ਮੰਜ਼ਿਲ"-"ਸੂਹਾ ਰੰਗ ਸਿਆਹ ਰੰਗ"-"ਭੁੱਬਲ ਦੀ ਅੱਗ"-"ਕਿਆਰੀ ਲੌਂਗਾਂ ਦੀ"-"ਖੁਰੇ ਹੋਏ ਰੰਗ"-"ਕੰਧਾਂ ਕੌਲੇ" ਅਤੇ "ਮੁਕਲਾਵੇ ਵਾਲੀ ਰਾਤ"। ਬਾਲ ਸਾਹਿਤ ਦੀਆਂ ਛੇ ਕਿਤਾਬਾਂ। ਜਿਨ੍ਹਾਂ ਵਿਚੋਂ ਕੁਝ ਦੇ ਇਹ ਨਾਮ ਹਨ—ਪੰਜ ਸ਼ਹੀਦ-ਬਾਬਾ ਬਾਰੂ- ਗੁੱਡੀਆਂ ਪਟੋਲੇ ਅਤੇ ਜਾਨਵਰ ਐਕਟਰ (ਹਿੰਦੀ ਮਰਾਠੀ) ਵਿਚ ਵੀ ਛਪ ਚੁੱਕੀਆਂ ਹਨ। "ਬਾਬਾ ਬਾਰੂ" ਅਤੇ "ਦੁੱਖ ਨਿਵਾਰਨ" ਕਹਾਣੀਆਂ ਉੱਤੇ ਟੈਲੀ ਫ਼ਿਲਮਾਂ ਬਣ ਚੁੱਕੀਆਂ ਹਨ।

ਦੋ ਨਾਵਲ- ਜਿਨ੍ਹਾਂ ਵਿਚੋਂ "ਜੀਵਨ ਮਾਟੀ ਹੋਏ" ਦਾ, ਹਿੰਦੀ ਅਤੇ ਅੰਗ੍ਰੇਜ਼ੀ ਵਿਚ ਵੀ ਅਨੁਵਾਦ ਹੋ ਚੁੱਕਾ ਹੈ। ਦੂਜਾ ਅੰਗ੍ਰੇਜ਼ੀ ਵਿਚ ਹੈ "ਦਾ ਲਾਸਟ ਪੇਜ਼" ਤੀਜਾ ਵੀ ਅੰਗਰੇਜ਼ੀ ਵਿਚ ਛਪਣ ਅਧੀਨ ਹੈ। ਦੋ ਕਾਵਿ ਸੰਗ੍ਰਹਿ "ਬਹੁਤ ਦੂਰ ਬਹੁਤ ਨੇੜੇ", ਅਤੇ "ਇਕ ਬਲੌਰੀ ਹੰਝੂ"

ਇਕ ਸਫ਼ਰਨਾਮਾ, "ਪੈੜਾਂ ਅਤੇ ਝਰੋਖੇ" ਸਵੈ ਜੀਵਨੀ-"ਪਗਡੰਡੀਆਂ" ਦੇ ਨਾਮ ਨਾਲ ਛਪੀ। ਜੇ.ਐਂਡ.ਕੇ., ਟੀ.ਵੀ. ਨੇ ਇਸ ਉੱਤੇ ਢਾਈ ਘੰਟੇ ਦੀ ਫ਼ਿਲਮ ਬਣਾਈ ਸੀ। ਇਸਦੇ ਨਾਲ ਹੀ "ਪਗਡੰਡੀਆਂ" ਦੇ, ਹਿੰਦੀ, ਉਰਦੂ, ਮਰਾਠੀ, ਅੰਗਰੇਜ਼ੀ, ਦੋ ਨਾਲ ਯੁਗੋਸਲਾਵ ਬੋਲੀਆਂ ਵਿਚ ਤਰਜਮੇ ਹੋਏ।

ਯਾਤਰਾਵਾਂ:- ਪਾਕਿਸਤਾਨ, ਕਨੇਡਾ, ਬੈਂਕੌਕ, ਲੰਡਨ, ਅਮਰੀਕਾ ਅਤੇ ਪੈਰਿਸ।

ਗੌਰੇਮਾਨ ਸਨਮਾਨ:- "ਕਿਆਰੀ ਲੌਂਗਾਂ ਦੀ" ਨੂੰ ਪੰਜਾਬੀ ਅਕਾਦਮੀ ਵਲੋਂ ਸਰਵੋਤਮ ਅਵਾਰਡ। "ਪਗਡੰਡੀਆਂ" ਨੂੰ ਇੰਡੋ-ਕੈਨੇਡੀਅਨ ਗਰੁੱਪ ਵਲੋਂ ਸਰਵੋਤਮ ਸਵੈ-ਜੀਵਨੀ ਸਨਮਾਨ। ਯੂ.ਸੀ.ਐੱਲ, ਯੂਨੀਵਰਸਿਟੀ ਔਫ ਅਮਰੀਕਾ ਵਲੋਂ ਸਨਮਾਨਿਤ। ਪਾਕਿਸਤਾਨ ਵਿਚ "ਫ਼ੈਜ਼ ਅਹਿਮਦ ਫ਼ੈਜ਼" ਅਵਾਰਡ ਨਾਲ ਸਨਮਾਨਤ। ਪੰਜਾਬੀ ਸਾਹਿਤ ਸਭਾ ਸੈਨਹੋਜ਼ੇ, ਯੂਨੀਵਰਸਿਟੀ ਅਮਰੀਕਾ ਵਲੋਂ "ਵਧੀਆ ਕਹਾਣੀਕਾਰ" ਦਾ ਸਨਮਾਨ। ਭਾਸ਼ਾ ਵਿਭਾਗ ਪੰਜਾਬ ਵਲੋਂ 2005 ਦਾ ਸ਼੍ਰੋਮਣੀ ਸਾਹਿਤਕਾਰ ਇਨਾਮ। ਹੋਰ ਵੀ ਕਈ ਸਾਹਿਤ ਸਭਾਵਾਂ ਨੇ ਉਨ੍ਹਾਂ ਨੂੰ ਸਨਮਾਨਤ ਕਰਨ ਦੀ ਖੁਸ਼ੀ ਲਈ ਹੈ।

—ਜੇਬ: 98762-08542

## ਬਿਨਾਂ ਸੋਚੇ-ਸਮਝੇ

22-23 ਸਾਲ ਦਾ ਇਕ ਲੜਕਾ ਆਪਣੇ ਪਿਤਾ ਨਾਲ ਰੇਲ-ਗੱਡੀ ਵਿਚ ਸਫਰ ਕਰ ਰਿਹਾ ਸੀ। ਅਗਲੇ ਸਟੇਸ਼ਨ ਤੋਂ ਉਨ੍ਹਾਂ ਦੇ ਨਾਲ ਇਕ ਨੌਜਵਾਨ ਜੋੜੀ ਵੀ ਸਫਰ ਕਰ ਰਹੀ ਸੀ। ਖਿੜਕੀ ਰਾਹੀਂ ਬਾਹਰ ਦੇਖਦਾ ਹੋਇਆ ਉਹ ਲੜਕਾ, ਜ਼ੋਰ-ਜ਼ੋਰ ਨਾਲ ਆਪਣੇ ਪਿਤਾ ਨੂੰ ਕਹਿਣ ਲੱਗਾ "ਪਾਪਾ ਪਾਪਾ, ਦੇਖੋ ਬਾਹਰ ਦਰਖਤ ਦੌੜ ਰਹੇ ਹਨ।" "ਹਾਂ ਬੇਟਾ ਦਰਖਤ ਦੌੜ ਰਹੇ ਹਨ।" ਪਿਤਾ ਨੇ ਜਵਾਬ ਦਿੱਤਾ।

ਨੌਜਵਾਨ ਜੋੜੀ ਨੂੰ ਉਸ ਲੜਕੇ ਦਾ ਇਹ ਬੋਲਣਾ ਬਹੁਤ ਬੁਰਾ ਲੱਗਾ, ਉਹ ਮਨ ਵਿਚ ਸੋਚਣ ਲੱਗੇ- ਇਹ ਨੌਜਵਾਨ ਲੜਕਾ ਕੀ ਬੱਚਿਆਂ ਵਾਲੀਆਂ ਗੱਲਾਂ ਕਰ ਰਿਹਾ ਹੈ। ਇਸ ਨੂੰ ਸਮਝ ਨਹੀਂ ਹੈ ?

ਥੋੜ੍ਹੀ ਦੇਰ ਬਾਅਦ, ਉਹ ਲੜਕਾ ਫੇਰ ਜ਼ੋਰ-ਜ਼ੋਰ ਦੀ ਬੋਲਣ ਲੱਗਾ—"ਪਾਪਾ, ਦੇਖੋ ਬਾਹਰ ਦਰਖਤ ਦੌੜ ਰਹੇ ਹਨ।" ਪਿਤਾ ਨੇ ਹਾਂ ਵਿਚ ਸਿਰ ਹਿਲਾਇਆ।

ਨੌਜਵਾਨ ਜੋੜੀ ਕੋਲੋਂ ਰਿਹਾ ਨਾ ਗਿਆ। ਉਹ ਉਸ ਦੇ ਪਿਤਾ ਨੂੰ ਕਹਿਣ ਲੱਗੇ " ਤੁਸੀਂ ਇਸ ਨੂੰ ਕਿਸੇ ਡਾਕਟਰ ਕੋਲ ਕਿਉਂ ਨਹੀਂ ਦਿਖਾ ਲੈਂਦੇ, ਇਹ ਕੇਹੀਆਂ ਬੱਚਿਆਂ ਵਾਲੀਆਂ ਹਰਕਤਾਂ ਕਰ ਰਿਹਾ ਹੈ। ਨੌਜਵਾਨ ਹੋਕੇ ਬੱਚਿਆਂ ਵਾਂਗ ਗੱਲਾਂ ਕਰ ਰਿਹਾ ਹੈ।"

ਹਾਂ ਬੇਟਾ, ਇਸ ਨੂੰ ਡਾਕਟਰ ਕੋਲ ਦਿਖਾਉਂਦਾ ਰਿਹਾ ਹਾਂ ਤੇ ਇਸ ਦਾ ਇਲਾਜ ਕਰਵਾ ਰਿਹਾ ਹਾਂ.... ਇਸ ਨੂੰ ਬਚਪਨ ਤੋਂ ਹੀ ਦਿਸਦਾ ਨਹੀਂ ਸੀ। ਅੱਜ ਵੀ ਡਾਕਟਰ ਕੋਲੋਂ ਹੀ ਆ ਰਿਹਾ ਹਾਂ... ਅੱਜ ਹੀ ਇਸ ਨੂੰ ਅੱਖਾਂ ਤੋਂ ਦਿਸਣਾ ਸ਼ੁਰੂ ਹੋਇਆ ਹੈ। ਇਸਨੇ ਬਚਪਨ ਤੋਂ ਲੈ ਕੇ ਅੱਜ ਤਕ ਕੁੱਝ ਨਹੀਂ ਸੀ ਦੇਖਿਆ। ਏਸੇ ਕਰਕੇ ਹੀ ਇਹ ਬੱਚਿਆਂ ਵਰਗੀਆਂ ਗੱਲਾਂ ਕਰ ਰਿਹਾ ਹੈ।"

ਨੌਜਵਾਨ ਜੋੜੀ, ਲੜਕੇ ਦੇ ਪਿਤਾ ਦੀ ਅਜੀਬ ਜਿਹੀ ਗੱਲ ਸੁਣਕੇ ਬਹੁਤ ਸ਼ਰਮਿੰਦਾ ਹੋਈ । ਉਨ੍ਹਾਂ ਨੇ ਆਪਣੀ ਗਲਤੀ ਦੀ ਮੁਆਫ਼ੀ ਮੰਗੀ ਤੇ ਕਿਹਾ– "ਸਾਨੂੰ ਇਸ ਤੁਹਾਡੇ ਤਰ੍ਹਾਂ ਨਹੀਂ ਸੀ ਕਹਿਣਾ ਚਾਹੀਦਾ... ਅਸੀਂ ਤੁਹਾਡਾ ਦਿਲ ਦੁਖਾਇਆ ਹੈ।"

ਸੋ ਸਾਨੂੰ ਬਿਨਾਂ ਸੋਚੇ ਸਮਝੇ ਕਿਸੇ ਬਾਰੇ ਕੋਈ ਗੱਲ ਨਹੀਂ ਕਰਨੀ ਚਾਹੀਦੀ। ਸਾਨੂੰ ਸੋਚ ਸਮਝ ਕੇ ਕਹਿਣਾ ਚਾਹੀਦਾ ਹੈ।

— ਪੇਸ਼ਕਸ਼ ਮਾਧੋਪੁਰੀ

## ਗ਼ਜ਼ਲ

ਜਾ ਜਾ ਜਾ ਜਾ ਜਾ ਕਿ ਅੱਤ ਦੀ ਗਰਮੀ ਹੈ।
ਬੱਦਲ ਬਣ ਕੇ ਆ ਕਿ ਅੱਤ ਦੀ ਗਰਮੀ ਹੈ।

ਅੱਗ ਵਰ੍ਹਦੀ ਹੈ ਬਾਹਰ ਅੰਦਰ ਹੁੰਮਸ ਹੈ,
ਸੁੱਕਦੇ ਜਾਂਦੇ ਸਾਹ ਕਿ ਅੱਤ ਦੀ ਗਰਮੀ ਹੈ।

ਗਰਮੀ 'ਚ ਜਦ ਭਾਅ ਪੁੱਛਿਆ ਮੈਂ ਨਿੰਬੂਆਂ ਦਾ,
ਕਹਿੰਦੇ ਹੱਥ ਨਾ ਲਾ ਕਿ ਅੱਤ ਦੀ ਗਰਮੀ ਹੈ।

ਜਿਸ ਬੱਦਲੀ ਨੇ ਸਾਰਾ ਅੰਬਰ ਰੰਗਿਆ ਸੀ,
ਹੋ ਗਈ ਉਹ ਵੀ ਹਵਾ ਕਿ ਅੱਤ ਦੀ ਗਰਮੀ ਹੈ।

ਇਹ ਕੇਹੋ ਜਿਹੀ ਹਵਾ ਵਗੀ ਹੈ ਹਿੰਸਾ ਦੀ,
ਸੜ ਗਏ ਰੁੱਖ ਤੇ ਘਾਹ ਕਿ ਅੱਤ ਦੀ ਗਰਮੀ ਹੈ।

ਤੱਤੀ ਤਵੀ 'ਤੇ ਉਸ ਤਾਂ ਠੰਢ ਵਰਤਾਈ ਸੀ,
ਤੂੰ ਵੀ ਕੁਝ ਵਰਤਾ ਕਿ ਅੱਤ ਦੀ ਗਰਮੀ ਹੈ।

ਮੁੱਦਤਾਂ ਪਿੱਛੋਂ 'ਚਰਨ' ਇੱਕਠੇ ਹੋਏ ਹਾਂ,
ਆ ਕੋਈ ਗ਼ਜ਼ਲ ਸੁਣਾ ਕਿ ਅੱਤ ਦੀ ਗਰਮੀ ਹੈ।

—ਚਰਨ ਸੀਚੇਵਾਲਵੀ
428, ਗੁਰੂ ਨਾਨਕ ਪੁਰਾ (ਵੈਸਟ)
ਡਾਕਖ਼ਾਨਾ- ਚੁੰਗਿਟੀ,
ਜਲੰਧਰ— 144009
ਫੋਨ : 098888-02323

## ਹਿਰਦੇ ਸਮਰਾਟ ਸਤਿਗੁਰੂ

—ਪ੍ਰੋ. ਜੋਗਿੰਦਰ ਸਿੰਘ ਕੰਗ

ਹਿਰਦੇ ਸਮਰਾਟ ਸਤਿਗੁਰੂ ਪ੍ਰਤਾਪ ਸਿੰਘ,
ਗੁਰ-ਸਿੱਖਾਂ ਤਾਈਂ ਉਹਨਾਂ ਖ਼ੂਬ ਪਿਆਰਿਆ।

ਹਰ ਇਕ ਸਿੱਖ ਤਾਈਂ ਨਿੱਜੀ ਸਾਂਝ ਪਾਈ ਉਸ,
ਸਮਾਜਿਕ ਕੁਰੀਤੀਆਂ ਨੂੰ ਜੜ੍ਹੋਂ ਪੁੱਟ ਮਾਰਿਆ।

ਦਿਲਾਂ ਦੀਆਂ ਜਾਣਦੇ ਤੇ ਝਟ-ਪਟ ਕਹਿ ਦੇਂਦੇ,
ਲੱਖਾਂ ਲੋਕਾਂ ਤਾਈਂ ਉਸ ਗੁਰੂ ਪਰਖਾਰਿਆ।

ਜੀਵਨ ਨਗਰ ਆਬਾਦ ਕੀਤਾ ਜੀਵਨ ਦੇ ਲਾਡਲੇ ਨੇ,
ਗੁਰ-ਸਿੱਖਾਂ ਤਾਈਂ ਨਵ-ਜੀਵਨ ਦਰਸਾਰਿਆ।

ਨਾਨਕ ਦੇ ਨਾਮ ਲੇਵਾ ਭੈਣੀ ਸਾਹਿਬ ਸੱਦ ਕੇ ਤੇ,
ਸਿੱਖ ਪੰਥ ਇਕੱਠਾ ਕਰ ਉਹਨਾ ਰਹਿ-ਨੁਮਾਰਿਆ।

ਕਵੀ ਵਿਦਵਾਨ ਰਾਗੀ ਜੱਥੇਦਾਰ ਪੈਦਾ ਕੀਤੇ,
'ਚੱਕਰਵਰਤੀ' 'ਆਲਿਮ' 'ਫਰਿਸਤਾ' ਸਤਿਕਾਰਿਆ।

ਸਾਹਿਤ ਸੰਗੀਤ-ਕਲਾ ਸਿਖਰੀਂ ਪਹੁੰਚਾ ਦਿੱਤੇ,
ਮਿਹਰ ਭਰੀ ਨਜ਼ਰ ਨਾਲ ਜਦੋਂ ਏ ਨਿਹਾਰਿਆ।

ਪਸ਼ੂਆਂ ਦਾ ਪਾਰਖੂ ਤੇ ਵੈਦ ਸੀ ਉਹ ਰੋਗੀਆਂ ਦਾ,
ਕਲਾ ਬੁੱਧ ਕੌਸ਼ਲ ਦਾ ਸਾਗਰ ਉੱਛਲਾਰਿਆ।

ਸਾਦਗੀ ਦਾ ਪੁੰਜ ਉਹ ਮਰਦ ਅਗੰਮੜਾ ਸੀ,
ਰਾਜੇ ਮਹਾਰਾਜਿਆਂ ਵੀ ਉਹਨੂੰ ਨਮਸ਼ਕਾਰਿਆ।

ਗੁਰਮਤਿ ਪ੍ਰਚਾਰ ਕੀਤਾ ਦੇਸ਼ ਵਿਦੇਸ਼ ਵਿਚ,
ਨਾਮਧਾਰੀ ਸਿੱਖੀ ਪੰਥ-ਬਾਗ ਮਹਿਕਾਰਿਆ।

ਵਰਨੀਆਂ ਅਖੰਡ ਪਾਠ ਹਵਨ ਕਰਵਾਏ ਉਹਨਾ,
ਚੀਨੀ ਵਾਲੇ ਪਾਤਸ਼ਾਹ ਨੂੰ ਤੱਕ ਤੱਕ ਹਾਰਿਆ।

"ਕੰਗ" ਨੇ ਅਨੇਕ ਤੱਕੇ ਚੋਜ ਸਤਿਗੁਰੂ ਜੀ ਦੇ,
ਭਾਦਰੋਂ ਦੀ ਪੰਜ ਦੇ ਵਿਛੋੜੇ ਤੜਫਾਰਿਆ।




NamdhariElibrary NamdhariElibrary@gmail.com

# ਦਿਲ ਦੀਆਂ ਗੱਲਾਂ

*-ਬਲਦੇਵ ਮਾਧੋਪੁਰੀ*

'ਦਿਲ' ਸ਼ਬਦ ਨੂੰ ਲੈਕੇ ਬਹੁਤ ਸਾਰੇ ਫ਼ਿਲਮੀ ਗਾਣੇ, ਲੋਕ-ਗੀਤ, ਗੱਲਾਂ ਤੇ ਕਈ ਤਰ੍ਹਾਂ ਦੀਆਂ ਕਹਾਣੀਆਂ ਪੜ੍ਹਨ-ਸੁਣਨ ਨੂੰ ਮਿਲਦੇ ਹਨ। ਲੇਕਿਨ ਦਿਲ ਹੈ ਕੀ ਚੀਜ਼! ਦਿਲ ਬੜੀ ਨਾਜ਼ੁਕ ਚੀਜ਼ ਹੈ।

ਮਾਂ ਬਾਪ ਆਪਣੇ ਬੱਚਿਆਂ ਨੂੰ ਦਿਲ ਦੇ ਟੁਕੜੇ ਕਹਿੰਦੇ ਹਨ। ਤੇ ਉਨ੍ਹਾਂ ਦੀ ਲੰਮੀ ਉਮਰ ਦੀ ਕਾਮਨਾ ਕਰਦੇ ਹਨ। ਇਹੀ ਦਿਲ ਦੇ ਟੁਕੜੇ ਜਦੋਂ ਜਵਾਨ ਹੋ ਜਾਂਦੇ ਹਨ ਤਾਂ ਉਨ੍ਹਾਂ ਦੇ ਦਿਲ ਵਿਚ ਪਿਆਰ ਦੀਆਂ ਉਮੰਗਾਂ ਉੱਠਣ ਲੱਗ ਪੈਂਦੀਆਂ ਹਨ। ਤੇ ਕੋਈ ਮੁੰਡਾ-ਕੁੜੀ ਇਕ ਦੂਜੇ ਨੂੰ ਦਿਲ ਦੇ ਬੈਠਦੇ ਹਨ ਤੇ ਇਕ ਦੂਜੇ ਨਾਲ ਦਿਲ ਦੀਆਂ ਗੱਲਾਂ ਸਾਂਝੀਆਂ ਕਰਨ ਲੱਗ ਪੈਂਦੇ ਹਨ। ਤੇ ਸਦਾ ਲਈ ਇਕ ਦੂਜੇ ਨਾਲ ਜੀਵਨ ਸਾਥ ਨਿਭਾਉਣ ਤਕ ਚਲੇ ਜਾਂਦੇ ਹਨ। ਬਹੁਤ ਵੇਰੀ ਐਸਾ ਹੁੰਦਾ ਹੈ ਮੁੰਡਾ-ਕੁੜੀ ਤਾਂ ਇਕ ਦਿਲ ਹੋਣ ਲਈ ਕਾਹਲੇ ਹੁੰਦੇ ਹਨ, ਪਰ ਮਾਪੇ ਜਾਂ ਸਮਾਜ ਉਨ੍ਹਾਂ ਨੂੰ ਇਕ ਨਹੀਂ ਹੋਣ ਦਿੰਦਾ। ਜਿਸ ਕਰਕੇ ਉਨ੍ਹਾਂ ਦੇ ਵਿਛੋੜੇ ਪੈ ਜਾਂਦੇ ਹਨ। ਦਿਲ ਟੁੱਟ ਜਾਂਦੇ ਹਨ। ਕਈ ਜੋੜੇ ਐਸੇ ਵੀ ਹੁੰਦੇ ਹਨ, ਜਿਹੜੇ ਸਮਾਜ ਦੀ ਤੇ ਘਰਦਿਆਂ ਦੀ ਪ੍ਰਵਾਹ ਨਹੀਂ ਕਰਦੇ ਤੇ ਆਪਣਾ ਵੱਖਰਾ ਕਿਨਾਰਾ ਕਰਕੇ ਦੂਰ ਕਿਤੇ ਘਰ ਵਸਾ ਲੈਂਦੇ ਹਨ, ਜਿਥੇ ਉਨ੍ਹਾਂ ਨੂੰ ਦਿਲ ਨਾਲ ਦਿਲ ਜੋੜਨ ਦਾ ਮੌਕਾ ਮਿਲਦਾ ਹੈ।

ਇਹੋ ਜਿਹੇ ਟੌਪਿਕ ਫ਼ਿਲਮਾਂ ਵਿਚ ਦੇਖਣ ਨੂੰ ਆਮ ਮਿਲਦੇ ਹਨ। ਸਹੀ ਮਾਅਨਿਆਂ ਵਿਚ ਜਵਾਨ ਦਿਲਾਂ ਦੇ ਪਿਆਰ ਨੂੰ ਹੀ ਜ਼ਿਆਦਾ ਅਹਿਮੀਅਤ ਦਿੱਤੀ ਜਾਂਦੀ ਹੈ ਤੇ ਦਰਸ਼ਕ ਉਨ੍ਹਾਂ ਦੇ ਦਿਲਾਂ ਦੀ ਫ਼ਿਲਮ ਦੇਖ ਕੇ ਖੁਸ਼ ਹੁੰਦਾ ਹੈ ਤੇ ਪੂਰਾ ਅਨੰਦ ਮਾਣਦਾ ਹੈ। ਬੇਸ਼ਕ ਕਹਾਣੀ ਕਿਸੇ ਹੋਰ ਟੌਪਿਕ ਤੇ ਹੋਵੇ, ਪਰ ਜ਼ਿਆਦਾ ਹੀਰੋ-ਹੀਰੋਇਨ ਨੂੰ ਪਿਆਰ ਕਰਦੇ ਦਿਖਾਇਆ ਜਾਂਦਾ ਹੈ ਤੇ ਆਖੀਰ ਤੇ ਉਨ੍ਹਾਂ ਦੀ ਹੀ ਜਿੱਤ ਦਿਖਾਈ ਜਾਂਦੀ ਹੈ। ਫ਼ਿਲਮ ਵਿਚਲੇ ਗੀਤ, ਜਿਸ ਗੀਤਕਾਰ ਨੇ ਬਣਾਏ ਹੁੰਦੇ ਹਨ, ਉਸਨੇ ਉਹ ਗੀਤ ਦਿਲ ਨਾਲ ਬਣਾਏ ਹੁੰਦੇ ਹਨ, ਜਿਸ ਨੂੰ ਸੁਣਕੇ ਦਿਲ ਅਸ਼-ਅਸ਼ ਕਰ ਉੱਠਦਾ ਹੈ। 'ਦਿਲ ਲੈਣਾ ਤੇ ਦਿਲ ਦੇਣਾ, ਸੌਦਾ ਇਕੋ ਜਿਹਾ' ਵਰਗੇ ਗੀਤ ਸੁਣਨ ਵਾਲਿਆਂ ਦੇ ਦਿਲ ਨੂੰ ਟੁੰਬਦੇ ਹਨ। ਅਕਸਰ ਗੀਤਕਾਰ ਦਾ ਵੀ ਦਿਲ ਹੈ, ਜਿਹੜਾ ਗੀਤ ਲਿਖਕੇ ਦੂਜਿਆਂ ਦੇ ਦਿਲਾਂ ਨੂੰ ਖੁਸ਼ ਕਰਦਾ ਹੈ। ਬਹੁਤੀਆਂ ਫ਼ਿਲਮਾਂ ਦਾ ਪਹਿਲੂ ਵੀ ਇਹ ਹੁੰਦਾ ਹੈ ਤੇ ਪ੍ਰੇਮੀ ਜੋੜਾ 'ਜਬ ਦਿਲ ਸੇ ਦਿਲ ਟਕਰਾਤਾ ਹੈ ....... ਮਤ ਪੂਛੀਏ ਕਯਾ ਹੋ ਜਾਤਾ ਹੈ'— ਇਹੋ ਜਿਹਾ ਗੀਤ ਗਾਉਂਦਾ ਦਿਖਾਇਆ ਜਾਂਦਾ ਹੈ।

ਹੁਣ ਦੂਜੇ ਪਾਸੇ ਆਈਏ— ਦਿਲ ਦਾ ਸਬੰਧ ਆਮ ਬੰਦੇ ਦੀ ਜ਼ਿੰਦਗੀ ਨਾਲ ਵੀ ਬਹੁਤ ਡੂੰਘਾ ਹੈ। ਅਸੀਂ ਬਾਜ਼ਾਰੋਂ ਕਈ ਚੀਜ਼ ਖਰੀਦਣ ਜਾਂਦੇ ਹਨ। ਚੀਜ਼ ਦੇਖਕੇ ਇਹੀ ਕਹਿੰਦੇ ਹਾਂ— "ਯਾਰ ਦਿਲ ਨਹੀਂ ਮੰਨਦਾ, ਇਹ ਮੈਨੂੰ ਚੰਗੀ ਨਹੀਂ ਲੱਗੀ। ਜਾਂ ਅੱਜ ਮੇਰਾ ਦਿਲ ਨਹੀਂ, ਫੇਰ ਕਿਸੇ ਦਿਨ ਆਵਾਂਗੇ।" ਬਿਮਾਰ ਬੰਦੇ ਨੂੰ ਘਰ ਦੇ ਕਹਿੰਦੇ ਹਨ— ਤੂੰ ਫਲਾਣੀ ਚੀਜ਼ ਖਾ ਲੈ, ਹੌਲੀ ਹੌਲੀ ਠੀਕ ਹੋ ਜਾਵੇਂਗਾ, ਪਰ ਮਰੀਜ਼ ਦਾ ਵੱਢਿਆ ਰੂਹ ਨਹੀਂ ਕਰਦਾ ਤੇ ਕਹਿੰਦਾ ਹੈ— 'ਮੇਰਾ ਦਿਲ ਨਹੀਂ ਕਰਦਾ ਖਾਣ ਨੂੰ!' ਤੇ ਖਾਣ ਵਾਲੀ ਚੀਜ਼ ਉਸਨੂੰ ਜ਼ਹਿਰ ਦਿਖਾਈ ਦਿੰਦੀ ਹੈ। ਤੇ ਪਰ੍ਹੇ ਕਰਦਾ ਹੈ। ਘਰੋਂ ਰੱਜ-ਪੁੱਜ ਕੇ ਜੇ ਕੋਈ ਬੰਦਾ ਆਪਣੇ ਕਿਸੇ ਦੋਸਤ ਮਿੱਤਰ ਨੂੰ ਮਿਲਣ ਚਲਾ ਜਾਵੇ ਤਾਂ ਅੱਗੋ ਉਸ ਦਾ ਮਿੱਤਰ ਕੁਝ ਖਾਣ ਲਈ ਪੁੱਛੇ ਤਾ ਬੰਦਾ ਕਹਿੰਦਾ ਹੈ— ਯਾਰ ਦਿਲ ਭਰਿਆ ਪਿਆ ਹੈ ਕੁਝ ਹੋਰ ਖਾਣ ਨੂੰ ਦਿਲ ਨਹੀਂ ਮੰਨਦਾ।

ਦਿਲ ਬਾਰੇ ਬਹੁਤ ਸਾਰੇ ਵਿਦਵਾਨਾਂ ਨੇ ਆਪਣੇ ਵਿਚਾਰ ਪੇਸ਼ ਕੀਤੇ ਹਨ, ਕਿਸਨੇ ਸ਼ੇਅਰਾਂ ਦੇ ਰੂਪ ਵਿਚ, ਕਿਸੇ ਨੇ ਕਵਿਤਾਵਾਂ ਦੇ ਰੂਪ ਵਿਚ, ਕਿਸੇ ਨੇ ਗੀਤਾਂ ਦੇ ਰੂਪ ਵਿਚ ਲਿਖੇ ਹਨ। ਨਰਿਜਨ ਸਿੰਘ ਸਾਥੀ ਇਕ ਕਿਤਾਬ 'ਕਥਨਾਵਲੀ' ਵਿਚੋਂ ਦਿਲ ਬਾਰੇ ਵਿਦਵਾਨਾਂ ਦੇ ਕੁੱਛ ਅੰਸ਼ ਪੇਸ਼ ਹਨ—

- ਘੋੜੇ ਦਿਲਾਂ ਦੇ ਅੱਤ ਮੂੰਹ ਤਾਣ ਹੁੰਦੇ
ਦੱਸ ਸ਼ੌਕ ਦੀ ਵਾਗ ਕਿਸ ਥੰਮੜੀ ਏ।
ਦਲ ਰੰਨ ਦਾ ਛੱਲੜਾ ਕੱਚਦਾ ਏ।

—ਵਾਰਸ਼ ਸ਼ਾਹ

- ਜਿਨਾਂ ਦਾ ਦਿਲ ਬਰਫ਼ ਵਾਂਗ ਸਰਦ ਹੈ ਤੇ ਜਿਨ੍ਹਾਂ ਦੇ ਦਿਲ ਵਿਚ ਪ੍ਰੇਮ ਦੀ ਜਲਨ ਨਹੀਂ ਹੁੰਦੀ, ਉਹ ਦਿਲ ਜ਼ਿਆਦਾ ਚਿਰ ਤੱਕ ਤਾਜ਼ਾ ਰਹਿੰਦਾ ਹੈ।

—ਟੈਗੋਰ

- ਜਿਤ ਵਲ ਉਲਟ ਪਵੇ ਰੁਖ ਦਿਲ ਦਾ,
ਏਹ ਨੈਣ ਪ੍ਰਾਣ ਤਦਾਹੀਂ।
ਹਾਸ਼ਮ ਦੋਸ਼ ਨੈਣਾਂ ਨੂੰ ਕੇਹਾ,
ਇਸ ਦਿਲ ਦੀਆਂ ਦੂਰ ਨਿਗਾਂਹੀਂ।

—ਹਾਸ਼ਮ ਸ਼ਾਹ

-ਦਿਲ ਉਸ ਕਾ ਥਾ, ਦਿਲ ਮੇਰਾ ਭੀ,
ਫਰਕ 'ਸ਼ਕੀਲ' ਇਤਨਾ ਹੈ ਮਗਰ।

ਵੋਹ ਪੱਥਰ ਥਾ ਜੋ ਸਾਬਤ ਹੈ,
ਇਹ ਸ਼ੀਸ਼ਾ ਥਾ ਜੋ ਟੂਟ ਗਿਆ।

—ਸ਼ਕੀਲ


NamdhariElibrary NamdhariElibrary@gmail.com

# ਚਿੱਠੀਆਂ ਲਿਖ ਸਜਣਾਂ ਨੇ ਪਾਈਆਂ

ਪਿਆਰੇ ਸੰਪਾਦਕ ਜੀ,

ਅਗਸਤ ਦਾ 'ਵਰਿਆਮ' ਮਿਲਿਆ। 'ਵਰਿਆਮ' ਆਉਂਦਾ ਹੈ ਤਾਂ ਇਉਂ ਲਗਦਾ ਹੈ ਜਿਵੇਂ ਮਿੱਤਰ ਪਿਆਰੇ ਸੰਤ ਜਗਦੀਸ਼ ਸਿੰਘ ਜੀ ਦੀ ਚਿੱਠੀ ਆ ਗਈ ਹੋਵੇ। ਪਰ ਇਕਦਮ ਅਹਿਸਾਸ ਹੁੰਦਾ ਹੈ ਤੇ ਹਉਕਾ ਨਿਕਲਦਾ ਹੈ, ਹੁਣ ਚਿੱਠੀ ਕਿਥੇ! ਉਹਨਾਂ ਦੀ ਮਜਬੂਰ ਅਵਸਥਾ ਦਾ ਖ਼ਿਆਲ ਕਰਦਿਆਂ ਅਜਿਹੇ ਮੌਕੇ ਸੌ, ਸਵਾ ਸੌ ਸਾਲ ਪਹਿਲਾਂ ਹੋਏ ਉਸਤਾਦ ਉਰਦੂ ਸ਼ਾਇਰ ਜਨਾਬ ਦਾਗ਼ ਦਿਹਲਵੀ ਦੀ ਇਕ ਮਸ਼ਹੂਰ ਗ਼ਜ਼ਲ ਦੇ ਦੋ ਸ਼ਿਅਰ ਯਾਦ ਆ ਜਾਂਦੇ ਹਨ: "ਉਜ਼ਰ ਆਨੇ ਮੇਂ ਭੀ ਹੈ ਔਰ ਬੁਲਾਤੇ ਭੀ ਨਹੀਂ/ ਬਾਇਸ-ਏ-ਤਰਕ-ਏ-ਮੁਲਾਕਾਤ ਬਤਾਤੇ ਭੀ ਨਹੀਂ/ ਖ਼ੂਬ ਪਰਦਾ ਹੈ ਕਿ ਚਿਲਮਨ ਸੇ ਲਗੇ ਬੈਠੇ ਹੈਂ/ ਸਾਫ਼ ਛੁਪਤੇ ਭੀ ਨਹੀਂ, ਸਾਹਮਨੇ ਆਤੇ ਭੀ ਨਹੀਂ!" ਅਰਥਾਤ, "ਨਾ ਆਪ ਆਉਂਦੇ ਨੇ, ਨਾ ਸਾਨੂੰ ਬੁਲਾਉਂਦੇ ਨੇ ਤੇ ਨਾ ਮਿਲਣਾ-ਗਿਲਣਾ ਛੱਡਣ ਦਾ ਕੋਈ ਕਾਰਨ ਹੀ ਦਸਦੇ ਨੇ। ਅਜੀਬ ਪਰਦਾ ਹੈ ਕਿ ਚਿਲਮਨ ਨਾਲ ਲਗੇ ਬੈਠੇ ਨੇ, ਨਾ ਉਹਲੇ ਹੁੰਦੇ ਨੇ ਤੇ ਨਾ ਸਾਹਮਣੇ ਆਉਂਦੇ ਨੇ!" ਬੱਸ ਦੂਜੇ ਸ਼ਿਅਰ ਵਿਚ ਚਿਲਮਨ ਦੀ ਥਾਂ ਆਈਸੀਯੂ ਕਰਨ ਦੀ ਲੋੜ ਹੈ": "ਖ਼ੂਬ ਪਰਦਾ ਹੈ ਕਿ ਆਈਸੀਯੂ ਮੇਂ ਪੜੇ ਹੈਂ/ ਸਾਫ਼ ਛੁਪਤੇ ਭੀ ਨਹੀਂ, ਸਾਹਮਨੇ ਆਤੇ ਭੀ ਨਹੀਂ!"

—ਗੁਰਬਚਨ ਸਿੰਘ ਭੁੱਲਰ

'ਵਰਿਆਮ' ਆਉਂਦਾ ਹੈ ਤਾਂ ਨੇੜੇ ਰਹਿ ਕੇ ਵੀ ਦੂਰ ਹੋਏ ਪਿਆਰੇ ਮਿੱਤਰ ਜਗਦੀਸ਼ ਸਿੰਘ ਵਰਿਆਮ ਦੀ ਯਾਦ ਦੀ ਚੁਭਣ ਹੋਰ ਤਿੱਖੀ ਹੋ ਜਾਂਦੀ ਹੈ। ਉਹਨਾਂ ਲਈ ਤਾਂ ਹੁਣ ਰੱਬ ਤੋਂ, ਨਾ ਲੋਕ ਵਾਸਤੇ ਤੇ ਨਾ ਪਰਲੋਕ ਵਾਸਤੇ, ਕੁਝ ਮੰਗਿਆ ਵੀ ਨਹੀਂ ਜਾਂਦਾ! ਨਾ ਇਸ ਲੋਕ ਵਿਚ ਲੰਮੀ ਉਮਰ ਦੀ ਅਰਦਾਸ ਕਰ ਸਕਦੇ ਹਾਂ ਤੇ ਨਾ ਪਰਲੋਕ ਵਿਚ ਚਰਨਾਂ ਵਿਚ ਨਿਵਾਸ ਸੋਚਿਆ ਜਾਂਦਾ ਹੈ!

ਖ਼ੁਸ਼ੀ ਹੈ ਕਿ ਉਮਰੋਂ ਜਵਾਨ ਵਰਿਆਮ ਸਿੰਘ ਸੰਧੂ ਕਲਮੋਂ ਵੀ ਜਵਾਨ ਰਹਿੰਦਿਆਂ ਕੁਝ ਨਾ ਕੁਝ ਕਦਰਜੋਗ ਲਿਖਦਾ ਰਹਿੰਦਾ ਹੈ। ਹਾਂ, ਉਹਦੇ ਨਾਂ ਨਾਲ ਡਾਕਟਰ ਲਿਖ ਕੇ ਉਹਨੂੰ ਛੋਟਾ ਨਾ ਕਰਿਆ ਕਰੋ। ਜੇ ਉਹ ਆਪ ਡਾਕਟਰ ਲਿਖ ਕੇ ਭੇਜੇ, ਕੱਟ ਦਿਆ ਕਰੋ। ਇਤਰਾਜ਼ ਕਰੇ ਤਾਂ ਕਹਿਣਾ, ਭੁੱਲਰ ਭਾਅ-ਜੀ ਨੇ ਕੱਟਣ ਨੂੰ ਕਿਹਾ ਹੈ। ਸੁਵਰਨ ਸਿੰਘ ਵਿਰਕ ਦੀ ਸੁਵਰਨੀ ਕਲਮ ਪਤਾ ਨਹੀਂ ਕਿੰਨੀ ਲਗਨ ਤੇ ਮਿਹਨਤ ਨਾਲ ਅਣਜਾਣੇ-ਅਣਗੌਲੇ ਪਰ ਮਾਣਜੋਗ ਵਿਅਕਤੀਆਂ ਨੂੰ ਲੱਭ ਲੱਭ ਅਗੇ ਲਿਆਉਂਦੀ ਰਹਿੰਦੀ ਹੈ। ਇਹ ਸਾਡੀ ਕੁੜੀ ਡਾ. ਹਰਸ਼ਿੰਦਰ ਕੌਰ ਨੂੰ ਪੂਰੇ ਸਿਦਕ ਨਾਲ ਲਿਖਦਿਆਂ ਦੇਖ ਕੇ ਖ਼ੁਸ਼ੀ ਤੇ ਤਸੱਲੀ ਹੁੰਦੀ ਹੈ। ਸਵਰਗ ਦੀ ਖਿੜਕੀ ਵਿਚੋਂ ਦੇਖਦੇ ਪ੍ਰੋਫੈਸਰ ਸਾਹਿਬ ਜ਼ਰੂਰ ਮੁਸਕਰਾਉਂਦੇ ਰਹਿੰਦੇ ਹੋਣਗੇ! ਮੋਹਨ ਸਿੰਘ ਨੂੰ 'ਸੋਵੀਅਤ ਦੇਸ ਨਹਿਰੂ ਪੁਰਸਕਾਰ' ਭੂਪਿੰਦਰ ਉਸਤਾਦ ਦੇ ਲਿਖੇ ਵਾਂਗ 'ਨਾਨਕਾਇਣ' ਵਾਸਤੇ ਨਹੀਂ, ਪੁਸਤਕ 'ਜੈ ਮੀਰ' ਵਾਸਤੇ ਮਿਲਿਆ ਸੀ। 'ਮੀਰ' ਰੂਸੀ ਵਿਚ ਅਮਨ ਨੂੰ ਆਖਦੇ ਹਨ।

—ਗੁਰਬਚਨ ਸਿੰਘ ਭੁੱਲਰ


NamdhariElibrary NamdhariElibrary@gmail



# ਆਜ਼ਾਦੀ ਦੇ 70 ਸਾਲ

*–ਮਹਿੰਦਰ ਸਿੰਘ ਧੰਜਲ*

ਜਿਸ ਆਜ਼ਾਦੀ ਨੂੰ ਅਸੀਂ ਮਾਣ ਰਹੇ ਹਾਂ, ਇਸ ਆਜ਼ਾਦੀ ਨੂੰ ਲੈਣ ਲਈ ਭਾਰਤ-ਵਾਸੀਆਂ ਨੂੰ ਲੰਬਾ ਸਮਾਂ ਸੰਘਰਸ਼ ਕਰਨਾ ਪਿਆ ਤੇ ਇਸਦੀ ਭਾਰੀ ਕੀਮਤ ਚੁਕਾਉਣੀ ਪਈ। ਆਜ਼ਾਦੀ ਦੀ ਮੰਗ ਕਰਨ ਵਾਲੇ ਦੇਸ਼ ਭਗਤਾਂ ਨੂੰ ਅੰਗ੍ਰੇਜ਼ੀ ਸਰਕਾਰ ਦੇ ਕਰੋਧ ਦਾ ਨਿਸ਼ਾਨਾ ਬਣਨਾ ਪਿਆ। ਹਜ਼ਾਰਾਂ ਦੀ ਗਿਣਤੀ ਵਿੱਚ ਦੇਸ਼ ਭਗਤ ਤੋਪਾਂ ਨਾਲ ਉਡਾਏ ਗਏ, ਹਜ਼ਾਰਾਂ ਹੀ ਫ਼ਾਂਸੀ ਦੇ ਤਖ਼ਤਿਆਂ ਤੇ ਚੜ੍ਹੇ ਅਤੇ ਅਨੇਕਾਂ ਹੀ ਕਾਲੇ ਪਾਣੀ ਦੀ ਸਜ਼ਾ ਕਟਦੇ ਕਟਦੇ ਰੱਬ ਨੂੰ ਪਿਆਰੇ ਹੋ ਗਏ, ਉਨ੍ਹਾਂ ਨੂੰ ਮੁੜ ਆਪਣੇ ਦੇਸ਼ ਦੀ ਧਰਤੀ ਤੇ ਪੈਰ ਰੱਖਣ ਦਾ ਸੁਭਾਗ ਪ੍ਰਾਪਤ ਨਾ ਹੋਇਆ। ਇਨ੍ਹਾਂ ਦੇਸ਼ ਭਗਤਾਂ ਦੇ ਨਾਂਵਾਂ ਦੀ ਸੂਚੀ ਬਹੁਤ ਲੰਬੀ ਹੈ, ਜਿਨ੍ਹਾਂ ਦੇ ਸ਼ਹੀਦੀ ਦਿਨ ਅਸੀਂ ਹਰ ਸਾਲ ਮਨਾਉਂਦੇ ਹਾਂ। ਇਸ ਤੋਂ ਇਲਾਵਾ ਹਜ਼ਾਰਾਂ ਦੇਸ਼ ਭਗਤ ਅਜਿਹੇ ਵੀ ਹੋਣਗੇ, ਜਿਹੜੇ ਕਿ ਕਿਸੇ ਇਤਿਹਾਸਕਾਰ ਦੀ ਕਲਮ ਦੀ ਨੋਕ ਤੇ ਨਹੀਂ ਆਏ। ਉਹ ਗੁੰਮਨਾਮ ਵੀ ਆਪਣੀਆਂ ਪਿਆਰੀਆਂ ਜ਼ਿੰਦਗੀਆਂ ਦੇਸ਼ ਦੇ ਲੇਖੇ ਲਾ ਗਏ।

ਦੇਸ਼ ਨੂੰ ਆਜ਼ਾਦ ਕਰਵਾਉਣ ਲਈ ਜਿਹੜੀਆਂ ਲਹਿਰਾਂ ਚੱਲੀਆਂ, ਉਨ੍ਹਾਂ ਦੀ ਨਿਸ਼ਾਨ-ਦੇਹੀ ਦੋ ਹਿੱਸਿਆਂ ਵਿੱਚ ਕੀਤੀ ਜਾ ਸਕਦੀ ਹੈ—ਇੱਕ ਸ਼ਾਂਤਮਈ ਲਹਿਰ ਜਿਸਦੇ ਆਗੂ ਅਹਿੰਸਾ ਵਿੱਚ ਯਕੀਨ ਰੱਖਦੇ ਸਨ। ਦੂਜੀ ਗਰਮ ਖਿਆਲੀ ਲਹਿਰ ਜਿਸਦੇ ਆਗੂ ਹਿੰਸਾ ਵਿੱਚ ਭਾਵ ਹਥਿਆਰਾਂ ਨਾਲ ਆਜ਼ਾਦੀ ਲੈਣਾ ਚਾਹੁੰਦੇ ਸਨ। ਆਜ਼ਾਦ ਹਿੰਦ ਫੌਜ ਦੇ ਨੇਤਾ ਸੁਭਾਸ਼ ਚੰਦਰ ਬੋਸ ਉਨ੍ਹਾਂ ਗਰਮ-ਖਿਆਲੀ ਆਗੂਆਂ ਵਿੱਚੋਂ ਇੱਕ ਸਨ, ਉਨ੍ਹਾਂ ਦੇਸ਼ ਵਾਸੀਆਂ ਨੂੰ ਅਪੀਲ ਕੀਤੀ ਕਿ 'ਤੁਸੀਂ ਮੈਨੂੰ ਖ਼ੂਨ ਦਿਓ, ਮੈਂ ਤੁਹਾਨੂੰ ਆਜ਼ਾਦੀ ਲੈ ਕੇ ਦੇਵਾਂਗਾ।'

ਦੇਸ਼ ਨੂੰ ਆਜ਼ਾਦ ਕਰਵਾਉਣ ਲਈ ਪੰਜਾਬੀਆਂ ਨੇ ਸਭ ਤੋਂ ਵੱਧ ਕੁਰਬਾਨੀਆਂ ਦਿੱਤੀਆਂ। ਪੰਜਾਬ ਨੂੰ ਹੀ ਦੇਸ਼ ਦੇ ਹੋਰ ਸੂਬਿਆਂ ਨਾਲੋਂ ਵੱਧ ਮੁਸੀਬਤਾਂ ਦਾ ਸਾਹਮਣਾ ਕਰਦੇ ਮਾਰ ਖਾਣੀ ਪਈ। 13 ਅਪਰੈਲ, 1919 ਈ. ਨੂੰ ਵੈਸਾਖੀ ਵਾਲੇ ਦਿਨ ਅੰਗਰੇਜ਼ ਅਫ਼ਸਰ ਜਨਰਲ ਡਾਇਰ ਨੇ ਜਲ੍ਹਿਆਂ ਵਾਲਾ ਬਾਗ ਅੰਮ੍ਰਿਤਸਰ ਵਿੱਚ ਸ਼ਾਂਤਮਈ ਢੰਗ ਨਾਲ ਰੋਸ ਪ੍ਰਗਟ ਕਰ ਰਹੇ ਹਜ਼ਾਰਾਂ ਪੰਜਾਬੀਆਂ ਨੂੰ ਗੋਲੀਆਂ ਨਾਲ ਭੁੰਨ ਦਿੱਤਾ। ਇਸ ਬੇਇਜ਼ਤੀ ਦਾ ਬਦਲਾ ਸ੍ਰ. ਊਧਮ ਸਿੰਘ ਨੇ ਜਨਰਲ ਡਾਇਰ ਨੂੰ ਉਸਦੇ ਆਪਣੇ ਦੇਸ਼ ਵਿੱਚ ਹੀ ਮਾਰ ਕੇ ਲਿਆ। ਸਾਡੇ ਦੇਸ਼ ਨੂੰ ਆਜ਼ਾਦੀ ਮਿਲਣ ਤੋਂ ਪਹਿਲਾਂ ਹੀ ਅੰਗਰੇਜ਼ ਸਰਕਾਰ ਨੇ ਆਪਣੀ ਕੁਟਲ ਨੀਤੀ ਨਾਲ ਦੇਸ਼ ਨੂੰ ਦੋ ਹਿੱਸਿਆਂ ਵਿੱਚ ਵੰਡ ਦਿੱਤਾ—ਇੱਕ ਹਿੰਦੁਸਤਾਨ ਤੇ ਦੂਸਰਾ ਪਾਕਿਸਤਾਨ। ਪੰਜਾਬ ਦਾ ਅੱਧ ਨਾਲੋਂ ਵੱਧ ਹਿੱਸਾ ਪਾਕਿਸਤਾਨ ਵਿੱਚ ਚਲਾ ਗਿਆ। ਪਾਕਿਸਤਾਨ ਬਣਨ ਨਾਲ ਦੋਵੇਂ ਪਾਸੇ ਜਨੂੰਨੀ ਫ਼ਸਾਦ ਸ਼ੁਰੂ ਹੋ ਗਏ। ਲੱਖਾਂ ਹੀ ਲੋਕ ਜਨੂੰਨੀ ਫ਼ਸਾਦਾਂ ਦਾ ਸ਼ਿਕਾਰ ਹੋਣ ਕਾਰਨ ਮਾਰੇ ਗਏ। ਲੁੱਟ ਖਸੁੱਟ ਹੋਣ ਲੱਗੀ, ਹਜ਼ਾਰਾਂ ਹੀ ਔਰਤਾਂ ਬੇਇਜ਼ਤ ਕਰਕੇ ਕਤਲ ਕਰ ਦਿੱਤੀਆਂ ਗਈਆਂ ਜਾਂ ਫਿਰ ਔਰਤਾਂ ਨੇ ਆਪਣੀ ਇੱਜ਼ਤ ਆਬਰੂ ਬਚਾਉਣ ਖ਼ਾਤਰ ਆਪਣੇ ਆਪ ਨੂੰ ਖ਼ਤਮ ਕਰ ਲਿਆ। ਦੋਹੀਂ ਪਾਸੀਂ ਲੋਕ ਘਰੋਂ ਬੇਘਰ ਹੋ ਗਏ। ਇਸ ਸਭ ਦੇ ਬਾਵਜੂਦ ਦੇਸ਼ ਵਾਸੀ ਖੁਸ਼ ਸਨ ਕਿ ਸਾਡਾ ਦੇਸ਼ ਤਾਂ ਆਜ਼ਾਦ ਹੋਇਆ; ਕਿਉਂਕਿ ਆਜ਼ਾਦੀ ਹੀ ਸਭ ਤੋਂ ਵੱਡੀ ਨਿਆਮਤ ਹੈ। ਇਸੇ ਲਈ ਕਿਸੇ ਕਵੀ ਨੇ ਆਜ਼ਾਦੀ ਦੀ ਮਹੱਤਤਾ ਦਸਦੇ ਹੋਏ ਲਿਖਿਆ ਹੈ:—

"ਸੁਖ ਨੀਂਦੇ ਜੇ ਸੁੱਤਾ ਚਾਹੇਂ,
ਵੱਸ ਨਾ ਪਈਂ ਅਮੀਰਾਂ ਦੇ,
ਬੰਦੀਖਾਨੇ ਦੇ ਹਲਵੇ ਨਾਲੋਂ,
ਟੁਕੜੇ ਭਲੇ ਫਕੀਰਾਂ ਦੇ।"

ਕਾਂਗਰਸ ਪਾਰਟੀ ਦੀ ਅਗਵਾਈ ਵਿੱਚ ਚਲਦਿਆਂ ਦੇਸ਼ ਵਾਸੀਆਂ ਦੇ ਸਾਂਝੇ ਯਤਨਾਂ ਸਦਕਾ ਆਖਿਰ ਅੰਗਰੇਜ਼ਾਂ ਦੀ ਗੁਲਾਮੀ ਤੋਂ 15 ਅਗਸਤ, 1947 ਨੂੰ ਦੇਸ਼ ਆਜ਼ਾਦ ਹੋ ਗਿਆ। ਅੰਗਰੇਜ਼ਾਂ ਦੇ ਜਾਣ ਤੋਂ ਬਾਅਦ ਦੇਸ਼ ਵਿੱਚ ਕਾਂਗਰਸ ਪਾਰਟੀ ਦੀ ਸਰਕਾਰ ਬਣੀ। ਸਰਕਾਰ ਨੇ ਆਪਣਾ ਸੰਵਿਧਾਨ ਤਿਆਰ ਕਰਨ ਲਈ ਡਾ: ਅੰਬੇਡਕਰ ਦੀ ਅਗਵਾਈ ਵਿੱਚ ਇੱਕ ਸੰਵਿਧਾਨਿਕ ਕਮੇਟੀ ਬਣਾਈ, ਜਿਸਨੇ ਲਿਖਤੀ ਰੂਪ ਵਿੱਚ ਸੰਵਿਧਾਨ ਬਣਾਇਆ। ਦੁਨੀਆਂ 'ਚੋਂ ਸਭ ਤੋਂ ਵੱਡੇ ਲਿਖਤੀ ਸੰਵਿਧਾਨ ਨੂੰ 26 ਜਨਵਰੀ 1950 ਈ: ਨੂੰ ਸਾਰੇ ਦੇਸ਼ ਵਿੱਚ ਲਾਗੂ ਕਰਕੇ ਭਾਰਤ ਨੂੰ ਲੋਕਤੰਤਰ ਰਾਜ ਘੋਸ਼ਿਤ ਕੀਤਾ ਗਿਆ। ਲੋਕਤੰਤਰ ਤੋਂ ਭਾਵ ਲੋਕਾਂ ਦੀ ਸਰਕਾਰ, ਲੋਕਾਂ ਦੁਆਰਾ ਸਰਕਾਰ


NamdhariElibrary NamdhariElibrary@gmail.com

ਅਤੇ ਲੋਕਾਂ ਲਈ ਸਰਕਾਰ।

ਦੁਨੀਆਂ ਵਿੱਚ ਸਭ ਤੋਂ ਵੱਡੇ ਸਾਡੇ ਲੋਕਤੰਤਰ ਦਾ ਮੁੱਲਾਂਕਣ ਕਰੀਏ ਤਾਂ ਨਿਰਾਸ਼ਾ ਹੀ ਪੱਲੇ ਪੈਂਦੀ ਹੈ, ਕਿਉਂਕਿ ਜਿਸ ਤਰ੍ਹਾਂ ਦਾ ਦੇਸ਼ ਨਿਰਮਾਣ ਅਸੀ ਕਰਨਾ ਚਾਹੁੰਦੇ ਸੀ, ਉਸ ਤਰ੍ਹਾਂ ਦਾ ਨਿਰਮਾਣ ਅਸੀਂ ਨਹੀਂ ਕਰ ਸਕੇ। ਦੇਸ਼ਵਾਸੀਆਂ ਨੇ ਲੁਟੇਰੇ ਸਾਮਰਾਜਵਾਦੀ ਅੰਗਰੇਜ਼ ਸਰਕਾਰ ਤੋਂ ਤਾਂ ਮੁਕਤੀ ਪਾ ਲਈ, ਪਰ ਉਸਦੀ ਥਾਂ ਜਿਹੜੀ ਸਰਕਾਰ ਬਣੀ ਉਨ੍ਹਾਂ ਦਾ ਰਾਜ ਕਰਨ ਦਾ ਢੰਗ ਵੀ ਉਹੀ ਸਰਮਾ ਏਦਾਰੀ ਵਾਲਾ ਰਿਹਾ, ਜਿਹੜਾ ਅੰਗਰੇਜ਼ੀ ਸਰਕਾਰ ਦਾ ਸੀ। ਇਸ ਬਾਰੇ ਤਾਰਾ ਸਿੰਘ ਅਣਜਾਣ ਆਪਣੀ ਪੁਸਤਕ 'ਸੰਭਾਲ' ਵਿੱਚ ਲਿਖਦੇ ਹਨ:—

"ਸੱਚੇ ਪਾਤਸ਼ਾਹ, ਬਾਦਸ਼ਾਹ ਖਤਮ ਹੋ ਗਏ,  
ਉੱਦੂ ਵੱਡੀ ਵਜ਼ੀਰਾਂ ਦੀ ਡਾਰ ਹੋ ਗਈ।  
ਪਰਮਿਟ, ਕੋਟੇ, ਲਸੰਸ ਨਿਝੱਕ ਵੰਡਣ,  
ਭੇਟਾ ਜਦੋਂ ਵਪਾਰੀ ਤੋਂ ਕਾਰ ਹੋ ਗਈ।  
ਜਿਉਂਦੀ ਲਾਸ਼ ਦਿਸਣ ਭੁੱਖ ਨੰਗ ਡੰਗੇ,  
ਜਨਤਾ ਉੱਤੇ ਮਹਿਗਾਈ ਸਵਾਰ ਹੋ ਗਈ।  
ਜਗੀਰਦਾਰਾਂ ਦੇ ਲਈ ਬਹਾਰ ਹੋ ਗਈ,  
ਮਿਲਾਵਟ ਭਰੀ ਹਰ ਚੀਜ਼ ਤਿਆਰ ਹੋ ਗਈ।  
ਸਾਹਨ ਸੁਆਰਥ ਦਾ ਫਿੱਟਿਆ ਢੁੱਡ ਮਾਰੇ,  
ਆਪਣੇ ਸੁਆਦ ਦੀ ਚੀਜ਼ ਉਹ ਸਦਾ ਚਰਦੇ।  
ਤੇਰੇ ਬਿਨ੍ਹਾਂ ਇਹ ਨੱਥਿਆ ਨਹੀਂ ਜਾਣਾ,  
ਵਾਲੀ ਵਤਨ ਦੇ ਵਤਨ ਪੁਕਾਰ ਕਰਦੇ।"

ਦੇਸ਼ ਨੂੰ ਆਜ਼ਾਦ ਹੋਇਆਂ 70 ਸਾਲ ਹੋ ਗਏ ਹਨ। ਦਿਨ-ਬ- ਦਿਨ ਵਧ ਰਹੀ ਮਹਿਗਾਈ ਨੇ ਗਰੀਬਾਂ ਦਾ ਜਿਉਣਾ ਹਰਾਮ ਕਰ ਦਿੱਤਾ ਹੈ। ਦਫਤਰਾਂ ਵਿੱਚ ਰਿਸ਼ਵਤ ਦਾ ਹੀ ਬੋਲਬਾਲਾ ਹੈ। ਮਿਲਾਵਟਖੋਰੀ ਦਾ ਧੰਦਾ ਜ਼ੋਰਾਂ ਤੇ ਹੈ। ਦੇਸ਼ ਵਿੱਚ ਬੇਰੋਜ਼ਗਾਰੀ ਦਾ ਵਾਧਾ ਹੋ ਰਿਹਾ ਹੈ। ਲੱਖਾਂ ਪੜ੍ਹੇ-ਲਿਖੇ ਨੌਜਵਾਨ ਹੱਥਾਂ ਵਿੱਚ ਡਿਗਰੀਆਂ ਚੁੱਕੀ ਇੱਕ ਦਫ਼ਤਰ ਤੋਂ ਦੂਜੇ ਦਫ਼ਤਰ ਫਿਰਦੇ ਹਨ, ਪਰ ਨੌਕਰੀ ਨਹੀਂ ਮਿਲਦੀ। ਨੌਕਰੀ ਲੈਣ ਲਈ ਵੀ ਤਾਂ ਰੁਪਇਆਂ ਦੀ ਜ਼ਰੂਰਤ ਹੈ। ਇਸੇ ਲਈ ਵਿਹਲੇ ਨੌਜਵਾਨਾਂ ਵਿੱਚ ਨਸ਼ਾ ਕਰਨ ਦਾ ਰੁਝਾਨ ਵਧ ਰਿਹਾ ਹੈ। ਨਸ਼ਿਆਂ ਨੇ ਦੇਸ਼ ਦੀ ਨੌਜੁਆਨ ਪੀੜ੍ਹੀ ਨੂੰ ਬਰਬਾਦ ਕਰ ਦਿੱਤਾ ਹੈ। ਗਰੀਬ ਆਦਮੀ ਨੂੰ ਅਦਾਲਤਾਂ ਵਿੱਚ ਇਨਸਾਫ ਨਹੀਂ ਮਿਲਦਾ। ਸਿੱਖਿਆ ਦਾ ਵਪਾਰੀਕਰਨ ਹੋਣ ਕਰਕੇ ਸਾਧਾਰਣ ਆਦਮੀ ਆਪਣੇ ਬੱਚਿਆਂ ਨੂੰ ਨਹੀਂ ਪੜ੍ਹਾ ਸਕਦਾ। ਮੁੱਢਲੀਆਂ ਸਿਹਤ ਸਹੂਲਤਾਂ ਤੇ ਇਲਾਜ ਮਹਿੰਗੇ ਹੋ ਗਏ ਹਨ। ਕਰੜੀ ਮਿਹਨਤ ਮੁਸ਼ੱਕਤ ਕਰਨ ਵਾਲੇ ਕਿਸਾਨ ਤੇ ਮਜ਼ਦੂਰ ਕਰਜ਼ੇ ਦੇ ਬੋਝ ਕਾਰਨ ਖੁਦਕਸ਼ੀਆਂ ਕਰਨ ਨੂੰ ਮਜ਼ਬੂਰ ਹੋ ਰਹੇ ਹਨ। ਸਰਕਾਰ ਕਰਜ਼ੇ ਹੇਠ ਦੱਬੇ ਕਿਸਾਨਾਂ ਨੂੰ ਥੋੜੀ ਬਹੁਤ ਰਾਹਤ ਦੇਣ ਲਈ ਤਿਆਰ ਨਹੀਂ ਜਦਕਿ ਵੱਡੇ-ਵੱਡੇ ਕਾਰਪੋਰੇਟਾਂ ਦਾ ਅਰਬਾਂ ਦਾ ਕਰਜ਼ ਮੁਆਫ਼ ਕਰ ਦਿੱਤਾ ਜਾਂਦਾ ਹੈ। ਵਿਜੇ ਮਾਲਿਆ ਵਰਗਾ ਸਰਮਾਏ ਦਾਰ 9000/- ਹਜ਼ਾਰ ਕਰੋੜ ਦਾ ਰੁਪਇਆ ਲੈ ਕੇ ਦੇਸ਼ ਵਿੱਚੋਂ ਫਰਾਰ ਹੋ ਗਿਆ। ਇਹ ਤਾਂ ਦੇਗਚੇ ਵਿੱਚੋਂ ਦਾਣਾ ਟੋਹਣ ਵਾਲੀ ਤਾਜ਼ਾ ਮਿਸਾਲ ਹੈ। ਇਸ ਤਰ੍ਹਾਂ ਦੀਆਂ ਹੋਰ ਘਪਲੇਬਾਜ਼ੀਆਂ ਸਾਡੇ ਸਿਆਸਤੀ ਨੇਤਾ ਆਮ ਹੀ ਕਰਦੇ ਰਹਿੰਦੇ ਹਨ।

ਸੋਚਣ ਵਾਲੀ ਗੱਲ ਤਾਂ ਇਹ ਹੈ ਕਿ ਜਿਹੜਾ ਸੁਪਨਾ ਸਾਡੇ ਦੇਸ਼ ਭਗਤ ਸ. ਭਗਤ ਸਿੰਘ ਜਿਹੇ ਸੂਰਬੀਰਾਂ ਨੇ ਲਿਆ ਸੀ ਕੀ ਸਾਡੀ ਸਰਕਾਰ ਉਸ ਸੋਚ ਤੇ ਪੂਰਾ ਉੱਤਰੀ? ਭਗਤ ਸਿੰਘ ਦੀ ਸੋਚ ਸੀ ਕਿ ਦੇਸ਼ ਆਜ਼ਾਦ ਹੋਵੇਗਾ ਤਾਂ ਦੇਸ਼ ਵਿੱਚ ਲੋਕਾਂ ਦੀ ਆਪਣੀ ਸਮਾਜਵਾਦੀ ਸਰਕਾਰ ਬਣੇਗੀ, ਜਿਸ ਵਿੱਚ ਹਰ ਇੱਕ ਅਮੀਰ ਗਰੀਬ ਨੂੰ ਬਰਾਬਰ ਦੇ ਹੱਕ ਹਾਸਲ ਹੋਣਗੇ। ਕਿਰਤੀ ਕਾਮੇ ਜਦ ਸ਼ਾਮ ਨੂੰ ਸਾਰੇ ਦਿਨ ਦੀ ਮਿਹਨਤ ਮੁਸ਼ੱਕਤ ਤੋਂ ਬਾਅਦ ਘਰ ਆਉਣਗੇ ਤਾਂ ਉਨ੍ਹਾਂ ਨੂੰ ਰੋਟੀ ਦਾ ਫਿਕਰ ਨਹੀਂ ਹੋਵੇਗਾ। ਪਰ ਹੋਇਆ ਸਭ ਕੁੱਝ ਇਸਦੇ ਉਲਟ। ਅੱਜ ਲੱਖਾਂ ਹੀ ਕਿਰਤੀ ਮਜ਼ਦੂਰ ਬਗੈਰ ਆਪਣੇ ਘਰਾਂ ਤੋਂ ਬਾਹਰ ਨੀਲੇ ਅਸਮਾਨ ਦੀ ਛੱਤ ਹੇਠ ਰਾਤਾਂ ਗੁਜ਼ਾਰਨ ਲਈ ਮਜ਼ਬੂਰ ਹਨ।

ਸਾਡੇ ਦੇਸ਼ ਦੇ ਸੱਤਾਧਾਰੀ ਸਰਮਾਏਦਾਰ ਨੇਤਾ ਮੌਕਿਆਂ ਦਾ ਖੂਬ ਫਾਇਦਾ ਉਠਾਉਣ ਜਾਣਦੇ ਹਨ। ਚੋਣਾਂ ਵੇਲੇ ਵੋਟਾਂ ਰੁਪਇਆਂ ਨਾਲ ਖਰੀਦੀਆਂ ਜਾਂਦੀਆਂ ਹਨ। ਝੂਠੇ ਲਾਰਿਆਂ ਨਾਲ ਲੋਕਾਂ ਨੂੰ ਵਰਗਲਾਇਆ ਜਾਂਦਾ ਹੈ। ਲੋਕਾਂ ਦੀਆਂ ਧਾਰਮਿਕ ਭਾਵਨਾਵਾਂ ਨਾਲ ਖਿਲਵਾੜ ਕੀਤਾ ਜਾਂਦਾ ਹੈ। ਧਰਮ ਦੇ ਨਾਂ ਤੇ ਝੂਠੀ ਦੂਸ਼ਣਬਾਜ਼ੀ ਕੀਤੀ ਜਾਂਦੀ ਹੈ। ਨੇਤਾ ਲੋਕਾਂ ਨੂੰ ਮੂਰਖ ਬਣਾਕੇ ਅਗਲੇ ਪੰਜ ਸਾਲਾਂ ਲਈ ਫੇਰ ਸੱਤਾ ਤੇ ਕਾਬਜ ਹੋ ਜਾਂਦੇ ਹਨ। ਇਸ ਤਰ੍ਹਾਂ ਇਹ ਸਿਲਸਿਲਾ ਪਿਛਲੇ 70 ਸਾਲਾਂ ਤੋਂ ਚਲਦਾ ਆ ਰਿਹਾ ਹੈ। ਇਸ ਲਈ ਲੋਕਾਂ ਨੂੰ ਜਾਗਰੂਕ ਹੋਣ ਦੀ ਜ਼ਰੂਰਤ ਹੈ, ਤਾਂ ਕਿ ਦੇਸ਼ ਨੂੰ ਸਹੀ ਦਿਸ਼ਾ ਜਾਂ ਸੇਧ ਵੱਲ ਅੱਗੇ ਵਧਾਇਆ ਜਾ ਸਕੇ। ਅਸੀਂ ਫਿਰ ਹੀ ਆਜ਼ਾਦ ਦੇਸ਼ ਦੇ ਵਾਸੀ ਕਹਾਉਣ ਦੇ ਹੱਕਦਾਰ ਹੋ ਸਕਾਂਗੇ।

ਬਰਨਾਲਾ  
ਮੋ.-95011-62101



Namdhari Elibrary NamdhariElibrary@gmail.com

# ਸਾਕਾ ਕਾਮਾਗਾਟਾ ਮਾਰੂ

*–(ਕ੍ਰਿਤ ਪ੍ਰੋ. ਮਲਵਿੰਦਰ ਜੀਤ ਸਿੰਘ ਵੜੈਚ)*

ਗ਼ਦਰ ਪਾਰਟੀ ਲਹਿਰ ਅਤੇ ਸਾਕਾ ਕਾਮਾਗਾਟਾ ਮਾਰੂ ਦੋ ਅਜੇਹੀਆਂ ਘਟਨਾਵਾਂ ਜਾਂ ਵਰਤਾਰੇ ਸਨ, ਜਿਹਨਾਂ ਨੇ ਭਾਰਤੀ ਸੁਤੰਤਰਤਾ ਸੰਗਰਾਮ ਨੂੰ ਇਸਦੇ ਮੰਤਕੀ ਨਤੀਜੇ ਤੱਕ ਪੁਚਾਉਣ ਵਿਚ ਵੱਡਾ ਯੋਗਦਾਨ ਪਾਇਆ। ਇਹਨਾਂ ਦੋਹਾਂ ਘਟਨਾਵਾਂ ਨੂੰ ਵਾਪਰਿਆਂ ਹੁਣ ਜਦੋਂ ਇਕ ਸਦੀ ਪੂਰੀ ਹੋ ਚੁੱਕੀ ਹੈ ਅਤੇ ਇਹਨਾਂ ਦੋਹਾਂ ਬਾਰੇ ਪੰਜਾਬੀ ਚਿੰਤਕਾਂ, ਖੋਜੀਆਂ ਅਤੇ ਇਤਿਹਾਸਕਾਰਾਂ ਵੱਲੋਂ ਕਾਫੀ ਕੁੱਝ ਲਿਖਣ ਪੜ੍ਹਨ ਨੂੰ ਆ ਰਿਹਾ ਹੈ। ਇਹ ਦੋਵੇਂ ਬੇਸ਼ਕ ਅੱਡ ਅੱਡ ਘਟਨਾਵਾਂ ਹਨ, ਪਰ ਪੂਰੀ ਤਰ੍ਹਾਂ ਅੰਤਰ ਸੰਬੰਧਿਤ ਹਨ। ਗ਼ਦਰ ਪਾਰਟੀ ਲਹਿਰ ਬਾਰੇ ਪ੍ਰੋ. ਰਣਧੀਰ ਸਿੰਘ, ਡਾ. ਜਗਜੀਤ ਸਿੰਘ ਤਰਨਤਾਰਨ, ਕਾਮਰੇਡ ਗੁਰਚਰਨ ਸਿੰਘ ਸਹਿਸਰਾ, ਕਾਮਰੇਡ ਸੋਹਣ ਸਿੰਘ ਜੋਸ਼, ਬਾਬਾ ਭਗਤ ਸਿੰਘ ਬਿਲਗਾ , ਪ੍ਰੋ. ਹਰੀਸ਼ ਕੇ ਪੁਰੀ ਅਤੇ ਕੁਝ ਗੈਰ ਪੰਜਾਬੀ ਤੇ ਗੈਰ ਭਾਰਤੀ ਵਿਦਵਾਨਾਂ ਨੇ ਮਿਆਰੀ ਕੰਮ ਕੀਤਾ ਹੈ। ਇਸ ਦੇ ਵੱਡ ਆਕਾਰੀ ਦਸਤਾਵੇਜ਼ਾਂ ਦੀ ਪਰਕਾਸ਼ਨ ਸੰਪਾਦਨ ਦੀ ਸੇਵਾ 'ਗਦਰੀ ਬਾਬਿਆਂ ਦੇ ਮੁਨਸ਼ੀ' ਵਜੋਂ ਜਾਣੇ ਜਾਂਦੇ ਪ੍ਰੋ. ਮਲਵਿੰਦਰ ਜੀਤ ਸਿੰਘ ਵੜੈਚ ਦੇ ਹਿੱਸੇ ਆਈ ਹੈ। ਹੁਣ ਪ੍ਰੋ. ਵੜੈਚ ਹੋਰਾਂ ਨੂੰ 'ਸਾਕਾ ਕਾਮਗਾਟਾ ਮਾਰੂ' ਨਾਂ ਦੀ 112 ਸਫਿਆਂ ਦੀ ਪੁਸਤਕ ਲਿਖ ਕੇ ਇਸ ਸਾਕੇ ਬਾਰੇ ਆਪਣੀ ਆਲੋਚਨਾਤਮਕ ਦ੍ਰਿਸ਼ਟੀ ਨਾਲ ਨਵੇਂ ਤੱਥਾਂ ਦਾ ਖੁਲਾਸਾ ਕੀਤਾ ਹੈ। ਪ੍ਰੋ. ਵੜੈਚ ਜਿਹੇ ਬੁੱਧ ਬਿਬੇਕ ਦੇ ਮਾਲਕ ਅਤੇ ਤਿੱਖੀ ਨਜ਼ਰ ਵਾਲੇ ਸੱਜਣ ਹੀ, ਇਸ ਕਿਸਮ ਦੀ ਰਚਨਾ ਦੀ ਆਸ ਕੀਤੀ ਜਾ ਸਕਦੀ ਹੈ।

ਪਰਵਾਸ ਪੰਜਾਬੀਆਂ ਦੀ ਹੋਣੀ ਰਿਹਾ ਹੈ। ਮੱਧ ਏਸ਼ੀਆ ਦੇ ਦੁਰਗਮ ਸਥਾਨਾਂ ਤੋਂ, ਹਜ਼ਾਰਾਂ ਵਰ੍ਹੇ ਪਹਿਲਾਂ ਆਕੇ ਇੱਥੇ ਵੱਸ ਗਏ, ਕੁਦਰਤ ਪ੍ਰੇਮੀ ਅਤੇ ਹਮੇਸ਼ਾਂ ਚੱਲਦੇ ਰਹਿਣ ਵਾਲੇ ਮੁਸਾਫਿਰਾਂ ਦੀ ਸੰਤਾਨ ਹੋਣ ਕਾਰਨ ਸਾਡੇ ਖਿੱਤੇ ਦੇ ਲੋਕ ਇਕ ਥਾਂ ਟਿਕਕੇ ਜ਼ੰਗਾਲੇ ਜਾਣ ਨਾਲੋਂ, ਨਵੀਆਂ ਧਰਤੀਆਂ ਨੂੰ ਤਰਜੀਹ ਦਿੰਦੇ ਰਹੇ ਹਨ। ਅਠਾਰ੍ਹਵੀਂ ਸਦੀ ਵਿਚ ਅੰਗਰੇਜ਼ਾਂ ਨੇ ਅਮਰੀਕਾ ਮਹਾਂਦੀਪ ਵੱਲ ਰੁੱਖ ਕੀਤਾ ਜਿੱਥੇ ਬੇਬਹਾ ਜੰਗਲ, ਖੁੱਲ੍ਹਾ ਪੌਣ ਪਾਣੀ ਤੇ ਵਿਸ਼ਾਲ ਖੇਤਰ ਉਹਨਾਂ ਦੀ ਉਡੀਕ ਵਿਚ ਸੀ। ਇਸੇ ਮਹਾਂਦੀਪ ਦਾ ਹਿੱਸਾ ਕੈਨੇਡਾ ਵੀ ਵਿਹਲਾ ਪਿਆ ਸੀ। ਥੋਹੜੇ ਜਿਹੇ ਮੂਲ ਨਿਵਾਸੀਆਂ ਨੂੰ ਧੱਕੜ ਤੇ ਚਲਾਕ ਗੋਰਿਆਂ ਨੇ ਦਬਾਇਆ। ਅਮਰੀਕਾ ਤਾਂ 1773 ਵਿਚ ਸੁਤੰਤਰ ਹੋ ਗਿਆ ਪਰ ਕੈਨੇਡਾ ਦੇ ਮੁਆਮਲੇ ਵਿਚ ਅੰਗਰੇਜ਼ ਸਰਕਾਰ ਨੇ ਉਸਨੂੰ ਨੀਮ ਖੁਦਮੁਖ਼ਤਾਰੀ ਦੇ ਕੇ ਡੁਮੀਨੀਅਨ ਸਟੇਟਸ ਤਹਿਤ ਆਪਣੀ ਬਸਤੀ ਅੱਜ ਤਕ ਬਣਾ ਰੱਖਿਆ ਹੈ। ਅਸੀ ਵੀ ਅੰਗਰੇਜ਼ਾਂ ਦੀ ਇਕ ਬਸਤੀ ਹੀ ਸਾਂ। ਇਸ ਲਈ ਆਪਣੇ ਲਈ ਕਿਸੇ ਰਿਆਇਤ ਕੀਤੇ ਜਾਣ ਦੀ ਆਸ ਵਿਚ ਸਾਡੇ ਲੋਕਾਂ, ਉਨੀਵੀਂ ਸਦੀ ਦੇ ਆਖੀਰ ਜਾਂ ਵੀਹਵੀ ਚੜ੍ਹਦਿਆਂ ਹੀ ਕੈਨੇਡਾ ਵੱਲ ਰੁੱਖ ਕਰ ਲਿਆ। ਇਸ ਤੋਂ ਪਹਿਲਾਂ ਚੀਨੀ, ਜਪਾਨੀ ਆਦਿ ਏਸ਼ੀਅਨ ਕੌਮਾਂ ਦੇ ਕਾਮੇ ਵੀ ਉਥੇ ਪੁੱਜ ਚੁਕੇ ਸਨ। ਖੁੱਲ੍ਹੇ ਹੱਡਾਂ ਪੈਰਾਂ ਅਤੇ ਮੋਕਲੇ ਜੁੱਸੇ ਵਾਲੇ ਪੰਜਾਬੀਆਂ ਨੇ ਜੰਗਲ ਕੱਟਣ, ਰੇਲ ਪਟੜੀਆਂ ਵਿਛਾਉਣ ਲਈ ਲੱਕੜ ਦੀਆਂ ਸਤੀਰੀਆਂ ਢੋਣ ਵਰਗੇ ਭਾਰੇ ਕੰਮ, 'ਭੀਮ ਸੈਨੀ' ਬਲ ਨਾਲ ਇਸ ਤਰ੍ਹਾਂ ਕੀਤੇ ਕਿ ਕੈਨੇਡਾ ਦੇ ਗੋਰੇ ਠੇਕੇਦਾਰਾਂ ਨੂੰ ਉਹਨਾਂ ਦਾ ਕੰਮ ਮਸ਼ੀਨ ਦੁਆਰਾ ਕਰਾਏ ਜਾਣ ਨਾਲੋਂ ਸਸਤਾ ਮਾਲੂਮ ਹੋਇਆ।

ਜਿੱਥੇ ਗੋਰੇ ਮਾਲਕਾਂ ਜਾਂ ਠੇਕੇਦਾਰਾਂ ਨੇ ਭਾਰਤੀ ਵਿਸ਼ੇਸ਼ਕਰ ਪੰਜਾਬੀ ਕਾਮਿਆਂ ਨੂੰ ਇੱਥੇ ਮੰਗਵਾਉਣ ਵਿਚ ਵੱਧ ਤੋਂ ਵੱਧ ਦਿਲਚਸਪੀ ਲੈਣੀ ਚਾਹੀ ਉਥੇ ਗੋਰੇ ਕਾਮਿਆਂ ਨੂੰ ਆਪਣੇ ਰੁਜ਼ਗਾਰ ਦੇ ਮੌਕੇ ਘਟਦੇ ਜਾਪੇ। ਕੁਝ ਸ਼ਾਵਨਵਾਦੀ ਵਿਚਾਰਾਂ ਵਾਲੇ ਕੈਨੇਡੀਅਨ ਗੋਰਿਆਂ ਨੂੰ ਕਾਲੇ ਲੋਕਾਂ ਦਾ ਆਪਣੇ ਲੋਕਾਂ ਤੋਂ ਮਿਹਨਤ ਕਰਕੇ ਅੱਗੇ ਲੰਘਣਾ, ਜ਼ਿਆਦਾ ਧਨੀ ਹੋਣਾ ਤੇ ਬਿਹਤਰ ਜੀਵਨ ਹਾਲਾਤ ਸਿਰਜਣੇ ਵੀ ਨਾਖੁਸ਼ਗਵਾਰ ਮਾਲੂਮ ਹੋਇਆ। ...."ਗੋਰਿਆਂ ਦੇ ਇਕ ਵਰਗ ਵਿਚ ਇਹ ਧਾਰਨਾ ਜ਼ੋਰ ਫੜਨ ਲੱਗੀ ਕਿ ਜਿਹੜੇ ਹਿੰਦੀ ਇੱਥੇ ਗੋਰਿਆਂ ਵਰਗੇ ਸ਼ਹਿਰੀ ਹੱਕ ਮਾਣ ਰਹੇ ਹਨ, ਉਹ ਆਪਣੇ ਪਿਛਲੇ ਸਾਕਾਂ ਸੰਬੰਧੀਆਂ ਨੂੰ ਇਹਦੀ ਜਾਣਕਾਰੀ ਦੇ ਰਹੇ ਹੋਣਗੇ, ਜਿਸਦੇ, ਸਿਟੇ ਵਜੋਂ ਉਹ ਥੋੜਾਂ ਮਾਰੇ ਲੋਕ ਇਧਰ ਨੂੰ ਵਾਹੀਰਾਂ ਘੱਤ ਲੈਣਗੇ, ਜੀਹਦੇ ਨਾਲ ਏਸ਼ੀਆਈਆਂ ਅੰਦਰ ਗੋਰੀਆਂ ਕੌਮਾਂ ਦੀ ਸਾਖ ਮਾਂਦੀ ਪੈ ਜਾਏਗੀ ਤੇ ਹਿੰਦੁਸਤਾਨ ਅੰਦਰ ਅੰਗ੍ਰੇਜ਼ੀ ਰਾਜ ਦੀ ਪਕੜ ਵੀ ਕਮਜ਼ੋਰ ਪੈ ਜਾਏਗੀ।"


Namdhari Elibrary NamdhariElibrary@gmail.com

ਉਪਰੋਕਤ ਪਰਚਾਮ ਦਾ ਅਸਰ ਹੋਣਾ ਹੀ ਸੀ ਇਸ ਲਈ ਕੈਨੇਡੀਅਨ ਸਰਕਾਰ ਨੇ "8 ਜਨਵਰੀ 1908 ਨੂੰ ਇਕ ਨੋਟੀਫੀਕੇਸ਼ਨ ਜਾਰੀ ਕੀਤਾ ਗਿਆ ਜਿਸ ਤਹਿਤ ਕੇਵਲ ਉਸ ਮੁਸਾਫਰ ਨੂੰ ਹੀ ਜਹਾਜ਼ਾਂ ਤੋਂ ਉਤਰਨ ਦਿਤਾ ਜਾਏਗਾ ਜੋ ਆਪਣੀ ਪਿਤਰੀ ਧਰਤੀ ਤੋਂ ਸਿਧੀ ਸਮੁੰਦਰੀ ਯਾਤਰਾ ਰਾਹੀਂ ਪਹੁੰਚੇਗਾ।" ਕਿਉਂਕਿ ਹਿੰਦੀ ਮੁਸਾਫਿਰ ਚੀਨ ਜਾਂ ਜਪਾਨ ਪੁੱਜਕੇ ਉਥੋਂ ਕੈਨੇਡਾ ਲਈ ਜਹਾਜ਼ ਫੜਦੇ ਸਨ। ਇਸੇ ਤਰ੍ਹਾਂ 9 ਅਕਤੂਬਰ 1910 ਨੂੰ ਪਰਵਾਸ ਰੋਕਣ ਦੀ ਨੀਯਤ ਨਾਲ ਉਤਰਨ ਵਾਲੇ ਹਰੇਕ ਭਾਰਤੀ ਯਾਤਰੀ ਕੋਲ 200 ਡਾਲਰ ਨਕਦ ਹੋਣ ਦੀ ਸ਼ਰਤ ਵੀ ਲਾ ਦਿਤੇ। ਥੋੜਾਂ ਮਾਰੇ ਮੁਸਾਫਰ ਜੋ ਛੱਲੀ ਪੂਣੀ ਵੇਚ ਕੇ ਜਹਾਜ਼ੀ ਕੰਪਨੀਆਂ ਲਈ ਭਾੜੇ ਦਾ ਜੁਗਾੜ ਕਰਦੇ ਸਨ ਉਹਨਾਂ ਲਈ ਇਹ ਹੋਰ ਵੱਡੀ ਰਕਮ ਜੁਟਾਉਣੀ ਸੌਖੀ ਨਹੀਂ ਸੀ।

ਇਸ ਸਮੇਂ ਕੈਨੇਡੀਅਨ ਸਿੱਖਾਂ ਦੇ ਸ਼ਿਸ਼ਟ ਮੰਡਲ ਬਰਤਾਨੀਆਂ ਅਤੇ ਭਾਰਤ ਵਿਚ ਵੀ ਆਪਣੇ ਪਰਵਾਸ ਦੇ ਅਧਿਕਾਰ ਅਤੇ ਪਰਿਵਾਰ ਆਪਣੇ ਪਾਸ ਮੰਗਵਾਉਣ ਜਿਹੇ ਹੱਕਾਂ ਦੀ ਰਾਖੀ ਲਈ ਵਿਚਰਦੇ ਰਹੇ, ਪਰ ਕੋਈ ਗੱਲ ਨਾ ਬਣੀ। ਕੈਨੇਡੀਅਨ ਸਰਕਾਰ ਉਹਨਾਂ ਨੂੰ ਸਿਹਤ ਪੱਖੋਂ ਬਹੁਤ ਮਾੜੇ ਦੱਖਣੀ ਅਮਰੀਕਾ ਦੇ ਇਕ ਦੁਰਾਡੇ ਤੱਟ ਤੇ ਸਥਿਤ ਹੋਂਡੂਰਸ ਨਾਂ ਦੀ ਬਰਤਾਨਵੀ ਬਸਤੀ ਵਿਚ ਭੇਜ ਦੇਣਾ ਚਾਹੁੰਦੀ ਸੀ ਪਰ ਹਿੰਦੀ ਸਹਿਮਤ ਨਾਂ ਹੋਏ।

ਇਸ ਸਾਰੀ ਬਿਪਤਾ ਦੇ ਹੱਲ ਲਈ ਸਰਹਾਲੀ (ਅੰਮ੍ਰਿਤਸਰ) ਦੇ ਭਾਈ ਗੁਰਦਿਤ ਸਿੰਘ ਸਿੰਘਾਪੁਰ ਤੋਂ ਹਾਂਗ ਕਾਂਗ ਪਹੁੰਚ ਕੇ ਜਪਾਨ ਦੀ ਇਕ ਜਹਾਜ਼ੀ ਕੰਪਨੀ ਤੋਂ ਗਿਆਰਾਂ ਹਜ਼ਾਰ ਪੌਂਡ ਮਹੀਨੇ ਦੇ ਕਿਰਾਏ ਤੇ ਇਕ ਜਹਾਜ਼ ਲੈ ਲਿਆ ਜਿਸ ਦਾ ਨਾਮ ਕੋਮਾਗਾਟਾ ਮਾਰੂ ਸੀ। ਉਹ ਪਿਛਲੇ ਵੀਹ ਤੀਹ ਸਾਲ ਤੋਂ ਸਿੰਘਾਪੁਰ ਮਲਾਇਆ 'ਚ ਠੇਕੇਦਾਰੀ ਕਰਦਾ ਸੀ। ਪਹਿਲਾਂ ਉਹ ਕਲਕੱਤੇ ਤੋਂ ਕੋਈ ਜਹਾਜ਼ ਲੈਕੇ ਸਿੱਧਾ ਕੈਨਡਾ ਪੁੱਜਣਾ ਚਾਹੁੰਦਾ ਸੀ। ਪਰ ਇਸ ਵਿਚ ਸਫਲ ਨਾ ਹੋਣ ਕਾਰਨ ਹੀ ਉਸਨੇ ਹਾਂਗ ਕਾਂਗ ਵਿਚ ਠਹਿਰੇ 150 ਹਿੰਦੀ ਮੁਸਾਫਰਾਂ ਨਾਲ ਗੱਲ ਬਾਤ ਕਰਕੇ ਜੋ ਕੈਨੇਡਾ ਜਾਣਾ ਚਾਹੁੰਦੇ ਸਨ, ਅਖਬਾਰਾਂ ਵਿਚ ਆਪਣੇ ਜਹਾਜ਼ ਚਲਣ ਬਾਰੇ ਇਸ਼ਤਿਹਾਰ ਵੀ ਦੇ ਦਿਤੇ। ਪਹਿਲਾਂ ਇਹ ਜਹਾਜ਼ 28 ਮਾਰਚ 1914 ਨੂੰ ਹਾਂਗ ਕਾਂਗ ਤੋਂ ਚੱਲਣਾ ਸੀ। ਪਰ ਅੰਗਰੇਜ਼ ਸਰਕਾਰ ਵੱਲੋਂ ਇਸ ਦੇ ਤੁਰਨ ਵਿਚ ਹਰ ਤਰ੍ਹਾਂ ਦੇ ਅੜਿਕੇ ਪਾਏ ਜਾਂਦੇ ਰਹੇ। ਖੁਫੀਆ ਏਜੰਟ ਅਫਵਾਹਾਂ ਫੈਲਾਉਂਦੇ ਰਹੇ ਕਿ ਅੱਵਲ ਤਾਂ ਜਹਾਜ਼ ਚਲੇਗਾ ਹੀ ਨਹੀਂ ਤੇ ਜੇ ਚੱਲ ਵੀ ਪਿਆ ਤਾਂ ਇਸ ਨੂੰ ਹਰ ਹੀਲਾ ਵਰਤ ਕੇ ਮੰਜ਼ਿਲ ਤੇ ਪੁੱਜਣੋਂ ਰੋਕਿਆ ਜਾਏਗਾ। ਹਾਂਗ ਕਾਂਗ ਵਿਚੋਂ 500 ਮੁਸਾਫਿਰਾਂ ਵਿਚੋਂ ਸਿਰਫ 165 ਹੀ ਇਸ ਤੇ ਜਾਣ ਲਈ ਡਟੇ ਰਹੇ। ਬਾਬਾ ਗੁਰਦਿੱਤ ਸਿੰਘ ਨੇ ਆਪਣੇ ਦੂਤ ਸ਼ਿਘਾਈ ਤੇ ਮਨੀਲਾ ਭੇਜ ਦਿਤੇ ਕਿ ਬਾਕੀ ਯਾਤਰੀ ਉੱਥੋਂ ਲਏ ਜਾਣ।

ਇਹ ਜਹਾਜ਼ 8 ਅਪ੍ਰੈਲ ਨੂੰ ਸ਼ਿਘਾਈ ਪੁੱਜਾ। 11 ਯਾਤਰੀ ਇੱਥੋਂ ਸੁਆਰ ਹੋਏ। ਮੋਜੀ ਜਪਾਨ ਦੀ ਬੰਦਰਗਾਹ ਤੇ ਮਨੀਲਾ ਤੋਂ ਆਏ 86 ਮੁਸਾਫਰ ਹੋਰ ਸੁਆਰ ਹੋ ਗਏ। ਭਾਈ ਬਲਵੰਤ ਸਿੰਘ ਖੁਰਦਪੁਰ ਗਦਰ ਪਾਰਟੀ ਦੇ ਆਗੂ ਕੋਬੇ ਜਪਾਨ ਦੀ ਬੰਦਰਗਾਹ ਤੱਕ ਸ਼ਿਘਾਈ ਤੋਂ ਬਾਬਾ ਜੀ ਨਾਲ ਸਫਰ ਕੀਤਾ। ਗਦਰ ਪਾਰਟੀ ਦੇ ਸੰਸਾਰ ਜੰਗ ਸ਼ੁਰੂ ਹੁੰਦਿਆਂ ਹੀ ਦੇਸ਼ ਵਿਚ ਪੁੱਜ ਕੇ ਵਿਆਪਕ ਹਥਿਆਰਬੰਦ ਵਿਦਰੋਹ ਦੀਆਂ ਯੋਜਨਾਵਾਂ , ਬਾਰੇ ਵੀ ਵਿਚਾਰ ਵਟਾਂਦਰਾ ਹੁੰਦਾ। 1913 ਈ. ਵਿਚ ਕਾਇਮ ਹੋਈ ਗਦਰ ਪਾਰਟੀ ਦੇ ਪਰਚੇ 'ਗਦਰ ਦੀ ਗੂੰਜ' ਦੀਆਂ ਕਵਿਤਾਵਾਂ ਦੱਖਣ ਪੂਰਬੀ ਏਸ਼ੀਆ ਦੇ ਹਰ ਬੰਦਰਗਾਹੀ ਸ਼ਹਿਰ ਦੇ ਗੁਰਦੁਆਰਿਆਂ ਵਿਚ ਆਮ ਪੜ੍ਹਕੇ ਸੁਣਾਈਆਂ ਜਾਂਦੀਆਂ ਸਨ। ਇਕ ਇਹੋ ਜਿਹੀ ਕਵਿਤਾ ਵਿਚ ਬਾਬਾ ਗੁਰਦਿਤ ਸਿੰਘ ਅਤੇ ਉਹਨਾਂ ਦੇ ਜਹਾਜ਼ੀ ਸਫਰ ਦਾ ਵਰਣਨ ਹੈ:-

"ਕਿਸਮਤ ਫਿਰੀ ਜ਼ਮਾਨੇ ਗੇੜ ਲਾਇਆ,
ਕੀਤੀ ਆਪ ਕ੍ਰਿਪਾ ਸਰਕਾਰ ਸਾਨੂੰ।

ਚਲੋ ਹਿੰਦੀਓ ਚਲੋ ਕੈਨੇਡੜੇ ਨੂੰ,
ਕੇਹਾ ਸਿੰਘ ਗੁਰਦਿਤ ਸਰਦਾਰ ਸਾਨੂੰ।

ਦੁਖੀ ਸੁਖੀ ਪੈਸਾ ਪੈਸਾ ਜਮਾਂ ਕਰਕੇ,
ਕੀਤਾ ਸਾਰਿਆਂ ਤਾਈ ਤੱਯਾਰ ਸਾਨੂੰ।

ਡੇਲੇ ਸੱਤਰ ਹਜਾਰ ਨੂੰ ਬੋਟ ਲੈਕੇ,
ਕੀਤਾ ਸਾਰਿਆਂ ਨੂੰ ਅਸਵਾਰ ਸਾਨੂੰ।

ਜਿਸ ਦੀ ਖੁਸ਼ੀ ਆ ਚੜ੍ਹੇ ਬੇਖੌਫ ਹੋਕੇ,
ਕੇਹਾ ਸਿੰਘ ਗੁਰਦਿਤ ਲਲਕਾਰ ਸਾਨੂੰ।

ਜਦੋਂ ਤੁਰਨ ਲੱਗੇ ਔਕੜ ਪੇਸ਼ ਆਈ,
ਕਾਣੀ ਅੱਖ ਦਿਸ ਪਈ ਦਗੇਦਾਰ ਸਾਨੂੰ।


NamdhariElibrary NamdhariElibrary@gmail.com

ਪਕੜ ਲਿਆ ਸਰਦਾਰ ਗੁਰਦਿਤ ਸਿੰਘ ਨੂੰ,
ਬਹੁ ਸਵਾਲ ਕੀਤੇ ਪੇਚਦਾਰ ਸਾਨੂੰ।

ਨਹੀਂ ਡੋਲਣਾ ਹਿੰਦੀਓ ਸਬਰ ਕਰਨਾ,
ਕੇਹਾ ਸਿੰਘ ਹੋਰਾਂ ਥਾਪੀ ਮਾਰ ਸਾਨੂੰ।

ਆਖਰ ਰਵਾਂ ਹੋਇਆ ਬੇੜਾ ਖਾਲਸੇ ਦਾ,
ਖੜਕਨ ਲੱਗ ਪਈ ਤਾਰ ਪਰ ਤਾਰ ਸਾਨੂੰ।

ਸੁਣੋ ਹਿੰਦੀਓ ਜ਼ਰਾ ਧਿਆਨ ਦੇ ਕੇ,
ਗੱਲਾਂ ਸੁਣਦਿਆਂ ਸਾਰ ਘਬਰਾਵਨਾ ਨਾਂ।

ਸਾਡਾ ਹਾਲ ਗਰੀਬਾਂ ਦਾ ਦਰਦ ਭਰਿਆ,
ਖੋਲ੍ਹ ਦੱਸਦੇ ਹਾਂ ਮੂੰਹ ਭਵਾਵਨਾ ਨਾ।"

('ਗ਼ਦਰ ਗੂੰਜ' ਅਕਤੂਬਰ 1914)

2 ਮਈ ਨੂੰ 376 ਮੁਸਾਫਰਾਂ ਸਣੇ ਇਹ ਜਹਾਜ਼ ਯੋਕੋਹਾਮਾ (ਜਪਾਨ) ਤੋਂ ਚਲਕੇ, 22 ਮਈ ਨੂੰ ਕੈਨੇਡਾ ਦੀ ਬੰਦਰਗਾਹ ਵੈਨਕੂਵਰ ਦੇ ਸਮੁੰਦਰੀ ਪਾਣੀਆਂ ਵਿਚ ਪੁੱਜ ਗਿਆ। ਅੰਗਰੇਜ਼ ਅਤੇ ਕੈਨੇਡੀਅਨ ਗੋਰਾਸ਼ਾਹੀ ਨੇ ਇਸ ਜਹਾਜ਼ ਦੇ ਮੁਸਾਫਰਾਂ ਨੂੰ ਕੈਨੇਡੀਅਨ ਧਰਤੀ ਤੇ ਪੈਰ ਨਾਂ ਰੱਖਣ ਦੇਣਾ ਆਪਣੇ ਵਕਾਰ ਦਾ ਸੁਆਲ ਬਣਾ ਲਿਆ। ਬਹੁਤ ਕੁਝ ਅਗਲੇ ਦੋ ਮਹੀਨਿਆਂ ਵਿਚ ਵਾਪਰਿਆ। ਕਾਮਾਗਾਟਾ ਮਾਰੂ ਜਹਾਜ਼ ਦੇ ਹਿੰਦੀ ਮੁਸਾਫਰਾਂ ਦਾ ਮਸਲਾ ਕੌਮਾਂਤਰੀ ਮਸਲਾ ਬਣਕੇ ਦੇਸ਼ ਵਿਦੇਸ਼ ਦੀਆਂ ਅਖਬਾਰਾਂ ਵਿਚ ਛਾਇਆ ਰਿਹਾ। ਕੈਨਡੀਅਨ ਹਿੰਦੀ ਭਾਈਚਾਰੇ ਵੱਲੋਂ ਆ ਰਹੇ ਵਤਨੀਆਂ ਦੀ ਇਸ ਧਰਤੀ ਤੇ ਉਤਾਰੇ ਅਤੇ ਉਹਨਾਂ ਨੂੰ ਸਰਕਾਰ ਵੱਲੋਂ ਕੋਈ ਸੰਭਾਵਿਤ ਨੁਕਸਾਨ ਪੁਚਾਏ ਜਾਣ ਵਿਰੁੱਧ ਸਿਰ ਧੜ ਦੀ ਬਾਜੀ ਲਾ ਦਿਤੀ ਗਈ। ਇਹ ਦੋ ਮਹੀਨੇ ਮੁਸਾਫਰਾਂ ਨੇ ਕੈਨੇਡੀਅਨ ਸਹਿਲ ਤਟ ਤੇ ਭੁੱਖੇ ਭਾਣੇ ਤਿਹਾਏ ਅਤੇ ਸਾਫ ਸਫਾਈ ਦੀਆਂ ਸਹੂਲਤਾਂ ਦੇ ਅਭਾਵ ਵਿਚ ਕਟੇ। ਜਿਸ ਦਿਨ ਇਕ ਸਮੁੰਦਰੀ ਸੈਨਿਕ ਕੈਨੇਡੀਅਨ ਜਹਾਜ਼ ਦੁਆਰਾ ਵਾਪਿਸ ਨਾ ਮੁੜਨ ਤੇ ਇਸ ਤੇ ਗੋਲਾਬਾਰੀ ਦੀ ਧਮਕੀ ਦਿਤੀ ਗਈ ਤਾਂ ਹਿੰਦੀ ਕੈਨੇਡੀਅਨਾਂ ਨੇ ਵੈਨਕੂਵਰ ਸ਼ਹਿਰ ਫੂਕ ਦੇਣ ਦੀ ਜੁਆਬੀ ਧਮਕੀ ਦੇ ਮਾਰੀ।

ਵਾਪਸੀ ਖਰਚ ਰਾਸ਼ਨ ਪਾਣੀ ਲੈਕੇ ਉੜਕ ਕਾਮਾਗਾਟਾ ਮਾਰੂ 23 ਜੁਲਾਈ 1914 ਨੂੰ ਵਾਪਸ ਦੇਸ਼ ਨੂੰ ਚੱਲ ਪਿਆ। ਇਹ ਜਹਾਜ਼ ਅੱਧ ਵਾਟੇ ਹੀ ਸੀ ਕਿ ਪਹਿਲੀ ਆਲਮੀ ਸੰਸਾਰ ਜੰਗ ਛਿੜ ਪਈ। ਜਹਾਜ਼ ਤੇ ਗਦਰੀ ਆਗੂਆਂ ਬਾਬਾ ਸੋਹਨ ਸਿੰਘ ਭਕਨਾ ਤੇ ਯੁਵਾ ਜਰਨੈਲ ਕਰਤਾਰ ਸਿੰਘ ਸਰਾਭਾ ਨੇ ਅਸਲਾ ਗੋਲੀ ਸਿਕਾ, ਕਾਫੀ ਮਾਤਰਾ ਵਿਚ ਸਮੇਤ ਗਦਰ ਗੂੰਜ ਦੇ ਪਰਚੇ ਪੁਚਾ ਦਿਤਾ। ਜੰਗ ਲੱਗਦਿਆ ਹੀ ਗਦਰ ਪਾਰਟੀ ਵਾਲਿਆਂ ਵੀ "ਚਲੋ ਚਲੀਏ ਦੇਸ਼ ਨੂੰ ਜੁੱਧ ਕਰਨੇ, ਏਹੋ ਆਖਰੀ ਵਕਤ ਫੁਰਮਾਨ ਹੋ ਗਏ" ਯੋਕੋਹਾਮਾ,ਕੋਬੇ, ਸਿੰਆਪੁਰ ਹੋਂਦਾ 25 ਸਤੰਬਰ 1914 ਨੂੰ ਕਲਕਤੇ ਦੀ ਬੰਦਰਗਾਹ ਤੋਂ ਪਿਛੇ ਹੀ ਰੋਕ ਦਿਤਾ। ਬਜ ਬਜ ਘਾਟ ਇਕ ਰੇਲ ਗੱਡੀ ਸਪੈਸ਼ਲ ਪੰਜਾਬ ਲਈ ਖੜੀ ਸੀ। 29 ਸਤੰਬਰ ਨੂੰ ਬਜਬਜ ਘਾਟ ਤੇ ਖੂਨੀ ਸਾਕਾ ਵਾਪਰਿਆ। 21 ਮੁਸਾਫਿਰ ਮਾਰੇ ਗਏ। ਫਸਾਦ ਤੋਂ ਬਾਅਦ 211, ਜੋ ਕੇਂਦਰੀ ਪੰਜਾਬ ਦੇ ਜ਼ਿਲ੍ਹਿਆਂ ਦੇ ਸਨ, ਗਰਿਫਤਾਰ ਕਰਕੇ ਲੁਧਿਆਣੇ ਕਿਲੇ ਵਿਚ ਸਪੈਸ਼ਲ ਟਰੇਨ ਦੁਆਰਾ ਪੁਚਾਏ। ਬਾਬਾ ਗੁਰਦਿਤ ਸਿੰਘ ਸਮੇਤ 28 ਰੂਪੋਸ਼ ਹੋ ਗਏ। ਬਹੁਤ ਕੁਝ ਦਿਲਚਸਪ ਅਤੇ ਜਾਣਕਾਰੀ ਭਰਪੂਰ ਇਸ ਪੁਸਤਕ ਵਿਚੋਂ ਮਿਲਦਾ ਹੈ। ਦਸਤਾਵੇਜ਼ ਅਤੇ ਤਸਵੀਰਾਂ ਕਿਤਾਬ ਦੀ ਅਮੀਰੀ ਵਿਚ ਵਾਧਾ ਕਰਦੀਆਂ ਹਨ।

ਸਾਕਾ ਕਾਮਾਗਾਟਾ ਮਾਰੂ ਕੌਮੀ ਮੁਕਤੀ ਇਤਿਹਾਸ ਦੇ ਖ਼ੂਨੀ ਪੱਤਰਿਆਂ ਵਜੋਂ ਜਾਣਿਆਂ ਜਾਂਦਾ ਹੈ। ਕਿਤਾਬ ਪੰਜਾਬੀ ਪਰਕਾਸ਼ਨ ਦੇ ਅਜੋਕੇ ਸਿਰਨਾਂਵੇ, ਯੂਨੀ ਸਟਾਰ ਬੁੱਕਸ ਵਾਲੇ ਹਰੀਸ਼ ਜੈਨ ਹੋਰਾਂ ਹੀਝ ਨਾਲ ਛਾਪੀ ਹੈ। ਅੰਤ ਵਿਚ ਪੁਸਤਕ ਸੂਚੀ ਦੇ ਦਿਤੀ ਜਾਂਦੀ ਤਾਂ ਇਤਿਹਾਸ ਖੋਜੀਆਂ ਲਈ ਲਾਹੇਵੰਦ ♦ਹਿੰਦੀ।

— ਸੁਵਰਨ ਸਿੰਘ ਵਿਰਕ
ਕਰੀਵਾਲਾ (ਸਿਰਸਾ)
ਮੋ. ਨੰ.-99963-71716

## ਪਾਠਕਾਂ ਦੇ ਧਿਆਨ ਹਿੱਤ

ਵਰਿਆਮ ਦੇ ਸੁਹਿਰਦ ਪਾਠਕਾਂ ਪ੍ਰਤੀ ਬੇਨਤੀ ਹੈ ਕਿ ਜਿਹੜੇ ਸੱਜਣਾਂ ਦੇ ਚੰਦੇ ਬਕਾਇਆ ਹੈ। ਚੰਦਾ ਭੇਜਣ ਦੀ ਕ੍ਰਿਪਾ ਕਰਨ ਤਾਂ ਕਿ ਉਹਨਾਂ ਨੂੰ ਵਰਿਆਮ ਨਿਰਵਿਘਨ ਜਾਰੀ ਰਹੇ। ਆਪ ਤੋਂ ਭਰਪੂਰ ਸਹਿਯੋਗ ਦੀ ਉਮੀਦ ਹੈ।

-ਮੈਨੇਜਰ ਵਰਿਆਮ

## ਸਾਊਥਾਲ 'ਚ ਸਤਿਗੁਰੂ ਊਦੇ ਸਿੰਘ ਜੀ ਦਾ ਦੋ ਦਿਨਾ ਪ੍ਰਕਾਸ਼ ਪੁਰਬ

ਨਾਮਧਾਰੀ ਸਿੱਖ ਸੰਗਤ ਸਾਊਥਾਲ ਨੇ ਸ੍ਰੀ ਸਤਿਗੁਰੂ ਉਦੇ ਸਿੰਘ ਜੀ ਦਾ ਪ੍ਰਕਾਸ਼ ਪੁਰਬ 22 ਅਤੇ 23 ਜੁਲਾਈ ਨੂੰ ਨਾਮਧਾਰੀ ਸਿੱਖ ਸੈਂਟਰ ਸਾਊਥਾਲ ਵਿਖੇ ਮਨਾਇਆ। 22 ਜੁਲਾਈ ਸ਼ੁਕਰਵਾਰ ਸ਼ਾਮ ਦਾ ਪ੍ਰੋਗਰਾਮ ਨਿਤਨੇਮ ਅਤੇ ਸਤਿਗੁਰੂ ਜੀ ਦੇ ਉਪਦੇਸ਼ ਨਾਲ ਅਰੰਭ ਹੋਇਆ। ਫਿਰ ਬੀਬੀਆਂ ਨੇ ਇਕ ਸ਼ਬਦ ਗਾਇਨ ਕੀਤਾ—

"ਗੁਰੂ ਉਦੇ ਸਿੰਘ ਆਇਆ ਅੱਜ ਵਿਚ ਭੈਣੀ" ਨੌਜਵਾਨ ਗੁਰਮੀਤ ਸਿੰਘ ਤੇ ਕਰਤਾਰ ਸਿੰਘ ਨੇ ਸ਼ਬਦ ਗਾਇਨ ਕੀਤਾ:

ਨਮਿ ਵੰਵੇਹੁ ਕਿਲ ਵਿਖਹੁ ਕਰਤਾ ਘਰ ਆਇਆ"। ਕੁਲਦੀਪ ਸਿੰਘ ਚਾਨਾ ਸੂਬਾ ਜੀ ਨੇ ਸਤਿਗੁਰੂ ਜੀ ਕੋਲੋਂ ਪੰਥ ਦੀ ਚੜ੍ਹਦੀ ਕਲਾ ਲਈ ਬੇਨਤੀ ਕਰਦਿਆਂ ਅਰਦਾਸ ਕੀਤੀ।

23 ਤਰੀਕ ਨੂੰ ਸਮਾਗਮ ਦਾ ਅਰੰਭ ਸਥਾਨਕ ਜਥੇ ਵਲੋਂ ਆਸਾ ਦੀ ਵਾਰ ਦੇ ਕੀਰਤਨ ਨਾਲ ਹੋਇਆ। ਇਹ ਕੀਰਤਨ ਵਾਰੇ ਦੇ ਰੂਪ ਵਿਚ ਕੀਤਾ ਗਿਆ। ਪਿਛਲੇ ਪਹਿਰ ਦੇ ਸਮਾਗਮ ਦਾ ਅਰੰਭ ਨਾਮ ਸਿਮਰਨ ਅਤੇ ਗੁਰ ਉਪਦੇਸ਼ ਨਾਲ ਹੋਇਆ। ਉਸ ਤੋਂ ਬਾਦ ਅਰਜਨ ਸਿੰਘ-ਕ੍ਰਿਸ਼ਨ ਸਿੰਘ ਬਾਲ ਭਰਾਵਾਂ ਨੇ ਇਕ ਕਵਿਤਾ ਪੇਸ਼ ਕੀਤੀ:

"ਸਤਿਗੁਰੂ ਉਦੇ ਸਿੰਘ ਪ੍ਰਭ ਮੇਰਾ...."

ਉਸਤਾਦ ਹਰਭਜਨ ਸਿੰਘ ਨੇ ਉਸਤਾਦ ਗੁਰਦੇਵ ਸਿੰਘ ਅਤੇ ਉਸਤਾਦ ਕਿਰਨਪਾਲ ਸਿੰਘ ਦੀ ਸੰਗਤ ਨਾਲ ਰਸ-ਭਿੰਨਾ ਕੀਰਤਨ ਕੀਤਾ। ਸ਼ਬਦ ਸਨ

— ਮਨਘਨੈ ਭ੍ਰਮੈ ਬਨੇ
— ਸਾਵਣ ਸਰਸ ਮਨਾ ਘਣ ਬਰਸੇ
— ਬਰਸੁ ਮੇਘੁ ਜੀ ਤਿਲੁ ਬਿਲਮੁ ਨ ਲਾਉ

ਉਹਨਾਂ ਨੇ ਸਤਿਗੁਰੂ ਉਦੇ ਸਿੰਘ ਜੀ ਬਾਰੇ ਦੱਸਿਆ ਕਿ ਇਹਨਾਂ ਦਾ ਸੁਭਾਅ ਸਦਾ ਹੀ ਚੰਗਾ ਰਿਹਾ ਹੈ। ਜੀਵਨ ਨਗਰ ਰਹਿੰਦਿਆਂ ਇਹਨਾਂ ਨਾਲ ਵਿਚਰਨ ਦਾ ਸਮਾਂ ਮਿਲਦਾ ਰਿਹਾ ਹੈ। ਬੀਬੀ ਹਰਭਜਨ ਕੌਰ ਚਾਨਾ ਨੇ ਕਿਹਾ ਸਤਿਗੁਰੂ ਤੇਰਾ-ਮੇਰਾ ਨਹੀਂ ਸਭ ਦਾ ਹੈ, ਸਭ ਦੇ ਦਿਲਾਂ ਦੀਆਂ ਜਾਣਦਾ ਹੈ। ਉਹਨਾਂ ਸਤਿਗੁਰੂ ਉਦੇ ਸਿੰਘ ਦੇ ਅਮਰੀਕਾ ਦੇ ਦੌਰੇ ਸਮੇਂ ਇਕ ਘਰੋਂ ਪਪੀਤਾ ਛਕਣ ਦੀ ਗੱਲ ਦੱਸੀ। ਜੋ ਕਿ ਪਰਵਾਰ ਦੀ ਇਛਾ ਸੀ, ਪਰ ਉਹਨਾਂ ਅਰਜ਼ ਨਹੀਂ ਸੀ ਕੀਤੀ।

ਪ੍ਰੋ. ਤਾਰਾ ਸਿੰਘ ਅਨਜਾਣ ਨੇ ਦਸਿਆ ਕਿ ਵਰਤਮਾਨ ਸਤਿਗੁਰੂ ਜੀ ਮਨ ਕਰਕੇ, ਬਚਨ ਕਰਕੇ ਅਤੇ ਕਰਮ ਕਰਕੇ ਸਤਿਗੁਰੂ ਜਗਜੀਤ ਸਿੰਘ ਪ੍ਰਤੀ ਸਮਰਪਿਤ ਰਹੇ ਹਨ। ਉਹਨਾਂ ਨੇ ਬਿਨਾ ਮਨ ਵਿਚ ਕੋਈ ਹੋਰ ਭਾਵਨਾ ਲਿਆਂਦਿਆਂ ਸਦਾ ਸਤਿਗੁਰੂ ਜੀ ਦਾ ਹੁਕਮ ਮੰਨਿਆ। ਸਾਡਾ ਸੁਖ ਵੀ ਉਹਨਾਂ ਦਾ ਹੁਕਮ ਮੰਨਣ 'ਚ ਹੈ। ਬੀਬੀ ਤੇਜਿੰਦਰ ਕੌਰ ਨੇ ਸਤਿਗੁਰੂ ਜੀ ਦੇ ਦਿਲਾਂ ਦੀਆਂ ਜਾਨਣ ਦੀ ਇਕ ਗੱਲ ਸੁਣਾਈ।

ਦੋਵੇਂ ਦਿਨ ਸਤਿਗੁਰੂ ਉਦੇ ਸਿੰਘ ਜੀ ਦੇ ਉਪਦੇਸ਼ ਦੀਆਂ ਘੰਟੇ-ਘੰਟੇ ਦੀਆਂ, ਸੰਤ ਕ੍ਰਿਪਾਲ ਸਿੰਘ ਚਾਨਾ ਦੀਆਂ ਤਿਆਰ ਕੀਤੀਆਂ , ਸੀ. ਡੀ. ਸੁਣ ਕੇ ਸਾਧ ਸੰਗਤ ਨੇ ਲਾਹਾ ਲਿਆ। ਸਤਿਗੁਰੂ ਦੇ ਚਰਨਾਂ 'ਚ ਅਰਦਾਸ ਨਾਲ ਪ੍ਰਕਾਸ਼ ਪੁਰਬ ਪ੍ਰੋਗਰਾਮ ਦੀ ਸਮਾਪਤੀ ਹੋਈ।

—ਸਤਪਾਲ ਸਿੰਘ ਭੁੱਲਰ

## ਡਾ. ਗੁਰਬਚਨ ਸਿੰਘ ਰਾਹੀ ਦੀ ਸੁਪਤਨੀ ਪ੍ਰਿੰਸੀਪਲ ਤ੍ਰਿਪਤ ਕੌਰ ਰਾਹੀ ਦਾ ਦਿਹਾਂਤ

ਪੰਜਾਬੀ ਸਾਹਿਤ ਸਭਾ (ਰਜਿ.) ਪਟਿਆਲਾ ਨਾਲ ਜੁੜੇ ਸੀਨੀਅਰ ਅਤੇ ਉਘੇ ਵਿਦਵਾਨ ਡਾ.ਗੁਰਬਚਨ ਸਿੰਘ ਰਾਹੀ ਦੀ ਸੁਪਤਨੀ ਪ੍ਰਿੰਸੀਪਲ ਤ੍ਰਿਪਤ ਕੌਰ ਰਾਹੀ ਦਾ 19-08-2016 ਨੂੰ ਸਵੇਰੇ 10 ਵਜੇ ਗੁੜਗਾਓਂ ਵਿਖੇ ਦਿਹਾਂਤ ਹੋ ਗਿਆ। ਉਹ 70 ਸਾਲਾਂ ਦੇ ਸਨ। ਪੰਜਾਬੀ ਸਾਹਿਤ ਸਭਾ (ਰਜਿ.) ਪਟਿਆਲਾ ਦੇ ਪ੍ਰਧਾਨ ਡਾ. ਦਰਸ਼ਨ ਸਿੰਘ 'ਆਸ਼ਟ' ਨੇ ਡਾ. ਰਾਹੀ ਹੋਰਾਂ ਦੇ ਹਵਾਲੇ ਨਾਲ ਦੱਸਿਆ ਕਿ ਪ੍ਰਿੰਸੀਪਲ ਰਾਹੀ ਪਿਛਲੇ ਕੁਝ ਅਰਸੇ ਤੋਂ ਬਿਮਾਰ ਸਨ ਅਤੇ ਗੁੜਗਾਉਂ ਵਿਖੇ ਆਪਣੇ ਡਾਕਟਰ ਸਪੁੱਤਰ ਸੁਖਦੀਪ ਸਿੰਘ ਕੋਲ ਰਹਿ ਰਹੇ ਸਨ। ਉਹ ਪੰਜਾਬ ਦੇ ਸਾਬਕਾ ਐਡਵੋਕੇਟ ਜਨਰਲ ਸ. ਹਰਦੇਵ ਸਿੰਘ ਮੱਤੇਵਾਲ ਦੇ ਭੈਣ ਜੀ ਸਨ। ਉਹਨਾਂ ਨੇ ਬਤੌਰ ਅਧਿਆਪਕਾ ਅਤੇ ਪ੍ਰਿੰਸੀਪਲ ਪਟਿਆਲਾ ਦੇ ਵੱਖ ਵੱਖ ਸਰਕਾਰੀ ਸੀਨੀਅਰ ਸੈਕੰਡਰੀ ਸਕੂਲਾਂ ਵਿਚ 35 ਸਾਲ ਸੇਵਾਵਾਂ ਨਿਭਾਈਆਂ ਅਤੇ ਸਰਕਾਰੀ ਸਿਵਲ ਲਾਈਨਜ਼ ਸਕੂਲ ਮਾਡਲ ਟਾਊਨ ਤੋਂ ਸੇਵਾਮੁਕਤ ਹੋਏ ਸਨ। ਉਹਨਾਂ ਨੂੰ ਸਿੱਖਿਆ ਦੇ ਖੇਤਰ ਵਿਚ ਕੀਤੀਆਂ ਪ੍ਰਾਪਤੀਆਂ ਲਈ ਰਾਜ ਅਤੇ ਕੌਮੀ ਪੁਰਸਕਾਰ ਵੀ ਪ੍ਰਾਪਤ ਹੋਏ ਸਨ।

ਇਸ ਦੌਰਾਨ ਪੰਜਾਬੀ ਸਾਹਿਤ ਸਭਾ ਵੱਲੋਂ ਕੀਤੀ ਗਈ ਸ਼ੋਕ ਸਭਾ ਵਿਚ ਸਭਾ ਦੇ ਪ੍ਰਧਾਨ ਡਾ. ਦਰਸ਼ਨ ਸਿੰਘ ਆਸ਼ਟ, ਸਰਪ੍ਰਸਤ ਕੁਲਵੰਤ ਸਿੰਘ, ਪ੍ਰੋ. ਕੁਲਵੰਤ ਸਿੰਘ ਗਰੇਵਾਲ, ਬਾਬੂ ਸਿੰਘ ਰੈਹਲ, ਸੁਖਦੇਵ ਸਿੰਘ ਚਹਿਲ, ਦਵਿੰਦਰ ਪਟਿਆਲਵੀ ਅਤੇ ਨਵਦੀਪ ਸਿੰਘ ਮੁੰਡੀ ਆਦਿ ਨੇ ਪ੍ਰਿੰਸੀਪਲ ਰਾਹੀ ਦੇ ਦਿਹਾਂਤ ਤੇ ਡੂੰਘੇ ਦੁੱਖ ਦਾ ਇਜ਼ਹਾਰ ਕੀਤਾ ਹੈ।

—ਦਵਿੰਦਰ ਪਟਿਆਲਵੀ ਪ੍ਰਚਾਰ ਸਕੱਤਰ

# TOP TRAK

new generation bikes

NEW range for all ages




BVQI ISO 9001:2000 UKAS

**PARTAP ENGINEERS**

**AN ISO 9001 COMPANY**

BHAGWAN CHOWK, LUDHIANA - 141 003 (INDIA)

Tel : 91-161-2533276, 2540209 FAX : 91-161-2533273

E-MAIL : gspartap@glide.net.in

Website : www.partapexports.com

BBL FOODS PVT. LTD.






*India's Larget Second Hand Food Machines Dealer Cum Rebuilder*

**750kgs Potato Chips Line**

**List of the projects, consultation and machines:**

1. Biscuits-Soft Dough, Hard Dough, Crackers
2. Cookies- Wire Cut, Depositer.
3. Bread, Cakes and Bakery Products
4. Wafers - Flat, Round, Enrobed, Moulded
5. Wafers - Round Sticks, Pillows, Flat Sticks.
6. Ice Cream Cones - Moulded or Rolled Sugar Cone.
7. Chocolates- Moulded, Enrobed, Panned, Drops.
8. Potato Chips
9. Extruded- Kurkure, Cheetos.
10. Toast- Bread Toast, Mini Toast.
11. Vermicilli., 12. Water Filling., 13. Paper Cups.
14. Chocolate/Jelly Filling Lines for Small Cups.
15. Namkeens.

***We arrange complete machines, manpower and training receipes with formulation***






# BBL FOODS (P) LTD.

***SANTOSH NAGAR X ROADS, HYDERABAD- 5000059, INDIA***
***Tel : +91 40 24530680, Mobile : 91 98480-50607/ +91 98483 99702***
***e-mail:lakbir.mutchall@gmail.com***
***www.bblfoods.com www.mutchall.com***


NamdhariElibrary NamdhariElibrary@gmail.com



ਠੇਕੇਦਾਰ ਹਰਭਜਨ ਸਿੰਘ ਸਤਿਗੁਰੂ ਜਗਜੀਤ ਸਿੰਘ ਜੀ ਨੂੰ ਆਪਣੇ ਇੱਕ ਪ੍ਰਾਜੈਕਟ ਬਾਰੇ ਜਾਣਕਾਰੀ ਦਿੰਦੇ ਹੋਏ


# M/S HARBHAJAN SARABJEET & ASSOCIATES

## Engineers & Contractor

A-16,17 N-4, CIDCO Aurangabad,431003
Phone-0240-2482016
email- hsa_associates@yahoo.com

# M/S PAL ESTATE DEVELOPERS

## Builders & Developers

**Plot No. 6 N-2, CIDCO Aurangabad, 431003**
**Phone-0240-2480617**



Namdhari Elibrary NamdhariElibrary@gmail.com

## ਪੰਜਾਬੀ ਅਦਬ ਦਾ ਇਕ ਯੁੱਗ, ਚਾਨਣ ਮੁਨਾਰਾ

# ਗੁਰਦਿਆਲ ਸਿੰਘ



10-1-1933 ਤੋਂ 16-8-2016



ਗੁਰਦਿਆਲ ਸਿੰਘ ਵੱਲੋਂ
ਲਿਖੀਆਂ ਗਈਆਂ ਕਿਤਾਬਾਂ।

### ਨਾਵਲ

| | |
|---|---|
| ਮੜ੍ਹੀ ਦਾ ਦੀਵਾ | 1964 |
| ਅੰਨ੍ਹੇ ਘੋੜੇ ਦਾ ਦਾਨ | 1976 |
| ਅਣਹੋਏ | 1966 |
| ਰੇਤ ਦਾ ਇਕ ਮੁੱਠੀ | 1967 |
| ਕੁਵੇਲਾ | 1968 |
| ਅੱਧ ਚਾਨਣੀ ਰਾਤ | 1972 |

### ਕਹਾਣੀਆਂ

| | |
|---|---|
| ਸੱਗੀ ਫੁੱਲ | 1962 |
| ਚੰਨ ਦਾ ਬੂਟਾ | 1964 |
| ਰੁੱਖੇ ਮਿੱਸੇ ਬੰਦੇ | 1984 |
| ਬੇਗਾਨਾ ਪਿੰਡ | 1985 |
| ਕਰੀਰ ਦੀ ਢੀਂਗਰੀ | 1991 |

### ਨਾਟਕ

| | |
|---|---|
| ਫਰੀਦਾ ਰਾਤਾ ਵੱਡੀਆਂ | 1982 |
| ਵਿਦਾਅਗੀ ਦੇ ਪਿੱਛੋਂ | 1982 |
| ਨਿੱਕੀ ਮੋਟੀ ਗੱਲ | 1982 |

### ਪੁਰਸਕਾਰ

ਗਿਆਨਪੀਠ ਐਵਾਰਡ (1966), ਪਦਮ ਸ੍ਰੀ, ਸ਼੍ਰੋਮਣੀ ਸਾਹਿਤਕਾਰ ਐਵਾਰਡ, ਪੰਜਾਬੀ ਸਾਹਿਤ ਅਕੈਡਮੀ ਐਵਾਰਡ (1979), ਸੋਵੀਅਤ ਲੈਂਡ ਨਹਿਰੂ ਐਵਾਰਡ (1986), ਭਾਈ ਵੀਰ ਸਿੰਘ ਗਲਪ ਐਵਾਰਡ ਤੇ ਹੋਰ ਸਨਮਾਨਾਂ ਨਾਲ ਨਿਵਾਜਿਆ ਗਿਆ। ਉਨ੍ਹਾਂ ਨੂੰ ਸਰਬੋਤਮ ਗਲਪ ਪੁਰਸਕਾਰ ਸਾਲ 1966, 1967, 1968 ਤੇ 1972 ਵਿਚ ਮਿਲੇ।




ਪੰਜਾਬੀ ਸਾਹਿਤ ਅਕਾਦਮੀ ਚੰਡੀਗੜ੍ਹ ਅਤੇ ਗੁਰੂ ਨਾਨਕ ਦੇਵ ਯੂਨੀਵਰਸਿਟੀ ਕਾਲਜ ਜਲੰਧਰ ਵੱਲੋਂ, ਸਾਂਝੇ ਤੌਰ 'ਤੇ ਅਲੋਚਨਾ ਦੀ ਪ੍ਰਸੰਗਤਾ ਦੇ ਵਿਸ਼ੇ ਤੇ ਕਰਵਾਏ ਗਏ ਸੈਮੀਨਾਰ ਵਿਚ ਰਾਜਿੰਦਰ ਪਰਦੇਸੀ ਵੱਲੋਂ ਸੰਪਾਦਿਤ, ਵਿਸ਼ਵ ਵਿਆਪੀ ਸ਼ਾਇਰਾਂ ਦੀਆਂ ਗ਼ਜ਼ਲਾਂ ਦੀ ਪੁਸਤਕ 'ਸੰਦਲ ਦੀ ਖੁਸ਼ਬੋ' ਰਿਲੀਜ਼ ਕਰਦੇ ਹੋਏ ਪਦਮ ਸ਼੍ਰੀ ਡਾ. ਸੁਰਜੀਤ ਪਾਤਰ, ਸ. ਪਿਆਰਾ ਸਿੰਘ ਭੋਗਲ, ਗੁਰੂ ਨਾਨਕ ਦੇਵ ਯੂਨੀਵਰਸਿਟੀ ਦੇ ਉਪ ਕੁਲਪਤੀ ਡਾ. ਅਜਾਇਬ ਸਿੰਘ ਬਰਾੜ, ਰਾਜਿੰਦਰ ਪਰਦੇਸੀ, ਡਾ. ਸੁਰਜੀਤ ਅਤੇ ਗੁਰੂ ਨਾਨਕ ਦੇਵ ਯੂਨੀਵਰਸਿਟੀ ਕਾਲਜ ਜਲੰਧਰ ਦੇ ਪ੍ਰਿੰਸੀਪਲ ਡਾ. ਜਸਪਾਲ ਸਿੰਘ ਰੰਧਾਵਾ।

Namdhari Elibrary NamdhariElibrary@gmail.com

P.O. Regd. No. PB/JL-016/2015-2017 **WARIAM** Ladowali Road, Jalandhar -144001
Regd. RNI No. 26453/75
September :2016


# Reliable Performance




**Consistence Performers, Suited to all market needs with high yield, quality & disease resistant.**

**NAMDHARI SEEDS PVT. LTD.**

Bidadi 562 109 Bangalore • Tel.: 98454 71271/ 72, 98453 81817/ 98453 10057
Liaison Office : Tel. : 080 28602167/ 69 • Fax : 080 28602168
e-mail : namdhariseeds@namdhariseeds.com • URL : www.namdhariseeds.com

*Seeds for a better future...*


ਐਡੀਟਰ [illegible] ਜਗਦੀਸ਼ ਸਿੰਘ ਨੇ [illegible] ਕੀਤਾ।
ਫੋਨ : 0181-2222543, ਨਿਵਾਸ : 0181-2456289, ਮੋਬਾਇਲ- 98143-18720

Namdhari Elibrary NamdhariElibrary@gmail.com